ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

12-18 ਅਪ੍ਰੈਲ 2023

ਸਾਲ 14ਵਾਂ - ਅੰਕ 16

email : info@sadelok.com

Ph. : 510-706-1300

Fax : 925-373-1300

## ਅਮਰੀਕਾ 'ਚ ਦਲਿਤਾਂ ਨਾਲ ਵਿਤਕਰਾ

• ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਵਲੋਂ ਜਾਤ-ਪਾਤ ਦੇ ਵਿਤਕਰੇ ਸਬੰਧੀ ਬਿਲ ਪੇਸ਼



(ਦੇਖੋ ਸਫ਼ਾ 4 'ਤੇ)

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥



ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ 'ਸਾਡੇ ਲੋਕ' ਅਤੇ 'ਖਾਲਸਾ ਅਫੇਅਰ ਚੈਨਲ' ਦੇ ਸਮੂਹ ਪਾਠਕਾਂ ਅਤੇ ਸਨੇਹੀਆਂ ਨੂੰ ਲੱਖ-ਲੱਖ ਵਧਾਈ।

(ਵਿਸ਼ੇਸ਼ ਅੰਕ ਅੰਦਰ ਪੜ੍ਹੋ।)

## ਵਿਸਾਖੀ 'ਤੇ ਅਮਰੀਕਨ ਸਿੱਖਾਂ ਵਲੋਂ ਪੰਜਾਬ ਦਾ ਕਰਜ਼ਾ ਮੁਆਫ਼ ਕਰਨ ਅਤੇ ਉਦਯੋਗਿਕ ਪੈਕੇਜ ਦੇਣ ਦੀ ਮੰਗ

### ਭਾਰਤੀ ਖਜ਼ਾਨਾ ਮੰਤਰੀ ਨਾਲ ਸਿੱਖਾਂ ਦੀ ਅਹਿਮ ਬੈਠਕ



(ਦੇਖੋ ਸਫ਼ਾ 13 'ਤੇ)

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ

ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਪ੍ਰੇਰਨਾਦਾਇਕ ਹੈ : ਮੋਦੀ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਰਮ, ਮਨੁੱਖੀ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੀ ਰਾਖੀ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਵਾਲੇ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਉਹਨਾਂ ਨੂੰ ਨਮਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੇਮਿਸਾਲ ਸਾਹਸ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਨਿਆਂ ਪ੍ਰਤੀ ਉਹਨਾਂ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ।

ਉਹਨਾਂ ਨੇ ਟਵੀਟ ਕੀਤਾ, "ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਹਨਾਂ ਅੱਗੇ ਸੀਸ ਝੁਕਾਉਂਦਾ ਹਾਂ। ਗੁਰੂ ਸਾਹਿਬ ਜੀ ਦੀ ਬੇਮਿਸਾਲ ਹਿੰਮਤ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਆਪ ਜੀ ਦੀ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਰਾਜਧਾਨੀ ਦਿੱਲੀ ਦੇ

(ਦੇਖੋ ਸਫ਼ਾ 42 'ਤੇ)

## ਵਿਸਾਖੀ ਦੇ ਤਿਉਹਾਰ ਨੂੰ ਸਮਰਪਿਤ ਵਾਸ਼ਿੰਗਟਨ ਡੀ.ਸੀ. ਸ਼ਾਨਦਾਰ ਸਮਾਗਮ



3

## ਪਪਲਪ੍ਰੀਤ 'ਤੇ ਐਨਐਸਏ ਲਾਉਣ ਦਾ ਪਰਿਵਾਰ ਵੱਲੋਂ ਵਿਰੋਧ



23

## ਕੈਲੀਫੋਰਨੀਆ ਸਟੇਟ ਵਲੋਂ 1984 ਦੀ ਸਿੱਖ ਨਸਲਕੁਸ਼ੀ ਨੂੰ ਮਾਨਤਾ



(ਦੇਖੋ ਸਫ਼ਾ 24-25 'ਤੇ)

**Padam Builders**

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

**Jaspreet Singh**

Attorney at law

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience

Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44600 S. Grimmer Blvd.# 200 Fremont, CA 94538 Tel : 510-657-6444

2901 W. Capitol Ave W. Sacramento CA 95691

4491 West Shaw Ave.#131 Fresno, CA 93711 Tel : 559-271-6611

37-1873 Street Suite #401, Jackson Heights NY 11372 Tel : 718-833-844

**Khalsa Affairs**

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

info@khalsaaffairs.com

(925) 243-1300

**Bhatia & Co, Inc**

Certified Public Accountants

AICPA

Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

**Bhatia Law Associates**

Attorney at Law

Immigration and Business Services

IMMIGRATION

Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigration Services
- Citizenship
- e-Verify, I-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਸ. ਹਰਮਿੰਦਰ ਸਿੰਘ ਸਮਾਣਾ

ਆਫਿਸ ਮੈਨੇਜਰ 209-481-7750

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

**Law office of Anthony Nwosu**

239 West Yosemite Ave Manteca CA 95336 ਸਾਡਾ ਆਫਿਸ Oakland ਅਤੇ Sacramento ਵਿਚ ਵੀ ਹੈ

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

PH: 209-624-3919

Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਵਿਸਾਖੀ ਦੇ ਤਿਉਹਾਰ ਨੂੰ ਸਮਰਪਿਤ ਵਾਸ਼ਿੰਗਟਨ ਡੀ.ਸੀ. ਸ਼ਾਨਦਾਰ ਸਮਾਗਮ

## ਸ੍ਰ. ਤਰਨਜੀਤ ਸਿੰਘ ਸੰਧੂ ਅੰਬੈਸਡਰ ਆਫ ਇੰਡੀਅਨ ਹਾਈ ਕਮਿਸ਼ਨ ਨੂੰ ਅੰਤਰਰਾਸ਼ਟਰੀ ਪ੍ਰਸ਼ਾਸ਼ਨਿਕ ਸੇਵਾਵਾਂ ਪ੍ਰਦਾਨ ਕਰਨ ਕਾਰਨ 'ਸਿੱਖ ਹੀਰੋਜ਼ ਐਵਾਰਡ' ਭੇਟ ਕੀਤੇ ਗਏ





ਵਾਸ਼ਿੰਗਟਨ ਡੀ.ਸੀ. (ਰਾਜ ਗੋਗਨਾ)-ਸਮੁੱਚੀ ਦੁਨੀਆਂ ਵਿਚ ਸਿੱਖੀ ਦਾ ਝੰਡਾ ਬੁਲੰਦ ਕਰਨ ਵਾਲੀ ਸਮਾਜ ਸੇਵੀ ਅਤੇ ਚੈਰਿਟੀ ਸੰਸਥਾ ਸਿੱਖਸ ਆਫ ਅਮੈਰਿਕਾ ਵਲੋਂ ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਇਕ ਸ਼ਾਨਦਾਰ ਸਮਾਗਮ ਵਾਸ਼ਿੰਗਟਨ ਡੀ.ਸੀ. ਵਿਖੇ ਕਰਵਾਇਆ ਗਿਆ। ਦੱਸਣਯੋਗ ਹੈ ਕਿ ਸਿੱਖਸ ਆਫ਼ ਅਮੈਰਿਕਾ ਲੋੜਵੰਦ ਬੱਚਿਆਂ ਨੂੰ ਇੰਡੀਆ 'ਚ ਸਕੂਲ ਬੈਗ, ਬੂਟ ਆਦਿ ਦੇਣ ਤੋਂ ਇਲਾਵਾ ਖ਼ੂਨ ਦਾਨ ਕੈਂਪ ਵਰਗੇ ਚੈਰੀਟੇਬਲ ਕਾਰਜ ਵੀ ਕਰਦੀ ਹੈ। ਇਸ ਸਮਾਗਮ ਵਿਚ ਹੋਬੋਕਨ ਸਿਟੀ (ਨਿਊਜਰਸੀ) ਦੇ ਮੇਅਰ ਰਵੀ ਭੱਲਾ ਨੂੰ ਸਿਆਸਤ ਵਿਚ ਪ੍ਰਾਪਤੀਆਂ ਕਾਰਨ, ਦਰਸ਼ਨ ਸਿੰਘ ਧਾਲੀਵਾਲ ਨੂੰ ਸਮਾਜ ਸੇਵੀ ਕਾਰਜਾਂ ਕਾਰਨ, ਪਿਸਤਾ ਕਿੰਗ ਮਨਰਾਜ ਸਿੰਘ ਕਾਹਲੋਂ ਨੂੰ ਪਿਸਤਾ ਉਤਪਾਦਨ ਦੇ ਖੇਤਰ ਵਿਚ ਨਾਮਣਾ ਖੱਟਣ ਅਤੇ ਵਿੱਦਿਅਕ ਸੰਸਥਾ ਨੂੰ ਮਿਸਾਲੀ ਦਾਨ ਦੇਣ ਕਾਰਨ ਅਤੇ ਸ੍ਰ. ਤਰਨਜੀਤ ਸਿੰਘ ਸੰਧੂ ਅੰਬੈਸਡਰ ਆਫ ਇੰਡੀਅਨ ਹਾਈ ਕਮਿਸ਼ਨ ਨੂੰ ਅੰਤਰਰਾਸ਼ਟਰੀ ਪ੍ਰਸ਼ਾਸ਼ਨਿਕ ਸੇਵਾਵਾਂ ਪ੍ਰਦਾਨ ਕਰਨ ਕਾਰਨ 'ਸਿੱਖ ਹੀਰੋਜ਼ ਐਵਾਰਡ' ਭੇਟ ਕੀਤੇ ਗਏ। ਐਵਾਰਡ ਹਾਸਲ ਕਰਨ ਵਾਲੇ ਸਿੱਖ ਹੀਰੋਜ਼ ਨੂੰ ਸਿੱਖਸ ਆਫ ਅਮੈਰਿਕਾ ਦੇ ਅਹੁਦੇਦਾਰਾਂ ਜਸਦੀਪ ਸਿੰਘ ਜੱਸੀ ਚੇਅਰਮੈਨ, ਕੰਵਲਜੀਤ ਸਿੰਘ ਸੋਨੀ ਪ੍ਰਧਾਨ, ਵਾਈਸ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ, ਗੁਰਵਿੰਦਰ ਸਿੰਘ ਸੇਠੀ, ਮਨਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਦਰਸ਼ਨ ਸਿੰਘ ਸਲੂਜਾ, ਮੀਤਾ ਸਲੂਜਾ, ਜਸਵਿੰਦਰ ਸਿੰਘ ਜਾਨੀ, ਚਤਰ ਸਿੰਘ ਸੈਣੀ, ਰਾਜ ਸੈਣੀ, ਪ੍ਰਿਤਪਾਲ ਸਿੰਘ ਲੱਕੀ, ਭੋਗਲ ਸਿੰਘ, ਸੁਖਪਾਲ ਧਨੋਆ, ਦਿਲਵੀਰ ਸਿੰਘ ਨੇ 'ਸਿੱਖ ਹੀਰੋਜ਼ ਐਵਾਰਡ' ਮੋਮੈਂਟੋ ਅਤੇ ਸ਼ਾਨਦਾਰ ਲੋਈਆਂ ਦੇ ਕੇ ਭੇਟ ਕੀਤੇ।

ਇੱਥੇ ਜ਼ਿਕਰਯੋਗ ਹੈ ਕਿ ਭਾਰਤੀ ਰਾਜਦੂਤ ਸ੍ਰ. ਤਰਨਜੀਤ ਸਿੰਘ ਸੰਧੂ ਅਤੇ ਹੋਰ ਸਾਰੇ ਐਵਾਰਡੀਆਂ ਦਾ ਸਵਾਗਤ ਢੋਲ ਵਜਾ ਕੇ ਕੀਤਾ ਗਿਆ ਅਤੇ ਬਹੁਤ ਹੀ ਸ਼ਾਨਦਾਰ ਢੰਗ ਨਾਲ ਉਨਾਂ ਦੀ ਐਂਟਰੀ ਹਾਲ ਵਿਚ ਕਰਵਾਈ ਗਈ।

ਇਸ ਮੌਕੇ ਅਮੈਰਿਕਨ ਪੁਲਿਸ ਦੇ ਸਿੱਖ ਸ਼ਹੀਦ ਹਿਊਸਟਨ ਦੇ ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਉਨਾਂ ਦਾ ਸਨਮਾਨ ਉਨਾਂ ਦੇ ਪਰਿਵਾਰ ਨੇ ਪ੍ਰਾਪਤ ਕੀਤਾ। ਸਮਾਗਮ ਦੌਰਾਨ ਮੈਰੀਲੈਂਡ ਦੇ ਗਵਰਨਰ ਵੈੱਸਮੋਰ, ਕੰਪਟਰੋਲਰ ਬਰੁੱਕ ਲੀਅਰ ਮੈਨ, ਕਾਂਗਰਸਮੈਨ ਗਲੈੱਨ ਆਈਵੀ., ਸੈਨੇਟਰ ਕਿ?ਰਸ ਵੈਨ ਹੌਲੁਨ ਅਤੇ ਨਿਊਜਰਸੀ ਦੀ ਹੋਬੋਕਨ ਸਿਟੀ ਦੇ ਮੇਅਰ ਰਵੀ ਭੱਲਾ ਨੇ ਸਮਾਗਮ ਅਤੇ ਵਿਸਾਖੀ ਦੇ ਦਿਹਾੜੇ ਸਬੰਧੀ ਆਪਣੇ ਸੰਦੇਸ਼ ਦਿੱਤੇ।

ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸਿੱਖਸ ਆਫ਼ ਅਮੈਰਿਕਾ ਵਲੋਂ ਸਭ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸੰਸਥਾ ਦੇ ਸਿਧਾਂਤ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ ਮੈਰੀਲੈਂਡ ਦੀ ਕੰਪਟਰੋਲਰ ਬਰੁੱਕ ਲੀਅਰਮੈਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਿੱਖਾਂ ਨੇ ਅਮਰੀਕਾ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ ਅਤੇ ਅਸੀਂ ਹਮੇਸ਼ਾ ਸਿੱਖ ਕੌਮ ਦੇ ਧੰਨਵਾਦੀ ਰਹਾਂਗੇ। ਉਹਨਾਂ ਤੋਂ ਬਾਅਦ ਸਿੱਖਸ ਆਫ਼ ਅਮੈਰਿਕਾ ਦੇ ਪ੍ਰਧਾਨ ਸ੍ਰ. ਕਮਲਜੀਤ ਸਿੰਘ ਸੋਨੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸੀਂ ਅੱਜ ਸਿੱਖ ਹੀਰੋਜ਼ ਨੂੰ ਸਨਮਾਨਿਤ ਕਰ ਕੇ ਮਾਣ ਮਹਿਸੂਸ ਕਰ ਰਹੇ ਹਾਂ ਅਤੇ ਆਸ ਹੈ ਕਿ ਅਮਰੀਕਾ 'ਚ ਵਸਦੀ ਸਿੱਖਾਂ ਦੀ ਨਵੀਂ ਪੀੜ੍ਹੀ ਇਹਨਾਂ ਹੀਰੋਜ਼ ਤੋਂ ਸੇਧ ਜ਼ਰੂਰ ਲਵੇਗੀ। ਸਿੱਖਸ ਆਫ਼ ਅਮੈਰਿਕਾ ਦੇ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸਾਡੀ ਸੋਚ ਜਿੱਥੇ ਸਮਾਜ ਸੇਵੀ ਅਤੇ ਚੈਰਿਟੀ ਕਾਰਜਾਂ ਦੀ ਹੈ ਉੱਥੇ ਸਿੱਖਾਂ ਵਲੋਂ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਪ੍ਰਚਾਰਨ ਦੀ ਵੀ ਹੈ। ਸੋ ਇਸ ਸਮਾਗਮ ਰਾਹੀਂ ਅਸੀਂ ਆਪਣੀ ਇਹ ਜ਼ਿੰਮੇਵਾਰੀ ਆਪ ਸਭ ਦੇ ਸਹਿਯੋਗ ਨਾਲ ਨਿਭਾਉਣ ਦੇ ਸਮਰੱਥ ਹੋਏ ਹਾਂ। ਸਿੱਖਸ ਆਫ਼ ਅਮੈਰਿਕਾ ਦੇ ਡਾਇਰੈਕਟਰ ਸੁਖਪਾਲ ਸਿੰਘ ਧਨੋਆ ਨੇ ਆਪਣੇ ਸਬੰਧੋਨੀ ਭਾਸ਼ਣ ਵਿਚ ਭਾਰਤੀ ਰਾਜਦੂਤ ਸ੍ਰ. ਤਰਨਜੀਤ ਸਿੰਘ ਸੰਧੂ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਸੰਖੇਪ ਚਾਨਣਾ ਪਾਇਆ ਅਤੇ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਉਨਾਂ ਦਾ ਧੰਨਵਾਦ ਕੀਤਾ।

ਕਾਂਗਰਸਮੈਨ ਗਲੈੱਨ ਆਈ.ਵੀ. ਨੇ ਆਪਣੇ ਸੰਬੋਧਨੀ ਭਾਸ਼ਣ ਵਿਚ ਕਿਹਾ ਕਿ ਉਹ ਸਿੱਖਜ਼ ਹੀਰੋਜ਼ ਨੂੰ ਸਲਾਮ ਕਰਦੇ ਹਨ ਅਤੇ ਆਸ ਕਰਦੇ ਹਨ ਉਹ ਅੱਗੇ ਵੀ ਅਮਰੀਕਾ ਦੀ ਤਰੱਕੀ ਵਿਚ ਯੋਗਦਾਨ ਪਾਉਂਦੇ ਰਹਿਣਗੇ। ਇਸ ਉਪਰੰਤ ਪਿਸਤਾ ਕਿੰਗ ਮਨਰਾਜ ਕਾਹਲੋਂ ਨੂੰ ਸਟੇਜ 'ਤੇ ਜਸਦੀਪ ਸਿੰਘ ਜੱਸੀ ਵਲੋਂ ਸੱਦਾ ਦਿੱਤਾ ਗਿਆ ਜਿਨਾਂ ਸਿੱਖਸ ਆਫ ਅਮੈਰਿਕਾਂ ਵਲੋਂ ਕੀਤੇ ਜਾ ਰਹੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹੋ ਜਿਹੇ ਸਨਮਾਨਾਂ ਨਾਲ ਹੋਰ ਵੀ ਤਰੱਕੀ ਕਰਨ ਦੀ ਚਾਹਤ ਪੈਦਾ ਹੁੰਦੀ ਹੈ। ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਜਦੋਂ ਆਪਣੇ ਭਾਈਚਾਰੇ ਤੋਂ ਸਨਮਾਨ ਮਿਲਦਾ ਹੈ ਤਾਂ ਉਸਦੀ ਖ਼ੁਸ਼ੀ ਅਲੱਗ ਹੀ ਹੁੰਦੀ ਹੈ। ਮੈਂ ਇਸ ਸਨਮਾਨ ਲਈ ਸਿੱਖਸ ਆਫ਼ ਅਮੈਰਿਕਾ ਦਾ ਧੰਨਵਾਦ ਕਰਦਾ ਹਾਂ। ਅੰਤ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਹਾਈ ਕਮਿਸ਼ਨ ਇਨ ਯੂ.ਐੱਸ ਨੇ ਕਿਹਾ ਕਿ ਅਮਰੀਕੀ ਸਿੱਖਾਂ ਵਲੋਂ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਕਾਰਨ ਜਿੱਥੇ ਅਮਰੀਕਾ ਦਾ ਨਾਮ ਰੌਸ਼ਨ ਹੁੰਦਾ ਹੈ ਉੱਥੇ ਭਾਰਤ ਨੂੰ ਵੀ ਉਨਾਂ 'ਤੇ ਮਾਣ ਹੁੰਦਾ ਹੈ। ਇਸ ਮੌਕੇ ਉਨਾਂ ਭਾਰਤ ਦੇਸ਼ ਦੀ ਤਰੱਕੀ ਬਾਰੇ ਵਿਸਥਾਰਪੂਰਵਕ ਦੱਸਿਆ ਅਤੇ ਸਮੂਹ ਭਾਈਚਾਰੇ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਹੋਇਆਂ ਕਿਹਾ ਕਿ ਇਸ ਮੁਬਾਰਕ ਦਿਨ 'ਤੇ ਅੱਜ ਮੈਨੂੰ 'ਸਿੱਖ ਹੀਰੋਜ਼ ਐਵਾਰਡ' ਹਾਸਲ ਕਰ ਕੇ ਮਾਣ ਮਹਿਸੂਸ ਹੋਇਆ ਹੈ ਅਤੇ ਮੈਂ ਇਸ ਮਾਣ ਸਨਮਾਨ ਲਈ ਸਿੱਖਸ ਆਫ ਅਮੈਰਿਕਾ ਦਾ ਧੰਨਵਾਦ ਕਰਦਾ ਹਾਂ। ਉਨਾਂ ਕਿਹਾ ਕਿ ਸਿੱਖ ਧਰਮ ਦੇ ਮੂਲ ਸਿਧਾਂਤਾਂ ਵਿਚ ਸਰਬੱਤ ਦਾ ਭਲਾ, ਏਕਤਾ, ਬਰਾਬਰਤਾ, ਇਮਾਨਦਾਰ ਜੀਵਨ, ਸੇਵਾ, ਸਿਮਰਨ, ਭਗਤੀ, ਮਾਨਸਿਕ ਸ਼ਾਂਤੀ, ਸਾਂਝੀ ਵਾਲਤਾ ਸ਼ਾਮਿਲ ਹਨ ਜਿਨਾਂ 'ਤੇ ਚੱਲਣਾ ਹਰ ਸਿੱਖ ਦਾ ਫਰਜ਼ ਹੈ।

ਇਸ ਸਮਾਗਮ ਵਿਚ ਵਾਸ਼ਿੰਗਟਨ ਡੀ.ਸੀ., ਮੈਰੀਲੈਂਡ ਅਤੇ ਬਾਲਟੀਮੋਟਰ ਦੇ ਗੁਰੂਘਰਾਂ ਦੇ ਨੁਮਾਇੰਦੇ ਅਤੇ ਸੰਗਤਾਂ ਵੱਡੀ ਗਿਣਤੀ 'ਚ ਸ਼ਾਮਿਲ ਹੋਈਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਨੀ, ਚੇਅਰਮੈਨ ਚਰਨਜੀਤ ਸਿੰਘ ਸਰਪੰਚ ਅਤੇ ਜੀ.ਐੱਨ.ਐੱਫ.ਏ ਦੇ ਨੁਮਾਇੰਦੇ ਵੀ ਸ਼ਾਮਿਲ ਸਨ। ਭਾਈਚਾਰੇ ਦੇ ਆਗੂਆਂ ਵਲੋਂ ਸਤਪਾਲ ਸਿੰਘ ਬਰਾੜ, ਅਡੱਪਾ ਪ੍ਰਸਾਦ, ਸੁਰਪਾਲ ਬਿਰਗੀ ਅਤੇ ਐੱਨ.ਸੀ.ਏ.ਆਈ.ਏ ਪ੍ਰਧਾਨ ਕੀਰਤੀ ਸਵਾਮੀ ਤੇ ਬੋਰਡ ਚੇਅਰਮੈਨ ਪਵਨ ਬਜਵਾੜਾ ਆਪਣੇ ਸਾਥੀਆਂ ਸਮੇਤ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਪ੍ਰਤਾਪ ਸਿੰਘ ਗਿੱਲ, ਕੁਲਦੀਪ ਸਿੰਘ ਮੱਲਾ, ਲਖਵੀਰ ਸਿੰਘ, ਜਸਵੰਤ ਧਾਲੀਵਾਲ, ਸੁਖਵਿੰਦਰ ਸਿੰਘ ਘੋਗਾ, ਜਰਨੈਲ ਸਿੰਘ ਟੀਟੂ, ਰਤਨ ਸਿੰਘ, ਰਜਿੰਦਰ ਗੋਗੀ, ਸ਼ਿਵਰਾਜ ਗੁਰਾਇਆ, ਕਰਮਜੀਤ ਸਿੰਘ, ਤੇਜਵੀਰ ਫੂਲ, ਧਰਮਪਾਲ ਸਿੰਘ, ਜੋਗਿੰਦਰ ਸਮਰਾ, ਦਵਿੰਦਰ ਸਿੰਘ ਬਦੇਸ਼ਾ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ ਰੌਇਲ ਤਾਜ, ਡਾ. ਕਿਰਪਾਲ ਕੌਰ, ਡਾ. ਜੋਗਿੰਦਰ ਸਿੰਘ, ਡਾ. ਸਤਪਾਲ ਡਾਂਗ ਤੇ ਡਾ. ਕੋਮਲ ਡਾਂਗ, ਡਾ. ਹਰਜੀਤ ਸਿੰਘ, ਡਾ. ਕੁਲਵੰਤ ਸਿੰਘ ਮੋਦੀ, ਚੈਂਚਲ ਸਿੰਘ, ਸਰਮੁੱਖ ਸਿੰਘ ਮਾਣਕੂ ਵੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਇਸ ਮੌਕੇ ਆਏ ਹੋਏ ਮਹਿਮਾਨਾਂ ਦੇ ਮਨੋਰੰਜਨ ਲਈ ਇੰਡੀਅਨ ਆਈਡਲ ਦੇ ਜੇਤੂ ਖ਼ੁਦਾ ਬਖ਼ਸ਼ ਨੇ ਗੀਤ ਸੰਗੀਤ ਪ੍ਰੋਗਰਾਮ ਨਾਲ ਖ਼ੂਬ ਰੌਣਕਾਂ ਲਗਾਈਆਂ। ਇਸ ਮੌਕੇ ਪੰਜਾਬੀ ਗਾਇਕਾ ਮਨਿੰਦਰ ਦਿਓਲ ਨੇ ਵੀ ਪੰਜਾਬੀ ਰੰਗ ਬੰਨ੍ਹਿਆ।





# ਅਮਰੀਕਾ ’ਚ ਵੀ ਦਲਿਤਾਂ ਨਾਲ ਵਿਤਕਰਾ

## • ਉੱਚ ਜਾਤੀਆਂ ਵਲੋਂ ਆਪਣੀਆਂ ਜਾਤਾਂ ਨੂੰ ਤਰੱਕੀਆਂ ਅਤੇ ਦਲਿਤਾਂ ਨੂੰ ਖੂੰਜੇ ਲਾਉਣ ਦੇ ਕੇਸ ਸਾਹਮਣੇ ਆਏ

## • ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਵਲੋਂ ਜਾਤ-ਪਾਤ ਦੇ ਵਿਤਕਰੇ ਸਬੰਧੀ ਬਿਲ ਪੇਸ਼

## •ਇਸ ਸਦੀਆ ਦੇ ਭਾਰਤੀ ਜਾਤਪਾਤ ਦੇ ਕੋਹੜ ਨੂੰ ਵਿਦੇਸ਼ਾਂ ’ਚ ਰੋਕਣਾ ਪਵੇਗਾ : ਸ ਕੇਵਲ ਸਿੰਘ












ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਨੇ ਜਾਤ-ਪਾਤ ਦੇ ਵਿਤਕਰੇ ਸਬੰਧੀ ਬਿੱਲ ਪੇਸ਼ ਕੀਤਾ ਹੈ ਜਿਸ ਦੇ ਪਾਸ ਹੋਣ ਦੀ ਉਮੀਦ ਹੈ। ਅਮਰੀਕਾ ਦੀਆਂ ਕੰਪਨੀਆਂ ਵਿਚ ਜਾਤ-ਪਾਤ ਦਾ ਕੋਹੜ ਵੀ ਭਾਰਤ ਵਿਚੋਂ ਅਮਰੀਕਾ ਵਿਚ ਆ ਚੁੱਕਿਆ ਹੈ। ਪਿਛਲੇ ਕੁਝ ਸਾਲਾਂ ਵਿਚ ਅਖੌਤੀ ਭਾਰਤੀ ਉੱਚ ਜਾਤੀਆਂ ਵਲੋਂ ਆਪਣੀ ਜਾਤ ਨੂੰ ਤਰੱਕੀਆਂ ਅਤੇ ਦਲਿਤਾਂ ਨੂੰ ਖੂੰਜੇ ਲਾਉਣ ਦੇ ਕੇਸ ਸਾਹਮਣੇ ਹਨ। ਦਲਿਤ ਸਮਾਜ ਨੇ ਇਸ ਵਿਤਕਰੇ ਨੂੰ ਲੈ ਕੇ ਕੋਰਟਾਂ ਦੇ ਦਰਵਾਜ਼ੇ ਖੜਕਾਏ ਅਤੇ ਇਥੋਂ ਦੇ ਰਾਜਨੀਤਕ ਲੋਕਾਂ ਨੂੰ ਇਸ ਵਿਤਕਰੇ ਤੋਂ ਜਾਣੂ ਕਰਵਾਇਆ।

ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਇਹ ਬਿੱਲ ਲਿਆਕੇ ਧੜੱਲੇ ਨਾਲ ਜਾਤੀ ਵਿਰੋਧ ਵਿਚ ਆ ਖੜ੍ਹੀ ਹੋਈ ਹੈ। ਲੰਘੇ ਐਤਵਾਰ ਉਸਨੇ ਗੁਰਦੁਆਰਾ ਸਾਹਿਬ ਫਰੀਮਾਂਟ ਆ ਕੇ ਸਿੱਖਾਂ ਤੋਂ ਵੀ ਇਸ ਲਈ ਮਦਦ ਮੰਗੀ। ਇਕ ਘੰਟਾ ਚੱਲੀ ਮੀਟਿੰਗ ਵਿਚ ਦਲਿਤਾਂ ਵਲੋਂ ਕੇਵਲ ਸਿੰਘ, ਵਿਨੋਦ ਕੁਮਾਰ ਤੇ ਉਨ੍ਹਾਂ ਦੀ ਟੀਮ ਸ਼ਾਮਲ ਹੋਈ। ਸਿੱਖਾਂ ਵਲੋਂ ਬੇਏਰੀਆ ਅਮਰੀਕਨ ਸਿਆਸਤ ਲਈ ਬਣਾਈ ਜਥੇਬੰਦੀ ਸਕੋਪ ਨੇ ਇਸ ਬਿੱਲ ਦਾ ਸਮਰਥਨ ਕਰਨ ਦਾ ਵੀ ਵਾਅਦਾ ਕੀਤਾ। ਸਕੋਪ ਵਲੋਂ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਆਈਸ਼ਾ ਵਹਾਬ ਦਾ ਧੰਨਵਾਦ ਕਰਦੇ ਹੋਏ ਦਲਿਤ ਸਮਾਜ ਨੂੰ ਵੀ ਸੁਨੇਹਾ ਦਿੱਤਾ ਕਿ ਤੁਸੀਂ ਸਾਡਾ ਹੀ ਅੰਗ ਹੋ ਤੇ ਕਦੇ ਇਸ ਗੱਲ ਦਾ ਫਰਕ ਨਹੀਂ ਸਮਝਣਾ। ਉਨ੍ਹਾਂ ਨੇ ਕਿਹਾ ਕਿ ਸਾਨੂੰ ਤਾਂ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਦੇ ਵਿਤਕਰੇ ਕਰਨ ਦੀ ਇਜਾਜ਼ਤ ਹੀ ਨਹੀਂ ਦਿੰਦੇ ਇਸ ਲਈ ਅਸੀਂ ਇਹ ਵਿਤਕਰਾ ਖਤਮ ਕਰਨ ਲਈ ਹਰ ਸੰਭਵ ਯਤਨ ਕਰਾਂਗੇ। ਸੁਪਰੀਮ ਕੌਂਸਲ ਮੈਂਬਰ ਭਾਈ ਹਰਪ੍ਰੀਤ ਸਿੰਘ ਬੈਂਸ, ਭਾਈ ਰਜਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਪਣੇ ਏਰੀਏ ਦਾ ਸੈਨੇਟਰ ਅਤੇ ਅਸੰਬਲੀ ਨੁਮਾਇੰਦਿਆਂ ਨੂੰ ਕਾਲ ਕਰਕੇ ਇਸ ਉਪਰ ਵੋਟ ਪਾਉਣ ਦੀ ਬੇਨਤੀ ਕਰੋ। ਇਸ ਵਾਰੇ ਅਮਰੀਕਾ ਦੇ ਉਘੇ ਆਗੂ ਅਤੇ ਦਲਿਤਾਂ ਦੀ ਅਵਾਜ਼ ਸ੍ਰ. ਕੇਵਲ ਸਿੰਘ ਨੇ ‘ਸਾਡੇ ਲੋਕ’ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕੀ ਇਹ ਜਾਤਪਾਤ ਦੀ ਅਣਮਨੁੱਖੀ ਕੈਂਸਰ ਅਮਰੀਕਾ ਸਮੇਤ ਵਿਦੇਸ਼ਾ ’ਚ ਵੀ ਪਹੁੰਚ ਚੁੱਕੀ ਜਿਸਨੂੰ ਹਰ ਹਾਲਤ ’ਚ ਰੋਕਣ ਦੀ ਜ਼ਰੂਰਤ ਹੈ ਉਨ੍ਹਾਂ ਕਿਹਾ ਇਸ ਲਈ ਵੱਖ ਵੱਖ ਜਥੇਬੰਦੀਆ ਭਾਰੀ ਯਤਨ ਕਰ ਰਹੀਆ ਹਨ ਅਤੇ ਪੂਰੀ ਦੁਨੀਆਂ ਦੇ ਗੁਰੂਘਰ ਨਾਲ ਹਨ ਉਨ੍ਹਾਂ ਸਮੂਹ ਸਹਿਯੋਗੀਆਂ ਜਥੇਬੰਦੀਆਂ ਅਤੇ ਇਸ ਉਪਰ ਕੰਮ ਕਰ ਰਹੇ ਲੋਕਾਂ ਦਾ ਤਹਿ ਦਿੱਲ ਤੋ ਧੰਨਵਾਦ ਕੀਤਾ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway,Lathrop,CA 95330

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377




ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**21 ਅਪ੍ਰੈਲ ਨੂੰ Gurdwara Sahib Fremont**

ਵਿਖੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 23 ਅਪ੍ਰੈਲ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ




I Love Bara Pind



V.P.O. Bara Pind-144418

## ਗੁਰਦੁਆਰਾ ਸਾਹਿਬ ਫਰੀਮਾਂਟ

300 Gurdwara Road Fremont CA 94536

ਅਰੰਭ ਸ੍ਰੀ ਅਖੰਡਪਾਠ ਸਾਹਿਬ : 21, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ : 23, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦਵਾਰਾ ਸਾਹਿਬ ਫਰੀਮਾਂਟ
(510) 790-0177

ਸ. ਜੁਗਿੰਦਰ ਸਿੰਘ
510 299-8557

ਸ. ਜੁਗਰਾਜ ਸਿੰਘ ਸਹੋਤਾ
(510) 6730825

ਸ. ਨਰਿੰਦਰ ਸਿੰਘ ਸਹੋਤਾ
510 673-0629


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਜਾਅਲੀ ਖ਼ਬਰਾਂ ਸੰਬੰਧੀ ਰਾਸ਼ਟਰਪਤੀ ਦੀ ਚਿੰਤਾ ਤੇ ਹਕੀਕਤ

ਬੀਤੇ ਕੁਝ ਦਿਨਾਂ ਤੋਂ (ਫੇਕ ਨਿਊਜ਼) ਸੰਬੰਧੀ ਮੁੜ ਚਰਚਾ ਚੱਲ ਪਈ ਹੈ। ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੋਸ਼ਲ ਮੀਡੀਆ ਦੇ ਪ੍ਰਸੰਗ ਵਿਚ 'ਫੇਕ ਨਿਊਜ਼' ਨੂੰ ਇਕ ਵੱਡੀ ਚੁਣੌਤੀ ਕਰਾਰ ਦਿੱਤਾ ਹੈ। ਬੀਤੇ ਦਿਨੀਂ ਉਹ ਭਾਰਤੀ ਸੂਚਨਾ ਸੇਵਾਵਾਂ ਦੇ ਅਫ਼ਸਰਾਂ ਤੇ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਾਅਲੀ ਖ਼ਬਰਾਂ ਦੇ ਸੰਜੀਦਾ ਮਾਮਲੇ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਸੰਬੰਧਿਤ ਅਫ਼ਸਰਾਂ ਤੇ ਅਧਿਕਾਰੀਆਂ ਨੂੰ ਲੈਣੀ ਚਾਹੀਦੀ ਹੈ। ਮੀਡੀਆ ਦੀ ਦੁਰਵਰਤੋਂ ਦੇ ਰੁਝਾਨ ਨੂੰ ਰੋਕਣ ਲਈ ਅਫ਼ਸਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ।



ਜਦੋਂ ਰਾਸ਼ਟਰਪਤੀ ਇਹ ਵਿਚਾਰ ਪ੍ਰਗਟ ਕਰ ਰਹੇ ਸਨ, ਉਸ ਮੌਕੇ ਸੰਬੰਧਤ ਮੰਤਰੀ, ਸਿਆਸੀ ਨੇਤਾ ਅਤੇ ਅਫ਼ਸਰ ਮੌਜੂਦ ਸਨ। ਫ਼ਰਜ਼ੀ ਸੂਚਨਾਵਾਂ ਦਾ ਪ੍ਰਚਾਰ ਪ੍ਰਸਾਰ ਇਸ ਲਈ ਵੀ ਚਿੰਤਾ ਦਾ ਵਿਸ਼ਾ ਹੈ ਕਿ ਉਹ ਸਮਾਜ ਵਿਚ ਡਰ-ਭੈਅ ਦਾ ਵਾਤਾਵਰਣ ਪੈਦਾ ਕਰਦੀਆਂ ਹਨ। ਜਿਵੇਂ-ਜਿਵੇਂ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਦਾ ਰੁਝਾਨ ਵਧਦਾ ਜਾ ਰਿਹਾ ਹੈ ਤਿਵੇਂ-ਤਿਵੇਂ ਫ਼ਰਜ਼ੀ ਖ਼ਬਰਾਂ ਫੈਲਾਉਣ ਵਾਲਿਆਂ ਨੂੰ ਵੱਧ ਮੌਕੇ ਮਿਲ ਰਹੇ ਹਨ।

ਬੀ.ਬੀ.ਸੀ. ਨੇ ਫ਼ਰਜ਼ੀ ਖ਼ਬਰਾਂ ਸੰਬੰਧੀ ਵਿਸ਼ੇਸ਼ ਰਿਪੋਰਟ ਪ੍ਰਸਾਰਿਤ ਕਰਦਿਆਂ ਕਿਹਾ ਸੀ ਹੁਣ ਕੁਝ ਪੱਤਰਕਾਰਾਂ ਨੇ ਫ਼ਰਜ਼ੀ ਖ਼ਬਰਾਂ ਅਤੇ ਅਫ਼ਵਾਹਾਂ ਉੱਤੇ ਕਾਬੂ ਪਾਉਣ ਨੂੰ ਆਪਣਾ ਮਨੋਰਥ ਮਿਥ ਲਿਆ ਹੈ। ਭਾਵੇਂ ਇਹ ਜ਼ਿੰਮੇਵਾਰੀ ਹਰੇਕ ਪੱਤਰਕਾਰ ਦੀ ਬਣਦੀ ਹੈ ਕਿ ਉਹ ਤੱਥਾਂ 'ਤੇ ਆਧਾਰਿਤ ਖ਼ਬਰ ਹੀ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰੇ ਅਤੇ ਗ਼ਲਤ ਜਾਣਕਾਰੀ ਵਾਲੀਆਂ ਜਾਅਲੀ ਖ਼ਬਰਾਂ ਨੂੰ ਸੋਸ਼ਲ ਮੀਡੀਆ ਮੰਚਾਂ ਤੋਂ ਹਟਾ ਦੇਵੇ। ਅਜੋਕੇ ਦੌਰ ਵਿਚ ਦੁਨੀਆ ਦਾ ਕੋਈ ਵੀ ਵਿਅਕਤੀ ਕਿਸੇ ਵੀ ਥਾਂ ਤੋਂ, ਕਿਸੇ ਵੀ ਵੇਲੇ, ਕੋਈ ਵੀ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਸਾਂਝੀ ਕਰ ਸਕਦਾ ਹੈ। ਅਜਿਹੀ ਸਥਿਤੀ ਵਿਚ ਕੌਣ ਕਿਵੇਂ ਤੱਥਾਂ ਦੀ ਜਾਂਚ-ਪੜਤਾਲ ਕਰੇਗਾ? ਸਿਆਣੇ ਕਹਿੰਦੇ ਹਨ ਜੇ ਸਮੱਸਿਆ ਹੈ ਤਾਂ ਸਮੱਸਿਆ ਦਾ ਹੱਲ ਵੀ ਹੈ। ਸਾਨੂੰ ਹੱਲ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕਈ ਟੈਲੀਵਿਜ਼ਨ ਚੈਨਲ ਫ਼ਰਜ਼ੀ ਖ਼ਬਰਾਂ ਦਾ ਸੱਚ ਸਾਹਮਣੇ ਲਿਆਉਣ ਲਈ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕਰ ਰਹੇ ਹਨ। ਬਹੁਤ ਸਾਰੀਆਂ ਅਜਿਹੀਆਂ ਵੈੱਬ ਸਾਈਟਾਂ ਆਰੰਭ ਹੋ ਗਈਆਂ ਹਨ, ਜਿਨ੍ਹਾਂ ਰਾਹੀਂ ਤੁਸੀਂ ਤੱਥਾਂ ਦੀ ਪੜਤਾਲ ਕਰ ਸਕਦੇ ਹੋ। ਸਭ ਤੋਂ ਪਹਿਲਾਂ ਇਹ ਵੇਖਣ ਦੀ ਲੋੜ ਹੁੰਦੀ ਹੈ ਕਿ ਖ਼ਬਰ ਦੀ ਸ਼ੁਰੂਆਤ ਕਿਥੋਂ ਹੋਈ ਹੈ। ਕਿਹੜੀ-ਕਿਹੜੀ ਨਿਊਜ਼ ਏਜੰਸੀ ਨੇ ਇਹ ਖ਼ਬਰ ਦਿੱਤੀ ਹੈ। ਆਨਲਾਈਨ ਟੂਲਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਈ ਵਾਰ ਆਲੇ-ਦੁਆਲੇ ਦੇ ਦ੍ਰਿਸ਼ ਤੋਂ, ਕਿਸੇ ਵਿਅਕਤੀ ਵਿਸ਼ੇਸ਼ ਤੋਂ ਜਾਂ ਉਸ ਦੇ ਪਹਿਰਾਵੇ ਤੋਂ ਜਾਂ ਅਜਿਹੇ ਕਿਸੇ ਹੋਰ ਸੰਕੇਤ ਤੋਂ ਤਸਵੀਰ ਜਾਂ ਵੀਡੀਓ ਦੇ ਪੁਰਾਣੇ ਜਾਂ ਫ਼ਰਜ਼ੀ ਹੋਣ ਬਾਰੇ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਤੁਹਾਡੇ ਫ਼ੋਨ 'ਤੇ ਕਿਸੇ ਵੀ ਤਰ੍ਹਾਂ ਕੋਈ ਖ਼ਬਰ, ਤਸਵੀਰ ਜਾਂ ਵੀਡੀਓ ਪਹੁੰਚਦੀ ਹੈ ਤਾਂ ਝੱਟ ਉਸ 'ਤੇ ਯਕੀਨ ਕਰ ਕੇ ਉਸ ਨੂੰ ਹਰਗਿਜ਼ ਅੱਗੇ ਕਿਸੇ ਹੋਰ ਨਾਲ ਸਾਂਝੀ ਨਾ ਕਰੋ। ਅਜਿਹੀ ਚੌਕਸੀ ਵਰਤਣ ਦੀ ਸਲਾਹ ਪ੍ਰਧਾਨ ਮੰਤਰੀ ਨੇ ਇਕ ਵਾਰ ਸੂਬਿਆਂ ਦੇ ਗ੍ਰਹਿ ਮੰਤਰੀਆਂ ਨੂੰ ਸੰਬੋਧਨ ਕਰਦਿਆਂ ਵੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਕੋਈ ਵੀ ਛੋਟੀ ਗ਼ਲਤੀ ਜਾਂ ਫ਼ਰਜ਼ੀ ਖ਼ਬਰ ਵੱਡਾ ਵਿਵਾਦ ਖੜ੍ਹਾ ਕਰ ਸਕਦੀ ਹੈ। ਇਸ ਲਈ ਕਿਸੇ ਵੀ ਸੁਨੇਹੇ ਨੂੰ ਅੱਗੇ ਭੇਜਣ ਤੋਂ ਪਹਿਲਾਂ ਤੱਥਾਂ ਦੀ ਜਾਂਚ ਜ਼ਰੂਰ ਕਰ ਲਓ। ਦੂਜੇ ਪਾਸੇ ਕੇਂਦਰੀ ਸਰਕਾਰ ਵਲੋਂ ਮੀਡੀਆ ਨੂੰ ਕੰਟਰੋਲ ਕਰਨ ਦਾ ਮੁੱਦਾ ਵੀ ਦੇਸ਼ ਵਿਚ ਜ਼ੋਰ-ਸ਼ੋਰ ਨਾਲ ਉਭਰ ਰਿਹਾ ਹੈ। ਸਰਕਾਰ ਨੇ ਪ੍ਰੈੱਸ ਇਨਫਰਮੇਸ਼ਨ ਬਿਊਰੋ, ਜਿਸ ਦਾ ਕੰਮ ਕੇਂਦਰੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਪ੍ਰਚਾਰ ਪ੍ਰਸਾਰ ਕਰਨਾ ਸੀ, ਨੂੰ ਸੋਸ਼ਲ ਮੀਡੀਆ ਪਲੇਟ ਫਾਰਮਾਂ ਨੂੰ ਸ਼ਿਕਾਇਤ ਕਰਕੇ ਸੋਸ਼ਲ ਮੀਡੀਆ 'ਤੇ ਪਾਈ ਗਈ ਕਿਸੇ ਵੀ ਤਰ੍ਹਾਂ ਦੀ ਸਮੱਗਰੀ ਨੂੰ ਸੰਬੰਧਿਤ ਧਿਰਾਂ ਦਾ ਪੱਖ ਸੁਣਨ ਤੋਂ ਬਿਨਾਂ ਹੀ ਹਟਾਉਣ ਦੇ ਆਦੇਸ਼ ਦੇ ਦਿੱਤੇ ਹਨ। ਉਸ ਦੀ ਵੀ ਕੌਮੀ ਪੱਧਰ 'ਤੇ ਆਲੋਚਨਾ ਹੋ ਰਹੀ ਹੈ। ਇਸ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਵੀ ਕਿਹਾ ਜਾ ਰਿਹਾ ਹੈ। ਇਸ ਸੰਬੰਧੀ ਸਰਕਾਰ ਨੂੰ ਕੋਈ ਪਾਰਦਰਸ਼ੀ ਤੇ ਨਿਆਂ ਸੰਗਤ ਵਿਵਸਥਾ ਦੀ ਲੋੜ ਹੈ।

ਜਦੋਂ ਦੇ ਐਲਨ ਮਸਕ ਟਵਿੱਟਰ ਦੇ ਮਾਲਕ ਬਣੇ ਹਨ, ਉਨ੍ਹਾਂ ਨੇ ਕਈ ਤਬਦੀਲੀਆਂ ਕਰ ਦਿੱਤੀਆਂ ਹਨ। ਤਾਜ਼ਾ ਖ਼ਬਰ ਅਨੁਸਾਰ ਮਾਈਕ੍ਰੋ-ਬਲੌਗਿੰਗ ਸਾਈਟ ਲਈ ਬਲੂ ਬਰਡ ਹੋਮਪੇਜ ਲੋਗੋ ਨੂੰ 'ਡੌਗੀ' ਮੀਮ ਨਾਲ ਬਦਲ ਦਿੱਤਾ ਗਿਆ ਹੈ। ਅਜਿਹਾ ਵਾਅਦਾ ਮਸਕ ਨੇ ਸ਼ੁਰੂ ਵਿਚ ਕੀਤਾ ਸੀ। ਟਵਿੱਟਰ ਦੀ ਮੋਬਾਈਲ ਐਪ 'ਤੇ ਇਹ ਬਦਲਾਅ ਨਹੀਂ ਕੀਤਾ ਗਿਆ ਹੈ। ਕਿਸੇ ਕੰਪਨੀ ਦਾ ਲੋਗੋ ਬਦਲਣਾ ਕਾਰੋਬਾਰੀ ਚਾਲ ਮੰਨਿਆ ਜਾਂਦਾ ਹੈ। ਕਈ ਲੋਕ ਇਸ ਨੂੰ ਪਹਿਲੀ ਅਪ੍ਰੈਲ ਨਾਲ ਜੋੜ ਕੇ ਵੀ ਵੇਖ ਰਹੇ ਹਨ।

ਟਵਿੱਟਰ ਵਾਂਗ ਟਿਕ-ਟੌਕ ਵੀ ਲਗਾਤਾਰ ਚਰਚਾ ਵਿਚ ਹੈ। ਹੁਣ ਖ਼ਬਰ ਆਈ ਹੈ ਕਿ ਆਸਟ ?ਰੇਲੀਆ ਨੇ ਟਿਕ-ਟੌਕ 'ਤੇ ਪਾਬੰਦੀ ਲਗਾ ਦਿੱਤੀ ਹੈ। ਬਿਆਨ ਵਿਚ ਸੰਬੰਧਤ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਖ਼ੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਦੀ ਸਲਾਹ 'ਤੇ ਕੀਤਾ ਗਿਆ ਹੈ। ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਅਤੇ ਇੰਗਲੈਂਡ ਵਲੋਂ ਇਸ ਐਪ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਹੋਈ ਹੈ। ਚੀਨੀ ਕੰਪਨੀ ਵਲੋਂ ਆਸਟ ?ਰੇਲੀਆ ਦੇ ਇਸ ਫ਼ੈਸਲੇ ਦੀ ਨਿੰਦਾ ਕੀਤੀ ਗਈ ਹੈ। ਉੱਧਰ ਇੰਗਲੈਂਡ ਨੇ ਟਿਕ-ਟੌਕ ਨੂੰ 12.7 ਮਿਲੀਅਨ ਪੌਂਡ ਦਾ ਜੁਰਮਾਨਾ ਕਰ ਦਿੱਤਾ ਹੈ। ਅਜਿਹਾ ਨਿਯਮਾਂ ਦੀ ਉਲੰਘਣਾ ਕਰਨ ਕਾਰਨ ਕੀਤਾ ਗਿਆ ਹੈ। ਸਾਲ 2020 ਵਿਚ ਟਿਕ-ਟੌਕ ਨੇ ਇੰਗਲੈਂਡ ਵਿਚ 13 ਸਾਲ ਤੋਂ ਘੱਟ ਉਮਰ ਦੇ 1.4 ਮਿਲੀਅਨ ਬੱਚਿਆਂ ਨੂੰ ਐਪ ਵਰਤਣ ਦੀ ਆਗਿਆ ਦਿੱਤੀ। ਅਜਿਹਾ ਕਰਕੇ ਕੰਪਨੀ ਨੇ ਆਪਣੇ ਹੀ ਨਿਯਮਾਂ ਦੀ ਉਲੰਘਣਾ ਕੀਤੀ ਸੀ। ਨਤੀਜੇ ਵਜੋਂ ਕੰਪਨੀ ਵਿਰੁੱਧ ਇੰਗਲੈਂਡ ਨੇ ਉਪਰੋਕਤ ਸਖ਼ਤ ਕਦਮ ਉਠਾਇਆ।

ਆਸਟਰੇਲੀਆ, ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਨਿਊਜ਼ੀਲੈਂਡ ਤੋਂ ਇਲਾਵਾ ਬੈਲਜੀਅਮ, ਅਫ਼ਗਾਨਿਸਤਾਨ, ਡੈਨਮਾਰਕ, ਭਾਰਤ, ਨੀਦਰਲੈਂਡ, ਨੌਰਵੇ, ਤਾਈਵਾਨ, ਪਾਕਿਸਤਾਨ, ਬੰਗਲਾਦੇਸ਼ ਅਤੇ ਇੰਡੋਨੇਸ਼ੀਆ ਨੇ ਵੀ ਟਿਕ-ਟੌਕ 'ਤੇ ਪਾਬੰਦੀ ਲਗਾ ਰੱਖੀ ਹੈ। ਇਹ ਚੀਨ ਦੀ ਮਾਲਕੀ ਵਾਲਾ ਵੀਡੀਓ ਬਣਾਉਣ ਵਾਲਾ ਐਪ ਹੈ।

-ਪ੍ਰੋ. ਕੁਲਬੀਰ ਸਿੰਘ

# ਕਿਤੇ ਰੇਗਿਸਤਾਨ ਨਾ ਬਣ ਜਾਵੇ ਪੰਜਾਬ

**ਜਗਦੇਵ ਸ਼ਰਮਾ ਬੁਗਰਾ**



ਪੰਜਾਬ ਨੂੰ ਨੇੜ ਭਵਿੱਖ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਵਿੱਚੋਂ ਇਕ ਹੈ ਪਾਣੀ ਦੀ ਸਮੱਸਿਆ। ਸਿਆਣੀ ਉਮਰ ਦੇ ਬੰਦੇ ਇਹ ਕਹਿੰਦੇ ਆਮ ਸੁਣੇ ਜਾਂਦੇ ਹਨ ਕਿ ਜੇ ਤੀਜਾ ਵਿਸ਼ਵ ਯੁੱਧ ਹੁੰਦਾ ਹੈ ਤਾਂ ਉਸ ਦਾ ਕਾਰਨ ਪਾਣੀ ਹੋਵੇਗਾ। ਉਨ੍ਹਾਂ ਦੀ ਅਜਿਹੀ ਸੋਚ ਨੂੰ ਉਦੋਂ ਹੋਰ ਬਲ ਮਿਲਦਾ ਹੈ ਜਦੋਂ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਟੈਂਕਰਾਂ ਰਾਹੀਂ ਪਹੁੰਚੇ ਪਾਣੀ ਦੀ ਵੰਡ ਵੇਲੇ ਲੋਕਾਂ ਨੂੰ ਇਕ-ਦੂਜੇ ਦੇ ਜੂੰਡੇ ਪੁੱਟਦੇ ਦੇਖਦੇ ਹਾਂ। ਪੰਜਾਬ 'ਚ ਵੀ ਜਦੋਂ ਨਹਿਰੀ ਪਾਣੀ ਹੀ ਸਿੰਚਾਈ ਦਾ ਮੁੱਖ ਸਾਧਨ ਹੁੰਦਾ ਸੀ ਉਦੋਂ ਖੇਤਾਂ ਵਿਚ ਪਾਣੀ ਦੀ ਵਾਰੀ ਪਿੱਛੇ ਕਤਲ ਹੋਣਾ ਆਮ ਗੱਲ ਹੋਇਆ ਕਰਦੀ ਸੀ। ਅੱਜ ਵੀ ਅਸੀਂ ਗੁਆਂਢੀ ਰਾਜਾਂ ਨਾਲ ਦਰਿਆਈ ਪਾਣੀਆਂ ਕਾਰਨ ਉਲਝੇ ਹੋਏ ਹਾਂ।

ਅੱਜ ਪੰਜ ਆਬਾਂ ਦੀ ਧਰਤੀ ਪੰਜਾਬ ਬੰਜਰ ਹੋਣ ਵੱਲ ਵਧ ਰਹੀ ਹੈ। ਨਿੱਤ ਦਿਨ ਡੂੰਘੇ ਹੋ ਰਹੇ ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਓਨੇ ਹੀ ਡੂੰਘੇ ਬੋਰਾਂ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਮੁੱਲ ਦਾ ਪਾਣੀ ਸਾਡੀ ਜੇਬ 'ਤੇ ਵੀ ਅਸਰਅੰਦਾਜ਼ ਹੁੰਦਾ ਹੈ। ਸਮਾਜ ਦੇ ਹਰ ਵਰਗ ਲਈ ਪਾਣੀ ਦੀ ਸੰਭਾਲ ਅੱਜ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਾਣੀ ਦੀ ਬੱਚਤ ਦਾ ਖ਼ਿਆਲ ਜ਼ਿਹਨ ਵਿਚ ਆਉਂਦਿਆਂ ਹੀ ਦੋ ਤਰ੍ਹਾਂ ਦੀ ਬੱਚਤ ਉੱਭਰ ਕੇ ਸਾਹਮਣੇ ਆਉਂਦੀ ਹੈ। ਪਹਿਲੀ, ਪਾਣੀ ਦੀ ਵਰਤੋਂ ਘੱਟ ਅਤੇ ਲੋੜ ਅਨੁਸਾਰ ਕਰ ਕੇ ਪਾਣੀ ਨੂੰ ਬਚਾਉਣਾ ਅਤੇ ਦੂਜਾ, ਪਾਣੀ ਨੂੰ ਹਰ ਰੋਜ਼ ਵਧ ਰਹੇ ਪ੍ਰਦੂਸ਼ਣ ਤੋਂ ਬਚਾਉਣਾ। ਦੇਸ਼-ਦੁਨੀਆ ਵਿਚ ਪਾਣੀ ਦੀ ਘਾਟ ਦੀ ਗੱਲ ਕਰਦਿਆਂ ਜਾਣਦੇ ਹਾਂ ਕਿ ਯੂਐੱਸਡੀਐੱਮ (ਯੂਐੱਸ ਡਰਾਫਟ ਮੈਨੇਜਮੈਂਟ) ਦੀ 8 ਮਾਰਚ 2022 ਦੀ ਇਕ ਰਿਪੋਰਟ ਅਨੁਸਾਰ ਕੁੱਲ ਦੁਨੀਆ ਦਾ 20% ਇਲਾਕਾ ਸੋਕੇ ਦੀ ਮਾਰ ਤੋਂ ਪ੍ਰਭਾਵਿਤ ਹੈ। ਭਾਰਤ ਦੀ ਕੁੱਲ ਆਬਾਦੀ ਦੁਨੀਆ ਦੀ ਆਬਾਦੀ ਦਾ 16 ਕੁ ਫ਼ੀਸਦੀ ਹਿੱਸਾ ਬਣਦੀ ਹੈ ਜਦਕਿ ਕੁੱਲ ਵਰਤੋਂਯੋਗ ਪਾਣੀ ਦਾ ਸਿਰਫ਼ 5% ਭਾਰਤ ਵਿਚ ਉਪਲਭਧ ਹੈ। ਭਾਰਤ ਦਾ 30% ਇਲਾਕਾ ਸੋਕੇ ਵਰਗੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਪ੍ਰਮੁੱਖ ਰਾਜਾਂ ਵਿਚ ਅਸੀਂ ਗੁਜਰਾਤ, ਓਡੀਸ਼ਾ, ਮੱਧ ਪ੍ਰਦੇਸ਼ ਦੇ ਕੁਝ ਹਿੱਸੇ , ਛੱਤੀਸਗੜ੍ਹ, ਰਾਜਸਥਾਨ, ਉੱਤਰ ਪ੍ਰਦੇਸ਼ ਦਾ ਉੱਤਰ-ਪੂਰਬੀ ਭਾਗ, ਹਰਿਆਣਾ, ਪੰਜਾਬ, ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ ਨੂੰ ਸ਼ਾਮਲ ਕਰ ਸਕਦੇ ਹਾਂ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਇੱਕੀ ਵੱਡੇ ਸ਼ਹਿਰਾਂ ਵਿਚ ਬੰਗਲੌਰ, ਚੇਨਈ ਸਮੇਤ ਦੇਸ਼ ਦੀ ਰਾਜਧਾਨੀ ਦਿੱਲੀ ਵੀ ਸ਼ਾਮਲ ਹੈ। ਲਗਪਗ 200000 ਲੋਕ ਹਰ ਸਾਲ ਸ਼ੁੱਧ ਪੀਣ ਵਾਲੇ ਪਾਣੀ ਦੀ ਥੁੜ੍ਹੋਂ ਮਰ ਜਾਂਦੇ ਹਨ। ਸੰਨ 2050 ਤਕ ਭਾਰਤ ਵਿਚ ਪਾਣੀ ਦੀ ਸਪਲਾਈ ਉਸ ਦੀ ਮੰਗ ਦੇ ਬਰਾਬਰ ਨਹੀਂ ਰਹੇਗੀ।

ਅਜਿਹੇ ਵਿਚ ਪਾਣੀ ਦੀ ਥੁੜ ਸਥਾਨਕ ਦੰਗਿਆਂ ਦਾ ਕਾਰਨ ਬਣ ਸਕਦੀ ਹੈ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ 13 ਜ਼ਿਲ੍ਹਿਆਂ ਵਿਚ ਫੈਲਿਆ ਹੋਇਆ ਬੁੰਦੇਲਖੰਡ ਖੇਤਰ ਸਾਡੇ ਦੇਸ਼ ਦਾ ਪਾਣੀ ਦੀ ਕਿੱਲਤ ਪੱਖੋਂ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਹੈ। ਪੰਜਾਬ ਵਿਚ ਘਟਦੇ ਪਾਣੀ ਦੇ ਮਾਮਲੇ 'ਚ 80% ਇਲਾਕਾ ਡਾਰਕ ਜ਼ੋਨ ਵਿਚ ਆਉਂਦਾ ਹੈ ਅਤੇ ਸੰਗਰੂਰ ਜ਼ਿਲ੍ਹੇ ਦੇ ਲਗਪਗ ਸਾਰੇ ਹੀ ਬਲਾਕ ਡਾਰਕ ਜ਼ੋਨ ਵਿਚ ਆਉਂਦੇ ਹਨ। ਸੰਨ 1961 ਵਿਚ ਪੰਜਾਬ ਵਿਚ 7445 ਟਿਊਬਵੈੱਲ ਸਨ ਜੋ 2021 ਵਿਚ ਵਧ ਕੇ 15 ਲੱਖ ਨੂੰ ਜਾ ਢੁੱਕੇ ਹਨ। ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਵੀ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਕਈ ਖੇਤਰਾਂ ਵਿਚ ਪਾਣੀ ਦੀ ਡੂੰਘਾਈ ਪੰਜ ਸੌ ਫੁੱਟ ਤਕ ਵੀ ਜਾ ਪੁੱਜੀ ਹੈ। ਇਕ ਅਨੁਮਾਨ ਅਨੁਸਾਰ ਇਕ ਕਿੱਲੋ ਚਾਵਲ ਪੈਦਾ ਕਰਨ ਲਈ 2497 ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਪਿਛਲੀ ਸਦੀ ਦੇ ਸੱਤਰਵਿਆਂ ਦੌਰਾਨ ਦੇਸ਼ ਭੁੱਖਮਰੀ ਦੇ ਕਗਾਰ 'ਤੇ ਖੜ੍ਹਾ ਸੀ। ਅੰਨ ਦੀ ਸਮੱਸਿਆ ਦਾ ਹੱਲ ਤਾਂ ਦੇਸ਼ ਨੇ ਹਰੀ ਕ੍ਰਾਂਤੀ ਲਿਆ ਕੇ ਕਰ ਲਿਆ ਪਰ ਪੰਜਾਬ ਨੂੰ ਇਹ ਸੌਦਾ ਬਹੁਤ ਮਹਿੰਗਾ ਪਿਆ ਅਤੇ ਅੱਜ ਵੀ ਪੈ ਰਿਹਾ ਹੈ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਘਟਦੇ ਰੂਪ ਵਿਚ। ਸੰਨ 2021 ਦੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਧਰਤੀ ਹੇਠੋਂ ਖਿੱਚੇ ਜਾਣ ਵਾਲੇ ਪਾਣੀ ਦਾ ਵੱਡਾ ਹਿੱਸਾ (90% ਤੋਂ ਜ਼ਿਆਦਾ) ਖੇਤੀਬਾੜੀ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ। ਬਾਕੀ 'ਚੋਂ 24 ਬਿਲੀਅਨ ਕਿਊਬਿਕ ਮੀਟਰ ਪਾਣੀ ਦੇਸ਼ ਦੀਆਂ 85% ਪੀਣ ਵਾਲੇ ਪਾਣੀ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਖੇਤੀ ਵਿਭਿੰਨਤਾ ਅਪਣਾ ਕੇ ਘੱਟ ਪਾਣੀ ਪੀਣ ਵਾਲੀਆਂ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਵਰਗੀਆਂ ਨੂੰ ਪਹਿਲ ਦਿੱਤੀ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਵਿਭਿੰਨਤਾ ਨੂੰ ਇਸ ਤਰੀਕੇ ਨਾਲ ਲਾਗੂ ਕਰੇ ਕਿ ਕਿਸਾਨ ਦੀ ਆਮਦਨ ਵੀ ਨਾ ਘਟੇ ਅਤੇ ਪਾਣੀ ਵੀ ਬਚੇ। ਹਰ ਫੈਕਟਰੀ ਦੀ ਪਾਣੀ ਦੀ ਵਰਤੋਂ 'ਤੇ ਨਿਗ ?ਹਾ ਰੱਖੀ ਜਾਵੇ।

ਹਰੇਕ ਕਾਰਖਾਨੇ ਲਈ ਕਾਨੂੰਨਨ ਜ਼ਰੂਰੀ ਹੋਵੇ ਕਿ ਉਹ ਪਾਣੀ ਨੂੰ ਮੁੜ ਵਰਤੋਂ ਵਿਚ ਲਿਆਉਣ ਲਈ ਵਾਟਰ ਰੀਸਾਈਕਲਿੰਗ ਪਲਾਂਟ ਲਾਵੇ। ਸਰਕਾਰੀ ਪੱਧਰ 'ਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੀ ਲੋੜ ਹੈ। ਮਹਾਰਾਸ਼ਟਰ, ਤੇਲੰਗਾਨਾ ਜਿਹੇ ਕਈ ਰਾਜਾਂ ਵਿਚ ਤਾਂ ਇਹ ਪਾਣੀ ਵੱਡੀਆਂ-ਵੱਡੀਆਂ ਝੀਲਾਂ ਵਿਚ ਸੰਭਾਲਿਆ ਜਾ ਰਿਹਾ ਹੈ ਅਤੇ ਹੋਰ ਕਈ ਸੂਬਿਆਂ ਵਿਚ ਇਹ ਅਜਾਈਂ ਹੀ ਜਾ ਰਿਹਾ ਹੈ। ਜੂਨ-ਜੁਲਾਈ ਦੌਰਾਨ ਚਾਰੇ ਪਾਸੇ ਤਬਾਹੀ ਦਾ ਮੰਜ਼ਰ ਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਲਈ, ਮੀਂਹ ਦੇ ਪਾਣੀ ਦੀ ਸੰਭਾਲ ਕਰ ਕੇ, ਆਧੁਨਿਕ ਤਕਨੀਕ (ਰੇਨ ਵਾਟਰ ਹਾਰਵੈਸਟਿੰਗ) ਰਾਹੀਂ ਰਿਚਾਰਜ ਕੀਤਾ ਜਾ ਸਕਦਾ ਹੈ। ਪੰਜਾਬ ਦਾ ਪਾਣੀ ਘਟ ਹੀ ਨਹੀਂ ਰਿਹਾ ਸਗੋਂ ਬੁਰੀ ਤਰ੍ਹਾਂ ਪ੍ਰਦੂਸ਼ਿਤ ਵੀ ਹੋ ਰਿਹਾ ਹੈ ਜੋ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲਾਉਣ ਲਈ ਜ਼ਿੰਮੇਵਾਰ ਬਣਦਾ ਹੈ। ਕੁੱਲ 12433 ਪਿੰਡਾਂ ਵਿੱਚੋਂ 11849 ਦਾ ਪਾਣੀ ਦੂਸ਼ਿਤ ਪਾਇਆ ਗਿਆ ਹੈ। ਫੈਕਟਰੀਆਂ ਦਾ ਰਸਾਇਣ ਯੁਕਤ ਪਾਣੀ ਜਾਂ ਤਾਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ ਜਾਂ ਨਦੀਆਂ-ਨਾਲਿਆਂ, ਨਹਿਰਾਂ ਵਿਚ ਰੋੜ੍ਹਿਆ ਜਾ ਰਿਹਾ ਹੈ। ਕੀਟ ਨਾਸ਼ਕਾਂ, ਰੇਹਾਂ-ਸਪਰੇਆਂ ਦੀ ਬੇਥਾਹ ਵਰਤੋਂ ਵੀ ਪਾਣੀ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹੈ। ਲੋੜ ਹੈ ਫੈਕਟਰੀਆਂ 'ਤੇ ਕਾਂ ਅੱਖ ਰੱਖਣ ਦੀ। ਪਾਣੀ ਨੂੰ ਕਿਸੇ ਵੀ ਤਰੀਕੇ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਦਾ ਜੇ ਲਾਇਸੈਂਸ ਵੀ ਰੱਦ ਕਰਨਾ ਪਵੇ ਤਾਂ ਗੁਰੇਜ਼ ਨਾ ਕੀਤਾ ਜਾਵੇ। ਪਾਣੀ ਦੀ ਵਰਤੋਂ ਕਰਨ ਵਾਲੇ ਹਰੇਕ ਕਾਰਖਾਨੇ 'ਚ ਵਾਟਰ ਟਰੀਟਮੈਂਟ ਪਲਾਂਟ ਲੱਗਣਾ ਯਕੀਨੀ ਬਣਾਇਆ ਜਾਵੇ। ਕਿਸਾਨਾਂ ਨੂੰ ਦਵਾਈਆਂ ਤੇ ਕੀਟ ਨਾਸ਼ਕਾਂ ਦੀ ਘੱਟ ਤੋਂ ਘੱਟ ਵਰਤੋਂ ਲਈ ਪ੍ਰੇਰਿਤ ਕੀਤਾ ਜਾਵੇ। ਉਪਰੋਕਤ ਤੋਂ ਇਲਾਵਾ ਸਾਡੇ ਦਰਿਆਈ ਪਾਣੀਆਂ ਉੱਪਰ ਗੁਆਂਢੀ ਰਾਜਾਂ ਦੀ ਵੀ ਅੱਖ ਹੈ। ਸਾਡਾ ਦੇਸ਼ ਸੰਘਾਤਮਕ ਦੇਸ਼ ਹੈ। ਵੱਖ-ਵੱਖ ਰਾਜਾਂ ਦੀਆਂ ਪਾਣੀ ਦੀਆਂ ਲੋੜਾਂ ਵੱਖ-ਵੱਖ ਹਨ। ਪਾਣੀ ਦੀਆਂ ਇਕਸਾਰ ਲੋੜਾਂ ਵਾਲੇ ਰਾਜਾਂ ਦਾ ਇਕ ਖਿੱਤਾ ਬਣਾ ਲਿਆ ਜਾਵੇ। ਹਰੇਕ ਰਾਜ ਵਿਚ ਪਾਣੀ ਦੇ ਸਾਰੇ ਸਰੋਤਾਂ ਜਿਵੇਂ ਮੀਂਹ ਦਾ ਪਾਣੀ, ਦਰਿਆਈ ਪਾਣੀ ਅਤੇ ਧਰਤੀ ਹੇਠ ਉਪਲਭਧ ਪਾਣੀ ਦੀ ਮਾਤਰਾ ਦਾ ਉਸ ਰਾਜ ਦੀ ਪਾਣੀ ਦੀ ਲੋੜ ਨਾਲ ਅਨੁਪਾਤ ਤਿਆਰ ਕਰ ਲਿਆ ਜਾਵੇ। ਇਸ ਗਣਨਾ ਪਿੱਛੋਂ ਹੀ ਵਾਧੂ-ਘਾਟੂ ਪਾਣੀ ਤੈਅ ਕੀਤਾ ਜਾਵੇ। ਇਹ ਕੰਮ ਕੇਂਦਰ ਦੀ ਨਿਗਰਾਨੀ ਹੇਠ ਨਿਰਪੱਖ ਵਿਗਿਆਨੀਆਂ ਦੀ ਇਕ ਕਮੇਟੀ ਕੋਲੋਂ ਕਰਵਾਇਆ ਜਾਵੇ। ਸਿਆਸੀ ਲੋਕਾਂ ਨੂੰ ਅਜਿਹੀ ਕਮੇਟੀ ਤੋਂ ਦੂਰ ਰੱਖਿਆ ਜਾਵੇ ਕਿਉਂਕਿ ਮੌਜੂਦਾ ਹਾਲਾਤ 'ਚ ਸਿਆਸਤਦਾਨਾਂ ਤੋਂ ਨਿਰਪੱਖਤਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਾਰਿਆਂ ਕੰਮਾਂ ਲਈ ਪਾਣੀ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ਪਾਣੀ ਅਜਾਈਂ ਨਹੀਂ ਡੁੱਲ੍ਹਦੇ ਰਹਿਣ ਦੇਣਾ ਚਾਹੀਦਾ। ਪਸ਼ੂਆਂ ਨੂੰ ਨਹਾਉਂਦੇ ਵਕਤ, ਵਿਹੜੇ ਧੋਂਦੇ ਸਮੇਂ ਤੇ ਖ਼ਾਸ ਤੌਰ 'ਤੇ ਗੱਡੀਆਂ ਧੋਂਦੇ ਹੋਏ ਪਾਣੀ ਸਰਫ਼ੇ ਨਾਲ ਵਰਤਿਆ ਜਾਣਾ ਚਾਹੀਦਾ ਹੈ। ਆਰਓ 'ਚੋਂ ਨਿਕਲਦੇ ਪਾਣੀ ਤੇ ਇਸੇ ਤਰ੍ਹਾਂ ਏਸੀ 'ਚੋਂ ਨਿਕਲ ਰਹੇ ਪਾਣੀ ਨੂੰ ਭਾਂਡੇ ਮਾਂਜਣ, ਕੱਪੜੇ ਧੋਣ ਅਤੇ ਪਸ਼ੂਆਂ ਨੂੰ ਨਹਾਉਣ ਲਈ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ। ਇੰਜ ਪਾਣੀ ਬਚਾ ਕੇ ਧਰਤੀ ਹੇਠੋਂ ਪਾਣੀ ਖਿੱਚਣ ਲਈ ਵਰਤੀ ਜਾਣ ਵਾਲੀ ਊਰਜਾ ਦੀ ਬੱਚਤ ਵੀ ਕੀਤੀ ਜਾ ਸਕੇਗੀ।

ਸੋਸ਼ਲ ਫਾਰੈਸਟਰੀ ਸਕੀਮ ਤਹਿਤ ਵੱਧ ਤੋਂ ਵੱਧ ਪੌਦੇ ਲਗਾਏ ਜਾਣੇ ਚਾਹੀਦੇ ਹਨ। ਸੜਕਾਂ ਦੇ ਕਿਨਾਰਿਆਂ, ਨਹਿਰਾਂ, ਸੂਇਆਂ, ਨਾਲਿਆਂ ਦੇ ਅਤੇ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਖ਼ਾਲੀ ਪਈ ਜਗ੍ਹਾ, ਸਰਕਾਰੀ ਦਫ਼ਤਰਾਂ ਦੇ ਲਾਅਨਾਂ ਤੇ ਖ਼ਾਲੀ ਪਈਆਂ ਸਰਕਾਰੀ ਜ਼ਮੀਨਾਂ ਨੂੰ ਇਸ ਮੰਤਵ ਲਈ ਵਰਤਿਆ ਜਾ ਸਕਦਾ ਹੈ। ਸਾਡੀ ਇਸ ਕੋਸ਼ਿਸ਼ ਨਾਲ ਹਰਿਆਲੀ ਵੀ ਵਧੇਗੀ ਤੇ ਪ੍ਰਦੂਸ਼ਣ ਘਟੇਗਾ। ਜ਼ਮੀਨ ਦੀ ਜਰਖੇਜ਼ ਸ਼ਕਤੀ ਵੀ ਬਰਕਰਾਰ ਰਹੇਗੀ ਅਤੇ ਮੀਂਹ ਪਵਾਉਣ ਲਈ ਸਹਾਈ ਹੋਵੇਗੀ। ਡਾਰਕ ਜ਼ੋਨਾਂ ਵਿਚ ਨਵੇਂ ਟਿਊਬਵੈੱਲ ਲਗਾਉਣ 'ਤੇ ਪੂਰਨ ਪਾਬੰਦੀ ਲਗਾਈ ਜਾਵੇ। ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟਾ ਕੇ ਦਰਿਆਵਾਂ ਅਤੇ ਵਰਖਾ ਦੇ ਪਾਣੀ ਉੱਤੇ ਨਿਰਭਰਤਾ ਵਧਾਈ ਜਾਣੀ ਚਾਹੀਦੀ ਹੈ। ਪਾਣੀ ਦੀ ਉਪਯੋਗਤਾ ਦੇ ਮੱਦੇਨਜ਼ਰ ਅੱਜ ਲੋੜ ਹੈ ਪਾਣੀ ਦੀ ਬਰਬਾਦੀ ਰੋਕ ਕੇ ਇਸ ਦਾ ਸਦਉਪਯੋਗ ਯਕੀਨੀ ਬਣਾਉਣ ਦੀ। ਸਾਲ ਵਿਚ ਇਕ ਦਿਨ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾ ਕੇ ਹੀ ਨਹੀਂ ਛੱਡ ਦੇਣਾ ਚਾਹੀਦਾ। ਜੇ ਅੱਜ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਨਾ ਰੋਕਿਆ ਤਾਂ ਜਦੋਂ ਸਾਡੀ ਅਗਲੀ ਪੀੜ੍ਹੀ ਪਾਣੀ ਦੀ ਇਕ-ਇਕ ਬੂੰਦ ਨੂੰ ਤਰਸੇਗੀ ਤਾਂ ਯਾਦ ਰੱਖਣਾ, ਉਹ ਸਾਨੂੰ ਮੜ੍ਹੀਆਂ 'ਚ ਪਿਆਂ ਨੂੰ ਵੀ ਕੋਸੇਗੀ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪੇਸਾਪ ਦੀ ਵਾਰ ਵਾਰ ਹਾਜਤ ਹੋਣਾ**

ਬੀਤੇ ਦੋ ਹਫਤਿਆਂ ਤੋਂ ਅਸੀਂ ਪੇਸਾਪ ਦੀ ਵਾਰ ਵਾਰ ਹਾਜਤ ਦੀ ਗੱਲ ਵਿਚਾਰ ਰਹੇ ਹਾਂ ਤੇ ਸੰਭਵ ਸਰੀਰਕ ਬਣਤਰ ਦੇ ਲਿਹਾਜ ਨਾਲ ਮਰਦਾਂ ਵਿੱਚ ਕੀ-ਕੀ ਕਾਰਨ ਹੋ ਸਕਦੇ ਹਨ ਵਾਰ ਵਾਰ ਪੇਸਾਪ ਦੀ ਹਾਜਤ ਹੋਣ ਦੇ। ਅੱਜ ਅਸੀਂ ਵਿਚਾਰਾਂਗੇ ਔਰਤਾਂ ਵਿੱਚ ਪੇਸਾਪ ਦੀ ਹਾਜਤ ਹੋਣ ਦੇ ਕੀ-ਕੀ ਕਾਰਨ ਆਦਮੀਆਂ ਤੋਂ ਵੱਖਰੇ ਹੋ ਸਕਦੇ ਹਨ।

**ਔਰਤਾਂ ਵਿੱਚ ਵਾਰ ਵਾਰ ਪੇਸਾਪ ਦੀ ਹਾਜਤ**

ਬਹੁਤੇ ਕਾਰਨ ਵਾਰ ਵਾਰ ਪੇਸਾਪ ਦੀ ਹਾਜਤ ਦੇ ਆਦਮੀਆਂ ਅਤੇ ਔਰਤਾਂ ਵਿੱਚ ਉਹੀ ਹਨ ਪਰ ਕੁਝ ਕਾਰਨ ਦੋਹਾਂ ਸੈਕਸਾਂ ਯਾਨੀ ਮਰਦਤੇ ਔਰਤ ਵਿੱਚ ਵੱਖਰੇ ਵੱਖਰੇ ਹਨ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਆਦਮੀਆਂ ਵਾਂਗ ਔਰਤਾਂ ਵਿੱਚ ਪਰੌਸਟੇਟ ਨਹੀਂ ਹੁੰਦਾ ਅਤੇ ਔਰਤਾਂ ਦਾ ਬਲੈਡਰ ਯਾਨੀ ਪੇਸਾਪ ਵਾਲੀ ਥੈਲੀ ਬੱਚੇਦਾਨੀ ਦੇ ਸਾਹਮਣੇ ਪਾਸੇ ਬੱਚੇਦਾਨੀ ਦੀ ਹੀ ਮਦਦ ਨਾਲ ਲਟਕ ਰਹੀ ਹੁੰਦੀ ਹੈ। ਬੱਚੇ ਦਾਨੀ ਦੇ ਕਿਸੇ ਵੀ ਵਿਕਾਰ ਕਰਕੇ ਯੂਰੀਨਰੀ ਬਲੈਡਰ ਯਾਨੀ ਪੇਸਾਪ ਵਾਲੀ ਥੈਲੀ ਦਾ ਨਿਜਾਮ ਬਦਲ ਜਾਂਦਾ ਹੈ ਪੁਜੀਸ਼ਨ ਬਦਲ ਜਾਂਦੀ ਹੈ। ਜਿਵੇਂਕਿ ਪ੍ਰੈਗਨੈਨਸੀ ਦੌਰਾਨ। ਕਿਉਂਕਿ ਬਲੈਡਰ ਯਾਨੀ ਪੇਸਾਪ ਵਾਲੀ ਥੈਲੀ ਬਚੇਦਾਨੀ ਦੇ ਸਾਹਮਣੇ ਪਾਸੇ ਲੱਗਿਆ ਹੈ ਜਿਵੇਂ ਅੰਬਰ ਵੇਲ ਕਿਸੇ ਦਰਖਤ ਤੇ ਚੜ੍ਹੀ ਹੁੰਦੀ ਹੈ ਉਹਦੀ ਆਪਣੀ ਸਿੱਧੇ ਖੜ੍ਹੇ ਰਹਿਣ ਦੀ ਕੋਈ ਤਾਕਤ ਨਹੀਂ ਹੁੰਦੀ ਠੀਕ ਇਸੇ ਤਰ੍ਹਾਂ ਪੇਸਾਪ ਵਾਲੀ ਥੈਲੀ ਦੀ ਵੀ ਆਪਣੀ ਇਕੱਲੇ ਤੌਰ 'ਤੇ ਖੜੇ ਰਹਿਣ ਦੀ ਮਰਦਾਂ ਵਾਂਗ ਕੋਈ ਤਾਕਤ ਨਹੀਂ ਜਿਵੇਂ ਮਰਦ ਦੇ ਯੂਰੀਨਰੀ ਬਲੈਡਰ ਨੂੰ ਹੇਠੋਂ ਪ੍ਰੌਸਟੇਟ ਦੀ ਸਪੋਰਟ ਹੁੰਦੀ ਹੈ। ਔਰਤਾਂ ਵਿੱਚ ਜਿਵੇਂ ਹੀ ਪ੍ਰੈਗਨੈਂਸੀ ਦੌਰਾਨ ਬੱਚੇ ਦਾਨੀ ਦਾ ਅਕਾਰ ਵਧਦਾ ਹੈ ਤਾ ਪੇਸਾਪ ਵਾਲੀ ਥੈਲੀ ਬੱਚੇਦਾਨੀ ਦੇ ਸਾਹਮਣੇ ਵਾਲੀ ਜਾਘਾ (ਯਾਨੀ ਹਿਪ ਬੋਨ ਬਨਾਉਣ ਵਾਲੀਆਂ ਤਿੰਨਾਂ ਹੱਡੀਆਂ ਇਲੀਅਮ ਸੈਕਰਮ ਤੇ ਪਿਊਬਸ ਵਿਚੋਂ) ਸਾਹਮਣੇ ਦੀ ਪਿਉਬਿਸ ਹੱਡੀ ਵਿਚਕਾਰ ਪ੍ਰੈਸ ਹੋ ਜਾਂਦੀ ਹੈ ਜਿਸ ਕਰਕੇ ਇਹਦੇ ਵਿੱਚ ਪੇਸਾਪ ਦੇ ਭਰਨ ਲਈ ਜਗ੍ਹਾ ਬਹੁਤ ਘੱਟ ਜਾਂਦੀ ਹੈ। ਅਸੀਂ ਇਹ ਤਾਂ ਪਹਿਲਾਂ ਜਾਣ ਚੁੱਕੇ ਹਾਂ ਕਿ ਪੇਸਾਪ ਦਾ ਖ਼ੂਨ ਵਿੱਚੋਂ ਫਿਲਟਰ ਕਰਨ ਵਾਲਾ ਕਿਡਨੀ ਦਾ ਕਰਮ ਲਗਾਤਾਰ ਚਾਲੂ ਰਹਿੰਦਾ ਹੈ ਭਾਵ ਖ਼ੂਨ ਦੇ ਹਰ ਸਰਕਲ ਸਮੇਂ ਜਿਵੇਂ ਦਿਲ ਖ਼ੂਨ ਨੂੰ ਪੰਪ ਕਰ ਰਿਹਾ ਸੋ ਹਰ ਵਾਰ ਦਿਲ ਦੀ ਹਰ ਧੜਕਣ ਸਮੇਂ ਜਦੋਂ ਵੀ ਜਿਹੜਾ ਵੀ ਖ਼ੂਨ ਕਿਡਨੀਆਂ ਵਿੱਚ ਪਹੁੰਚਦਾ ਹੈ ਉਸ ਵਿਚੋਂ ਪਾਣੀ ਤੇ ਖ਼ੂਨ ਵਿੱਚ ਬਾਕੀ ਅੰਗਾਂ ਵਿਚੋਂ ਇਕੱਠਾ ਹੋਇਆ ਜ਼ਹਿਰੀਲਾ ਮਾਦਾ ਕਿਡਨੀਆਂ ਰਾਹੀਂ ਫਿਲਟਰ ਕਰਕੇ ਪੇਸਾਪ ਦੇ ਰਸਤੇ ਕੱਢਣ ਦੀ ਕੋਸ਼ਿਸ਼ ਲਗਾਤਾਰ ਜਾਰੀ ਰਹਿੰਦੀ ਹੈ। ਇਸ ਲਈ ਲਗਾਤਾਰ ਪੇਸਾਪ ਕਿਡਨੀਆਂ ਵਿਚੋਂ ਪੇਸਾਪ ਵਾਲੀ ਥੈਲੀ ਵਿੱਚ ਆਉਂਦਾ ਹੀ ਰਹਿੰਦਾ ਹੈ। ਪਰ ਪੇਸਾਪ ਵਾਲੀ ਥੈਲੀ ਬੱਚੇਦਾਨੀ ਤੇ ਪਿਊਬਸ ਹੱਡੀ ਵਿਚਕਾਰ ਪਿਚਕੀ ਹੋਣ ਕਰਕੇ ਇਸ ਵਿੱਚ ਪੇਸਾਪ ਜ਼ਿਆਦਾ ਦੇਰ ਤੇ ਬਹੁਤੀ ਮਾਤਰਾ ਵਿੱਚ ਇਸ ਵਿੱਚ ਟਿਕਾ ਕੇ ਰੱਖਣ ਦੀ ਸਮਰੱਥਾ ਨਹੀਂ ਰਹਿੰਦੀ ਜਿਸ ਕਰਕੇ ਵਾਰ ਵਾਰ ਹਾਜਤ ਹੁੰਦੀ ਰਹਿੰਦੀ ਹੈ ਜਿਵੇਂ-ਜਿਵੇਂ ਪ੍ਰੈਗਨੈਂਸੀ ਅੱਗੇ ਵੱਧਦੀ ਹੈ ਉਵੇਂ ਹੀ ਇਹ ਹਾਲਾਤ ਵਾਰ-ਵਾਰ ਪੇਸਾਪ ਆਉਣਾ ਤੇ ਥੋੜਾ-ਥੋੜਾ ਵਗਦਾ ਰਹਿਣਾ ਜਿਸਨੂੰ ਡਰਿਬਲਿੰਗ ਕਹਿੰਦੇ ਹਨ ਉਹ ਹੋਰ ਜ਼ਿਆਦਾ ਹੁੰਦੀ ਜਾਦੀ ਹੈ।

ਵਧਦੀ ਪ੍ਰੈਗਨੈਂਸੀ ਕਰਕੇ ਬੱਚੇਦਾਨੀ ਦਾ ਪ੍ਰੈਸ਼ਰ ਹੇਠਾਂ ਵੱਲ ਵੀ ਕੇ ਉੱਪਰ ਵੱਲ ਗੁਰਦਿਆਂ ਯਾਨੀ ਕਿਡਨੀਆਂ ਉੱਪਰ ਵਧਣ ਕਰਕੇ ਕਈ ਵੇਰ ਬੇਸ਼ੱਕ ਪੇਸਾਪ ਬਹੁਤ ਘੱਟ ਮਾਤਰਾ ਵਿੱਚ ਆਉਣਾ ਸ਼ੁਰੂ ਹੁੰਦਾ ਹੈ ਪਰ ਬੂੰਦ ਬੂੰਦ ਵਗਣ ਵਾਲੀ ਹਾਜਤ ਵਰਗੀ ਹਾਲਾਤ ਲਗਾਤਾਰ ਬਣੀ ਰਹਿੰਦੀ ਹੈ। ਤੁਰਦਿਆਂ ਵੀ ਪੇਸਾਪ ਨਿਕਲਦਾ ਰਹਿੰਦਾ ਹੈ ਤੇ ਕਿਡਨੀਆ ਉੱਪਰ ਪਏ ਬੱਚੇਦਾਨੀ ਦੇ ਪ੍ਰੈਸ਼ਰ ਕਰਕੇ ਕਿਡਨੀਆਂ ਦੇ ਪੇਸਾਪ ਫਿਲਟਰ ਕਰਨ ਦੇ ਕੰਮ ਵਿੱਚ ਵੀ ਰੁਕਾਵਟ ਆਉਂਦੀ ਹੈ ਤੇ ਸਰੀਰ ਵਿੱਚ ਵੱਖ ਵੱਖ ਥਾਵਾਂ ਤੇ ਪਾਣੀ ਇਕੱਠਾ ਹੋਣ ਲਗਦਾ ਹੈ। ਜਿਸ ਕਰਕੇ ਭਾਰ ਲੋੜ ਤੋਂ ਵੱਧ ਵੱਧਣ ਲਗਦਾ ਹੈ। ਹਰ ਅੰਗ ਵਿੱਚ ਵਾਧੂ ਪਾਣੀ ਇਕੱਠਾ ਹੋਣ ਕਰਕੇ ਭਾਰ ਵਧਣ ਮੁਤਾਬਿਕਹਿੱਸੇ ਆਉਂਦਾ ਫੇਫੜਿਆਂ ਵਿੱਚ ਵਾਧੂ ਪਾਣੀ ਮਿਲੇ ਖ਼ੂਨ ਦੇ ਜ਼ਿਆਦਾ ਇਕੱਠੇ ਹੋਣ ਕਰਕੇ ਸਾਹ ਚੜ੍ਹਨ ਲਗਦਾ ਹੈ। ਇਸਦਾ ਸਾਵਿਸਥਾਰ ਵੇਰਵਾ ਇਸ ਨਾਲ ਸੰਬੰਧਿਤ ਲੈਕਚਰ ਫੇਫੜਿਆਂ ਕਿਡਨੀਆਂ ਤੇ ਦਿਲ ਨਾਲ ਸੰਬੰਧਿਤ ਲੈਕਚਰਾਂ ਵਿੱਚ ਕੀਤਾ ਜਾਵੇਗਾ। ਪਰ ਬੂੰਦ-ਬੂੰਦ ਪੇਸਾਪ ਦਾ ਆਉਣਾ ਪ੍ਰੈਗਨੈਂਸੀ ਦੌਰਾਨ ਵੱਧ ਸਕਦਾ ਹੈ ਇਹਦਾ ਇਕ ਕਾਰਨ ਤਾਂ ਅਸਾਂ ਜਾਣ ਲਿਆ ਹੈ।

ਪ੍ਰੈਗਨੈਂਸੀ ਦੌਰਾਨ ਹੀ ਹੋਈ ਸ਼ੂਗਰ ਦੀ ਬਿਮਾਰੀ ਜਿਸਨੂੰ ਜੈਸਟੇਸਨਲ ਡਾਇਬਟੀਜ ਕਹਿੰਦੇ ਹਨ ਹੋ ਜਾਂਦੀ ਹੈ। ਵਾਰ ਵਾਰ ਪੇਸਾਬ ਆਉਣ ਦਾ ਇਹ ਵੀ ਬਹੁਤ ਵੱਡਾ ਕਾਰਨ ਹੈ।

ਔਰਤਾਂ ਵਿੱਚ ਪੈਲਵਿਕ ਸੋਜਿਸ ਜਾ ਗਿਲਟੀਆਂ ਵਗੈਰਾ ਹੋਣ ਕਰਕੇ ਵੀ ਪੇਸਾਪ ਵਾਲੀ ਥੈਲੀ ਦੀ ਇਹੀ ਹਾਲਤ ਹੋ ਜਾਂਦੀ ਹੈ ਕਿ ਪੇਸਾਪ ਦੀ ਹਾਜਤ ਲਗਾਤਾਰ ਬਣੀ ਰਹਿੰਦੀ ਹੈ।

ਬਣਤਰ ਦੇ ਲਿਹਾਜ ਨਾਲ ਬੱਚੇਦਾਨੀ ਦਾ ਉੱਪਰ ਵਾਲਾ ਹਿੱਸਾ ਜਿਸ ਨੂੰ ਬਾਡੀ ਆਫ ਦੀ ਯੂਟਰਿਸ ਕਹਿੰਦੇ ਹਨ ਉਹ ਅੱਗੇ ਵੱਲ ਨੂੰ ਝੁਕਿਆ ਹੁੰਦਾ ਹੈ। ਇਸ ਪੁਜੀਸ਼ਨ ਨੂੰ ਐਨਟੇਵਰਟਿਡ ਯੂਟਰਸ ਕਹਿੰਦੇ ਹਨ ਤੇ ਯੂਰੀਨਰੀ ਬਲੈਡਰ ਇਸਦੇ ਸਾਹਮਣੇ ਵਾਲੇ ਪਾਸੇ ਹੋਣ ਕਰਕੇ ਤੰਦਰੁਸਤ ਹਾਲਾਤਾਂ ਵਿੱਚ ਕਾਫੀ ਮਾਤਰਾ ਵਿੱਚ ਪੇਸਾਪ ਆਪਣੇ ਅੰਦਰ ਰੱਖ ਸਕਦਾ ਹੈ ਬੱਚੇਦਾਨੀ ਦੇ ਉਪਰ ਵਾਲਾ ਹਿੱਸਾ ਸਾਹਮਣੇ ਝੁਕਣ ਕਰਕੇ ਹੇਠਾਂ ਬਲੈਡਰ ਦੇ ਪੇਸਾਪ ਨਾਲ ਭਰ ਕੇ ਫੈਲਣ ਲਈ ਜ਼ਿਆਦਾ ਜਗ੍ਹਾ ਬਣ ਜਾਂਦੀ ਹੈ। ਪਰ ਕੁਝ ਹਾਲਤਾਂ ਵਿੱਚ ਬਚੇਦਾਨੀ ਨੂੰ ਸੱਟ ਚੋਟ ਲੱਗਣ ਸਮੇਂ ਜਾ ਅਬੌਰਸਨ ਭਾਵ ਹਮਲ ਦਾ ਸਮੇਂ ਤੋਂ ਪਹਿਲਾਂ ਡਿੱਗ ਜਾਣ ਦੀ ਹਾਲਤ ਵਿੱਚ ਜਾਂ ਪੈਲਵਿਕਸੋਜਿਸ ਕਰਕੇ ਅਗਰ ਯੂਟਰਸ ਦੀ ਪੁਜੀਸ਼ਨ ਸਾਹਮਣੇ ਵਾਲੇ ਪਾਸੇ ਵੱਲ ਝੁਕਾ ਤੋਂ ਬਦਲ ਕੇ ਪਿਛੇ ਵੱਲ ਨੂੰ ਝੁਕਾ ਹੋ ਜਾਵੇ ਜਿਸ ਨੂੰ ਰੈਕਟੋਵਰਟਿਡ ਯੂਟਰਿਸ ਯਾਨੀ ਗੁਦਾ ਵਾਲੇ ਪਾਸੇ ਨੂੰ ਝੁਕੀ ਹੋਈ ਬੱਚੇਦਾਨੀ ਕਹਿੰਦੇ ਹਨ ਉਸ ਹਾਲਾਤ ਵਿੱਚ ਪੇਸਾਪ ਵਾਲੀ ਥੈਲੀ ਵੀ ਪਿਛਾਂਹ ਵੱਲ ਨੂੰ ਝੁਕ ਜਾਂਦੀ ਹੈ ਤੇ ਇਹਦੇ ਉਪਰਲੇ ਹਿੱਸੇ ਵਿੱਚ ਕਿਡਨੀਆਂ ਵੱਲੋਂ ਪੇਸਾਪ ਲਿਆਉਣ ਵਾਲੀਆਂ ਦੋ ਨਾਲੀਆਂ ਜਿਨ੍ਹਾਂ ਨੂੰ ਯੂਰੇਟਰ ਕਹਿੰਦੇ ਹਨ ਉਹਨਾਂ ਦੇ ਲੱਗੇ ਹੋਣ ਕਰਕੇ ਜਿਵੇਂ-ਜਿਵੇਂ ਪੇਸਾਪ ਬੂੰਦ ਬੂੰਦ ਬਲੈਡਰ ਵਿੱਚ ਡਿਗਦਾ ਹੈ ਉਸੇ ਤਰ੍ਹਾਂ ਹੀ ਹਾਜਤ ਹੁੰਦੀ ਰਹਿੰਦੀ ਹੈ। ਬਲੈਡਰ ਵੀ ਖਿੱਚਿਆ ਰਹਿੰਦਾ ਹੈ ਤੇ ਬਹੁਤਾ ਫੈਲ ਨਹੀਂ ਸਕਦਾ ਬਹੁਤਾ ਪੇਸਾਬ ਆਪਣੇ ਵਿੱਚ ਜਮ੍ਹਾਂ ਨਹੀਂ ਰੱਖ ਸਕਦਾ। ਪਰ ਕਿਡਨੀਆਂ ਤੇ ਯੂਰੇਟਰ ਵਿੱਚ ਪੇਸਾਪ ਜ਼ਿਆਦਾ ਦੇਰ ਜਮ੍ਹਾਂ ਰਹਿਣ ਕਰਕੇ ਤੇਜ਼ਾਬੀ ਜ਼ਿਆਦਾ ਹੋ ਜਾਂਦਾ ਹੈ ਤੇ ਇਸ ਵਿੱਚ ਮੌਜੂਦ ਜ਼ਹਿਰੀਲੇ ਤੱਤ ਹੋਰ ਜ਼ਹਿਰੀਲੇ ਹੋ ਜਾਂਦੇ ਹਨ ਤੇ ਜਿਥੋਂ-ਜਿਥੋਂ ਇਹ ਪੇਸਾਪ ਲੰਘਦਾ ਹੈ ਉਥੇ।

(ਚੱਲਦਾ)

HOMEOPATHIC NATURAL MEDICINES




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)



## ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 24ਵੇਂ ਮਹਾਨ ਨਗਰ ਕੀਰਤਨ

16 ਅਪ੍ਰੈਲ 2023, ਦਿਨ ਐਤਵਾਰ

## ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 1 ਤੋਂ 16 ਅਪ੍ਰੈਲ 5 ਤੋਂ 9 ਵਜੇ ਤੱਕ



ਗਿਆਨੀ ਪ੍ਰਿੰਦਰਪਾਲ ਸਿੰਘ ਜੀ 5 ਤੋਂ 16 ਅਪ੍ਰੈਲ | ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ 4 ਤੋਂ 9 ਅਪ੍ਰੈਲ | ਭਾਈ ਸਰਬਜੀਤ ਸਿੰਘ ਰੰਗੀਲਾ 10 ਤੋਂ 16 ਅਪ੍ਰੈਲ | ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਭਾਈ ਗੁਰਸੇਵਕ ਸਿੰਘ ਜੀ ਹੈਡ ਗ੍ਰੰਥੀ | ਭਾਈ ਜਗਮੋਹਨ ਸਿੰਘ ਜੀ ਹਜ਼ੂਰੀ ਰਾਗੀ ਜਥਾ | ਭਾਈ ਮਹਿਲ ਸਿੰਘ ਜੀ ਕਵੀਸ਼ਰੀ ਜਥਾ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 16 ਅਪ੍ਰੈਲ 2023 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 324ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੰਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਅੰਮ੍ਰਿਤ ਸੰਚਾਰ :**
15 ਅਪ੍ਰੈਲ ਦਿਨ ਸ਼ਨੀਵਾਰ
ਸਵੇਰੇ 9.00 ਵਜੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ**
ਗੁਲਵਿੰਦਰ ਸਿੰਘ ਭਿੰਦਾ
209-487-3699
ਜਗਜੀਤ ਸਿੰਘ ਰੱਕੜ
209-483-9700

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਸ. ਗੁਰਨਾਮ ਸਿੰਘ ਟਿੱਕਾ : 209-649-1208
**ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :**
ਬੀਬੀ ਸਰਬਜੀਤ ਕੌਰ 209-430-9415

ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ : 209-275-8725, ਹਰਨੇਕ ਸਿੰਘ ਅਟਵਾਲ ਵਾਈਸ ਪ੍ਰਧਾਨ - 209-351-5965
ਅਮਰਜੀਤ ਸਿੰਘ ਤੁੰਗ ਜਨਰਲ ਸੈਕਟਰੀ : 209-954-2881, ਮਨਜੀਤ ਸਿੰਘ ਮਕੇਰੀਆਂ ਸਹਾਇਕ ਸੈਕਟਰੀ :209-992-1122
ਕਸ਼ਮੀਰ ਸਿੰਘ ਮੀਤ ਪ੍ਰਧਾਨ : 209-470-7005, ਜਸਵਿੰਦਰ ਸਿੰਘ ਝਿੱਜਰ ਸਹਾਇਕ ਸੈਕਟਰੀ : 209-649-6578
ਬਲਜਿੰਦਰ ਸਿੰਘ ਖਜ਼ਾਨਚੀ : 209-603-0680, ਸ. ਤੇਜਪਾਲ ਸਿੰਘ ਬੈਨੀਵਾਲ ਸਹਾਇਕ ਖਜ਼ਾਨਚੀ: 209-627-9233
ਅਮੋਲਕ ਸਿੰਘ ਬਡਿਆਲ ਚੇਅਰਮੈਨ 209-483-8946, ਗੁਰਪ੍ਰੀਤ ਸਿੰਘ ਵਾਈਸ ਚੇਅਰਮੈਨ : 209-513-8101

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

# ਸਿਨਸਿਨਾਟੀ ਵਿਖੇ ਸਿੱਖ ਯੂਥ ਸਿਮਪੋਜ਼ੀਅਮ 2023 ਦਾ ਆਯੋਜਨ





ਸਿਨਸਿਨਾਟੀ, ਓਹਾਇਓ : ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਸਥਾਨਕ ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਆਯੋਜਿਤ ਕੀਤੇ ਗਏ। ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ 6 ਸਾਲ ਤੋਂ ਲੈ ਕੇ 20 ਸਾਲ ਤੱਕ ਦੇ 42 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਿਮਪੋਜ਼ੀਅਮ ਲਈ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 3 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਬੇਸਿਕ ਨੌਲੇਜ ਆਫ ਸਿੱਖਇਜ਼ਮ", ਦੂਜੇ ਨੂੰ "ਸਿੱਖ ਸਾਖੀਜ਼ ਫਾਰ ਯੂਥ", ਤੀਜੇ ਨੂੰ "ਦੀ ਟਰਬਨ", ਅਤੇ ਚੌਥੇ ਨੂੰ "ਗੁਰੂ ਗ੍ਰੰਥ ਸਾਹਿਬ - ਸੁਪਰੀਮ ਟਰੇਜ਼ਰ" ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿੱਚ ਭਾਸਨ ਦਿੱਤੇ।

ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਸਾਲ 2006 ਤੋਂ ਬਤੌਰ ਸਥਾਨਕ ਕਨਵੀਤਰ ਦੀ ਸੇਵਾ ਨਿਭਾ ਚੁੱਕੇ ਸ. ਹਰਜਿੰਦਰ ਸਿੰਘ ਜੀ ਨੇ ਭਾਗ ਲੈਣ ਵਾਲੇ ਨੌਜਵਾਨਾਂ, ਪਰਿਵਾਰਕ ਅਤੇ ਸੰਗਤ ਮੈਂਬਰਾਂ ਨੂੰ ਇਸ ਦੀ ਮਹੱਤਤਾ ਬਾਰੇ ਦੁਸਦਿਆਂ ਕਿਹਾ ਕਿ ਇਸ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਇਸ ਮੌਕੇ ਓਹਨਾਂ ਦੇ ਸਪੁੱਤਰ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜੋ ਕਿ ਪਿਛਲੇ ਸਾਲ ਮਈ 2022 ਨੂੰ 42 ਸਾਲ ਦੀ ਉਮਰ ਵਿੱਚ ਕੈਂਸਰ ਦੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਵਲੋਂ ਸਾਲ 2006 ਤੋਂ ਸ਼ੁਰੂ ਕੀਤੇ ਗਏ ਸਥਾਨਕ ਸਿਮਪੋਜ਼ੀਅਮ ਲਈ ਹਰ ਸਾਲ ਯੂਥ ਨੂੰ ਬਹੁਤ ਮਿਹਨਤ ਨਾਲ ਤਿਆਰੀ ਕਰਵਾਈ ਜਾਂਦੀ ਸੀ। ਉਹਨਾਂ ਵਲੋਂ ਲਗਾਏ ਗਏ ਬੂਟੇ ਦਾ ਹੀ ਨਤੀਜਾ ਹੈ ਕਿ ਮੰਚ ਦਾ ਸੰਚਾਲਨ ਅਤੇ ਹੋਰ ਸੇਵਾਵਾਂ ਉਹਨਾਂ ਨੌਜਵਾਨਾਂ ਵਲੋਂ ਹੀ ਕੀਤੀਆਂ ਗਈਆਂ ਜੋ ਪਹਿਲਾਂ ਇਹਨਾਂ ਵਿੱਚ ਭਾਗ ਲੈਂਦੇ ਰਹੇ ਹਨ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਆਯੋਜਤ ਕਰਣ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਉਹਨਾਂ ਦੇ ਮਾਤਾ ਪਿਤਾ, ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਸੇਵਾਦਾਰ ਕਮੇਟੀ ਨੇ ਵੀ ਇਸ ਸਮਾਗਮ ਦੇ ਆਯੋਜਨ ਲਈ ਸਾਰੇ ਸੇਵਾਦਾਰਾਂ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਬੱਚਿਆਂ ਅਤੇ ਨੌਜਵਾਨਾਂ ਲਈ ਭਵਿੱਖ ਵਿੱਚ ਕਰਵਾਏ ਜਾਣ ਵਾਲੇ ਅਜਿਹੇ ਹੋਰਨਾਂ ਸਮਾਗਮਾਂ ਦੇ ਆਯੋਜਨ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਟਰੌਫੀ ਅਤੇ ਕਿਤਾਬਾਂ ਵੀ ਦਿੱਤੀਆਂ ਗਈਆਂ ਜਿਸ ਵਿੱਚ "ਫੌਜਾ ਸਿੰਘ ਕੀਪਸ ਗੋਇੰਗ", "ਦ ਗਾਰਡਨ ਆਫ ਪੀਸ", "ਵਾਏ ਐਮ ਆਏ ਹੇਅਰ" ਸ਼ਾਮਲ ਸਨ ਜੋ ਕਿ ਬੱਚਿਆਂ ਵਲੋਂ ਬਹੁਤ ਪਸੰਦ ਕੀਤੀਆਂ ਗਈਆਂ। ਹਰੇਕ ਗਰੁਪ ਦੇ ਜੇਤੂ ਬੱਚੇ ਮਈ ਮਹੀਨੇ ਦੇ ਅਖੀਰ ਵਿੱਚ ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

ਸਿਮਪੋਜ਼ੀਅਮ ਅਤੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਇਸ ਹਫਤੇ ਤੋਂ ਲਗਾਤਾਰ ਆਰਟੀਕਲ ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਸਾਨੂੰ ਯਕੀਨ ਹੈ ਕਿ ਪਾਠਕ ਇਸਨੂੰ ਪੜ੍ਹਕੇ ਕੌਮ ਦੇ ਸੁਨਹਿਰੀ ਭਵਿੱਖ ਬਾਰੇ ਸੋਚਣਗੇ ਅਤੇ ਏਕਤਾ ਅਤੇ ਸਮੇਂ ਸਿਰ ਠੀਕ ਫੈਸਲੇ ਲੈਣ ਲਈ ਪ੍ਰੇਰਤ ਕਰਨਗੇ : ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਖਾਲਸੇ ਦੀ ਸਿਰਜਣਾ ਦੇ ਸ੍ਰੋਤ

## ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ

**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

(ਭਾਈ ਗੁਰਦਾਸ ਜੀ)



1699 ਵਾਲੀ ਪਵਿੱਤਰ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਣਾ ਮਾਨਵਤਾ ਦੇ ਇਤਿਹਾਸ ਦੀ ਇਕ ਅਦੁੱਤੀ ਤੇ ਲਾਮਿਸਾਲ ਘਟਨਾ ਹੈ। 'ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।' ਗੁਰੂ ਨਾਨਕ ਦੇਵ ਜੀ ਵਲੋਂ ਜਿਸ ਨਿਆਰੇ ਤੇ ਨਿਰਮਲ ਪੰਥ ਦੀ ਨੀਂਹ ਰੱਖੀ ਗਈ ਉਸ ਪੰਥ ਨੂੰ ਸੰਪੂਰਨਤਾ ਬਖਸ਼ਿਸ਼ ਕਰਦਿਆਂ ਕਲਗੀਧਰ ਪਿਤਾ ਨੇ ਨਾ ਕੇਵਲ 'ਬਾਣੀ ਅਤੇ ਬਾਣੇ' ਦੀ ਨਿਯਮਬੱਧਤਾ ਅਤੇ ਨੇਮਬੱਧਧਤਾ ਪ੍ਰਦਾਨ ਕੀਤੀ ਬਲਕਿ ਕੀਨਾ ਉਦਮ ਪੰਥ ਦਾ, ਪੰਚ ਸਿਖ ਮੰਗਵਾਯ। ਪਾਹੁਲ ਗੁਰ ਤਿਨ ਕੋ ਦੇਈ, ਸਿਰ ਪਰ ਕੇਸ ਰਖਾਯ॥ ੨੧੩॥ ਪਿਤਾ ਗੁਰੂ ਨੇ ਪੰਥ ਨੂੰ 'ਗੁਰੂ ਪੰਥ' ਦਾ ਦਰਜਾ ਦੇ ਕੇ ਇਸ ਦੀਆਂ ਰਹਿਤਾਂ ਅਤੇ ਕੁਰਹਿਤਾਂ ਵੀ ਮੁਕੱਰਰ ਕਰ ਦਿੱਤੀਆਂ। ਇਸ ਚਮਤਕਾਰੀ ਬਿਰਤਾਂਤ ਨੂੰ ਪੰਥ ਪ੍ਰਵਾਨਤ 'ਸਿੱਖ ਰਹਿਤ ਮਰਯਾਦਾ' ਨੇ ਕਲਮਬੱਧ ਕੀਤਾ :

''(ੳ) 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।''

ਕੰਕਣ ਕਵੀ ਨੇ ਇਸ ਕਰਿਸ਼ਮੇ ਬਾਰੇ ਗਵਾਹੀ ਦਿੱਤੀ :

**ਜਿਹ ਬਿਧਿ ਪਾਹੁਲ ਗੁਰ ਦਈ।**
**ਤਿਹ ਬਿਧਿ ਤਿਸਸੋ ਲੀਨ।**
**ਆਪ ਸਿਖ ਤਿਨਕਾ ਭੱਯਾ।**
**ਇਹੀ ਕਾਮ ਗੁਰ ਕੀਨ॥ ੨੧੭॥**
**ਚੌਪਈ - ਵਾਹਿਗੁਰੂ ਇਹੁ ਬਚਨ ਸੁਨਾਯਾ।**
**ਗੁਰੂ ਖਾਲਸਾ ਨਾਮੁ ਧਰਾਯਾ।**
**ਤੁਮ ਮੇਰੇ ਮੈਂ ਤੁਮਰਾ ਹੂਆ।**
**ਤੁਮਰਾ ਹਮਰਾ ਗੁਰੂ ਨ ਦੂਆ॥ ੨੧੯॥**

ਸਿੱਖੀ ਦੀ ਸਿਰਜਣਾ ਅਤੇ ਇਸ ਦਾ ਨਿਆਰਾਪਨ 'ਸ਼ਬਦ' ਜਾਂ 'ਗੁਰਬਾਣੀ' ਤੋਂ ਹੈ। ਭਾਈ ਗੁਰਦਾਸ ਜੀ ਇਸ ਘੁੰਡੀ ਨੂੰ ਖੋਲ੍ਹਦਿਆਂ ਲਿਖਦੇ ਹਨ : **'ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।'** ਗੁਰੂ ਗੋਬਿੰਦ ਸਿੰਘ ਜੀ ਮਹਾਰਾਜਾ ਨੇ ਵੀ ਖਾਲਸੇ ਦੀ ਸਿਰਜਣਾ ਖੰਡੇ ਬਾਟੇ 'ਚੋਂ 'ਪੰਜ ਬਾਣੀਆਂ' ਦੇ ਪਾਠ ਨਾਲ ਹੀ ਕੀਤੀ। ਇਹ ਪੰਜ ਬਾਣੀਆਂ ਜਿਨ੍ਹਾਂ ਦਾ ਪਾਠ ਕਲਗੀਧਰ ਪਿਤਾ ਨੇ ਖ਼ੁਦ ਕੀਤਾ ਉਸ ਦਾ ਜ਼ਿਕਰ 'ਸਿੱਖ ਰਹਿਤ ਮਰਯਾਦਾ' ਨੇ 'ਅੰਮ੍ਰਿਤ ਸੰਸਕਾਰ' ਦੀ ਮੱਦ ੨ (ਙ) ਵਿਚ ਕੀਤਾ ਹੈ ਕਿ, ''ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ''। ਵਿਚਾਰਗੋਚਰੇ ਹੈ ਕਿ ਅੰਮ੍ਰਿਤ ਸੰਸਕਾਰ ਦੀਆਂ ਇਨ੍ਹਾਂ ਪੰਜ ਬਾਣੀਆਂ ਵਿਚੋਂ ਕੇਵਲ ਦੋ ਬਾਣੀਆਂ 'ਜਪੁਜੀ ਸਾਹਿਬ' ਅਤੇ 'ਅਨੰਦ ਸਾਹਿਬ' ਹੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਈਆਂ ਗਈਆਂ ਹਨ। ਬਾਕੀ ਦੀਆਂ ਤਿੰਨ ਬਾਣੀਆਂ 'ਜਾਪੁ ਸਾਹਿਬ', ੧੦ ਸਵੱਯੇ ਅਤੇ ਬੇਨਤੀ ਚੌਪਈ' ਕਲਗੀਧਰ ਪਿਤਾ ਦੀਆਂ ਸ੍ਰੀ ਮੁਖਵਾਕ ਬਾਣੀਆਂ ਹਨ। ਇਸੇ ਤਰ੍ਹਾਂ ਸਿੱਖ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਜ਼ਿਕਰ ਸਿੱਖ ਰਹਿਤ ਮਰਯਾਦਾ ਦੀ ਮੱਦ '੧ ਨਾਮ ਬਾਣੀ ਦਾ ਅਭਿਆਸ' ਵਿਚ ਕੀਤਾ ਗਿਆ ਹੈ, ''੨- ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ-'ਜਪੁ, ਜਾਪ ਅਤੇ ੧੦ ਸਵੱਯੇ, ਸੋਦਰੁ ਰਹਿਰਾਸ ਅਤੇ ਸੋਹਿਲਾ।' ਇਥੇ ਵੀ ਨਿਤਨੇਮ ਦੀਆਂ ਪੰਜ ਬਾਣੀਆਂ 'ਚੋਂ ਤਿੰਨ ਬਾਣੀਆਂ ਸ੍ਰੀ ਦਸਮ ਪਾਤਸ਼ਾਹ ਦੀਆਂ ਰਚਨਾਵਾਂ ਹਨ।

ਸੋ ਕਿਸੇ ਵਿਅਕਤੀ ਨੂੰ ਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ ਅਤੇ ਸਿੱਖ ਕਾਇਮ ਰਹਿਣ ਲਈ ਜਿਨ੍ਹਾਂ ਪੰਜ ਬਾਣੀਆਂ ਦੀ ਲੋੜ ਹੈ ਉਨ੍ਹਾਂ ਵਿਚੋਂ ਤਿੰਨ ਬਾਣੀਆਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਸ੍ਰੀ ਮੁਖਵਾਕ ਬਾਣੀਆਂ ਹਨ। ਇਸੇ ਲਈ ਸਿੱਖ ਰਹਿਤ ਮਰਯਾਦਾ ਮੁਤਾਬਕ ਸਿੱਖ ਦੀ ਪਰਿਭਾਸ਼ਾ ਇਕਦਮ ਸਪਸ਼ਟ ਹੈ ਕਿ, ''...ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਸਪਸ਼ਟ ਹੈ ਕਿ ਸਿੱਖ ਲਈ ਅੰਮ੍ਰਿਤ ਸੰਸਕਾਰ ਅਤੇ ਨਿਤਨੇਮ ਦੀ ਬਾਣੀ ਦੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਸ੍ਰੀ ਦਸਮ ਪਾਤਸ਼ਾਹ ਦੀ ਬਾਣੀ ਵੀ ਹੈ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੇ ਇਸ ਨੁਕਤੇ ਦੀ ਵਿਆਖਿਆ 'ਗੁਰਮਤਿ ਦੀ ਰਹਿਣੀ' ਵਾਲੇ ਅਧਿਆਇ ਵਿਚ ਵੀ ਕੀਤੀ ਹੈ ਜਿਸ ਮੁਤਾਬਕ ''(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ ਹੈ।''

ਪੰਥ ਦੀ ਸਿਰਮੌਰ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੇ ਨਿਤਨੇਮ ਦੇ ਗੁਟਕਿਆਂ ਵਿਚ ਵੀ ਸੂਚਿਤ ਕੀਤਾ ਗਿਆ ਹੈ, ''ਸੁਧਾਈ- ਇਸ ਗੁਟਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਛਪੀਆਂ ਬਾਣੀਆਂ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਤੋਂ ਤੇ ਦਸਮ ਪਾਤਸ਼ਾਹ ਦੀ ਬਾਣੀ ਪ੍ਰਾਚੀਨ ਦਸਮ ਗ੍ਰੰਥ ਦੀਆਂ ਬੀੜਾਂ ਨਾਲ ਕੀਤੀ ਗਈ ਹੈ।'

ਸਿੱਖ ਦੇ ਬਾਣੇ ਅਤੇ ਬਾਣੀ ਅਤੇ ਪ੍ਰਮਾਣਿਕਤਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਇਸ ਬਾਣੇ ਅਤੇ ਬਾਣੀ ਨੂੰ ਰਹਿਤਾਂ ਅਤੇ ਕੁਰਹਿਤਾਂ ਦੀ ਕੰਡਿਆਲੀ ਵਾੜ ਨਾਲ ਮਹਿਫ਼ੂਜ਼ੀਅਤ ਅਤੇ ਸੁਰੱਖਿਆ ਬਖਸ਼ੀ।

ਸਿੱਖ ਦੀ ਜ਼ਿੰਦਗੀ, ਇਸ ਦੀ ਪਰਵਾਜ਼, ਇਸ ਦੀ ਉਡਾਣ, ਇਸ ਦਾ ਵਿਚਰਣ ਖੇਤਰ (੧) ਦਸ ਗੁਰੂ ਸਾਹਿਬਾਨ ਅਤੇ (੨) ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਦੇ ਦਾਇਰੇ, ਮਦਾਰ ਵਿਚ ਮੁਕੱਰਰ, ਤੈਅ ਕਰ ਦਿੱਤਾ ਗਿਆ। ਇਸ ਰਾਮਕਾਰ ਦੀ ਉਲੰਘਣਾ ਕਰਨ ਵਾਲਾ ਜਾਂ ਇਸ ਤੋਂ ਮੁਨਕਰ ਹੋਣ ਵਾਲਾ 'ਗੁਰੂ ਦੋਖੀ' ਹੀ ਕਿਹਾ ਜਾ ਸਕਦਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਵਿਚ ਉਨ੍ਹਾਂ ਦੀ ਹਯਾਤੀ ਸਮੇਂ ਗੁਰੂ ਸਾਹਿਬ ਦੇ ਸਰੀਰ ਅਤੇ ਉਨ੍ਹਾਂ ਦੀ ਬਾਣੀ 'ਤੇ ਨਿਰੰਤਰ ਹਮਲੇ ਹੁੰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤਿ ਅਤੇ ਜੁਗਤਿ ਕ੍ਰਮਵਾਰ ਗੁਰੂ ਗ੍ਰੰਥ ਸਾਹਿਬ ਅਤੇ ਖਾਲਸੇ ਵਿਚ ਸਥਾਪਤ ਕਰ ਦਿੱਤੀ। ਹੁਣ ਇਨ੍ਹਾਂ ਹਮਲਿਆਂ ਦਾ ਨਿਸ਼ਾਨਾ ਤਾਂ ਉਹੀ ਰਿਹਾ, ਅਲਬੱਤਾ ਇਨ੍ਹਾਂ ਦਾ ਰੰਗ-ਢੰਗ, ਚਾਲਾਂ-ਕੁਚਾਲਾਂ ਅਤੇ ਆਯਾਮ ਬਦਲ ਗਏ। ਹੁਣ ਹਮਲੇ ਦੇ ਦੋ ਰੂਪ ਹਨ। ਪਹਿਲਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਗੁਰੂ ਸਾਹਿਬਾਨਾਂ ਨੂੰ ਇਕ ਜੋਤ ਤੇ ਇਕ ਰੂਪ ਮੰਨਣ ਤੋਂ ਇਨਕਾਰੀ ਹੋਣਾ ਅਤੇ ਦੂਸਰਾ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਦੀ ਬਾਣੀ ਨੂੰ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਮੰਨਣ ਤੋਂ ਮੁਨਕਰ ਹੋਣਾ।''

ਗੁਰੂ ਕਲਗੀਧਰ ਪਿਤਾ ਦਾ ਬਚਨ ਹੈ -

**ਜੇ ਅਪਨੇ ਗੁਰ ਤੇ ਮੁਖ ਫਿਰਹੈਂ॥**
**ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰਿਹੈਂ॥**
**ਇਹਾਂ ਉਪਹਾਸ ਨ ਸੁਰ ਪੁਰ ਬਾਸਾ॥**
**ਸਭ ਬਾਤਨ ਤੇ ਰਹੈ ਨਿਰਾਸਾ॥**

(ਬਚਿਤ੍ਰ ਨਾਟਕ, ਅਧਿ. ੧੩)

ਗੁਰਤਾਗੱਦੀ ਦੇ ਦੋ ਮੁੱਖ ਚਿੰਨ੍ਹ ਹੁੰਦੇ ਹਨ - ਚਵਰ ਅਤੇ ਤਖ਼ਤ। ਚਵਰ ਅਤੇ ਤਖ਼ਤ ਦੇ ਜੁਗੋ ਜੁਗ ਅਟਲ ਮਾਲਕ ਗੁਰੂ ਗ੍ਰੰਥ ਸਾਹਿਬ ਹੀ ਹਨ।

ਗੁਰੂ ਸਾਹਿਬ ਦੀ ਗੁਰਤਾਗੱਦੀ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਬਿਰਾਜਮਾਨ ਕਰਨ ਦਾ ਨਿਰਣਾ ਵੀ ਗੁਰੂ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਇਸ ਵਿਚ ਕਿਸੇ ਵੀ ਕਿਸਮ ਦੀ ਤਬਦੀਲੀ ਦਾ ਅਧਿਕਾਰ ਨਾ ਤਾਂ ਕਿਸੇ ਕੋਲ ਹੈ ਤੇ ਨਾ ਹੀ ਇਹ ਕੀਤਾ ਹੀ ਜਾ ਸਕਦਾ ਹੈ।

ਇਸੇ ਲਈ ਸਿੱਖ ਰਹਿਤ ਮਰਯਾਦਾ ਵਿਚ ਸਪਸ਼ਟ ਅੰਕਿਤ ਹੈ ਕਿ, ''ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।'' ਪਰ ਇਸ ਦੇ ਨਾਲ ਹੀ ਨਿਤਨੇਮ ਅਤੇ ਅੰਮ੍ਰਿਤ ਸੰਸਕਾਰ ਦੀਆਂ ਬਾਣੀਆਂ ਦਾ ਨਿਰਣਾ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਆਪਣੀ ਬਾਣੀ ਦੇ ਗੁਰਬਾਣੀ ਹੋਣ ਦੇ ਬਾਵਜੂਦ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਾ ਕਰਨਾ ਗੁਰੂ ਦਾ ਆਪਣਾ ਅਗੰਮੀ ਕੌਤਕ ਹੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਰਗਾ ਦਰਬਾਰ ਮੌਜੂਦ ਹੋਣ ਦੇ ਬਾਵਜੂਦ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਦਰਬਾਰ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਜੈਕਾਰੇ, ਨਗਾਰੇ, ਵਾਰਾਂ, ਅਸਤ੍ਰ, ਸ਼ਸਤ੍ਰ, ਬਾਜ਼, ਨੇਜ਼ੇ, ਬੰਦੂਕਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸ਼ਿੰਗਾਰ ਬਣੇ। ਇਸ ਦੇ ਬਾਵਜੂਦ ਮੀਰੀ-ਪੀਰੀ ਦਾ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਮੁਕਾਬਲੇ 'ਤੇ ਨਹੀਂ ਬਲਕਿ ਇਸ ਦੇ ਸਿਧਾਂਤ ਅਧੀਨ ਹੀ ਰਿਹਾ।

ਜਿਹੜੀਆਂ ਗੱਲਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਨਹੀਂ ਕਹੀਆਂ ਗਈਆਂ ਜਾਂ ਕੀਤੀਆਂ ਗਈਆਂ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਈਆਂ। ਕੁਝ ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸਿਧਾਂਤ ਦੇ ਦਾਇਰੇ ਵਿਚ ਦਸਮ ਪਿਤਾ ਨੇ ਆਪਣੇ ਅੰਦਾਜ਼ ਵਿਚ ਬਾਣੀ ਦੀ ਰਚਨਾ ਕੀਤੀ। ਸਿੱਖ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਨਕਰ ਨਹੀਂ ਹੋ ਸਕਦਾ। ਸਿੱਖ ਦਸਮ ਬਾਣੀ ਤੋਂ ਇਨਕਾਰੀ ਨਹੀਂ ਹੋ ਸਕਦਾ, ਸਿੱਖ ਲਈ ਇਹ ਦੋਨੋਂ ਬਾਣੀ ਦੇ ਸ੍ਰੋਤ ਹਨ।

ਗੁਰੂ ਗ੍ਰੰਥ ਸਾਹਿਬ ਕੇਂਦਰੀ ਸਿਧਾਂਤ ਹੈ। ਧੁਰ ਕੀ ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦਸਮ ਪਿਤਾ ਦੀ ਬਾਣੀ ਤੋਂ ਮੁਨਕਰ ਹੋਣ ਵਾਲੇ ਦਰਅਸਲ ਡੂੰਘੀ ਸਾਜ਼ਿਸ਼ ਤਹਿਤ ਖ਼ਾਲਸੇ ਨੂੰ ਨਿਤਨੇਮ ਦੀਆਂ ਬਾਣੀਆਂ, ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਚਾਰ ਕੁਰਹਿਤਾਂ, ਪੰਜ ਕਕਾਰਾਂ ਤੋਂ ਸਿੱਖੀ ਨੂੰ ਮਹਿਰੂਮ ਕਰਨਾ ਲੋਚਦੇ ਹਨ। ਉਨ੍ਹਾਂ ਨੂੰ ਭਲੀ-ਭਾਂਤ ਪਤਾ ਹੈ ਕਿ ਇਹ ਸਭ ਕੁਝ ਕੇਵਲ ਗੁਰੂ ਗ੍ਰੰਥ ਸਾਹਿਬ ਤੋਂ ਨਹੀਂ ਮਿਲ ਸਕਦਾ ਬਲਕਿ ਇਸ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਪਿਤਾ ਦੀ ਬਾਣੀ ਹੈ ਜਿਸ ਦਾ ਸ੍ਰੋਤ, ਸ੍ਰੀ ਦਸਮ ਗ੍ਰੰਥ ਸਾਹਿਬ ਹੈ। ਇਸੇ ਲਈ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੋਂ ਨਿਸ਼ਚਾ ਜ਼ਰੂਰੀ ਮਿਥਿਆ ਗਿਆ ਹੈ। ਵੈਸਾਖੀ ਦਾ ਇਹੀ ਪੈਗ਼ਾਮ ਹੈ।

# ਸਿੱਖਸ ਆਫ ਅਮੈਰਿਕਾ ਦੇ ਅਹੁਦੇਦਾਰਾਂ ਦੀ ਭਾਰਤੀ ਫਾਈਨਾਂਸ ਮਨਿਸਟਰ ਨਿਰਮਲਾ ਸੀਤਾਰਮਨ ਨਾਲ ਹੋਈ ਅਹਿਮ ਬੈਠਕ

## ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਪੰਜਾਬ ਦਾ ਕਰਜ਼ਾ ਮੁਆਫ ਕਰਨ ਅਤੇ ਉਦਯੋਗਿਕ ਪੈਕੇਜ ਦੇਣ ਦੀ ਕੀਤੀ ਮੰਗ





ਵਾਸ਼ਿੰਗਟਨ ਡੀ.ਸੀ., (ਸਾਡੇ ਲੋਕ/ਰਾਜ ਗੋਗਨਾ) : ਬੀਤੇ ਦਿਨ ਭਾਰਤ ਦੀ ਫਾਈਨਾਂਸ ਮਨਿਸਟਰ ਨਿਰਮਲਾ ਸੀਤਾਰਮਨ ਇਨੀਂ ਦਿਨੀਂ ਸਰਕਾਰੀ ਦੌਰੇ 'ਤੇ ਅਮੈਰਿਕਾ ਵਿੱਚ ਹਨ। ਇਸ ਦੌਰਾਨ ਉਹਨਾਂ ਨੇ ਸਿੱਖਸ ਆਫ ਅਮੈਰਿਕਾ ਦੇ ਅਹੁਦੇਦਾਰਾਂ ਨਾਲ ਇਕ ਅਹਿਮ ਬੈਠਕ ਕੀਤੀ ਜਿਸ ਵਿਚ ਉੱਚ ਪੱਧਰੀ ਵਿਚਾਰਾਂ ਹੋਈਆਂ। ਸਿੱਖਸ ਆਫ ਅਮੈਰਿਕਾ ਦੇ ਵਫਦ 'ਚ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਪ੍ਰਧਾਨ ਕਮਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ, ਡਾਇਰੈਕਟਰ ਗੁਰਵਿੰਦਰ ਸਿੰਘ ਸੇਠੀ, ਡਾਇਰੈਕਟਰ ਚਤਰ ਸਿੰਘ ਅਤੇ ਰਤਨ ਸਿੰਘ ਸ਼ਾਮਿਲ ਸਨ। ਇਸ ਮੌਕੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਜਿੱਥੇ ਅਮਰੀਕਾ ਵਿਚ ਭਾਰਤੀਆਂ ਦੀ ਤਰੱਕੀ ਬਾਰੇ ਨਿਰਮਲਾ ਸੀਤਾਰਮਨ ਨੂੰ ਜਾਣੂੰ ਕਰਵਾਇਆ ਉੱਥੇ ਉਹਨਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦਾ ਸਾਰਾ ਕਰਜ਼ਾ ਮੁਆਫ਼ ਕਰੇ ਅਤੇ ਉਦਯੋਗਿਕ ਪੈਕੇਜ ਜਾਰੀ ਕਰੇ ਤਾਂ ਜੋ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਵਧ ਸਕਣ। ਉਨਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਅੱਜ ਰੁਜ਼ਗਾਰ ਦੀ ਭਾਲ ਵਿਚ ਬਹੁਤ ਤੇਜ਼ੀ ਨਾਲ ਪੱਛਮੀਂ ਮੁਲਕਾਂ ਜਾਂ ਹੋਰ ਵਿਕਸਤ ਦੇਸ਼ਾਂ ਵੱਲ ਜਾ ਰਿਹਾ ਹੈ ਜਿਸਨੂੰ ਰੋਕਣਾ ਕੇਂਦਰ ਸਰਕਾਰ ਦਾ ਫਰਜ਼ ਹੈ। ਪੰਜਾਬ ਵਿਚ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਸਰਕਾਰ ਸਬਸਿਡੀਆਂ ਦਾ ਐਲਾਨ ਕਰੇ। ਇਸ ਮੌਕੇ ਸ੍ਰ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਹਿਲਾਂ ਵੀ ਪੰਜਾਬ ਅਤੇ ਖਾਸਕਰ ਸਿੱਖਾਂ ਦੇ ਹਿਤ ਵਿਚ ਕਈ ਫੈਸਲੇ ਲਏ ਹਨ ਅਤੇ ਜੇਕਰ ਉਪਰੋਕਤ ਦੋਵੇਂ ਮੰਗਾਂ ਮੰਨੀਆਂ ਜਾਂਦੀਆਂ ਹਨ ਤਾਂ ਇਹ ਇਕ ਇਤਿਹਾਸਕ ਫੈਸਲਾ ਹੋਵੇਗਾ ਕਿਉਂਕਿ ਕਿਸੇ ਵੀ ਸਰਕਾਰ ਨੇ ਅੱਜ ਤੱਕ ਪੰਜਾਬ ਨੂੰ ਉਦਗੋਗਿਕ ਪੈਕੇਜ ਨਹੀਂ ਦਿੱਤਾ। ਲੰਬੀ ਚੱਲੀ ਵਾਰਤਾ ਦੌਰਾਨ ਨਿਰਮਲਾ ਸੀਤਾਰਮਨ ਨੇ ਜਸਦੀਪ ਸਿੰਘ ਜੱਸੀ ਵਲੋਂ ਉਠਾਈਆਂ ਗਈਆਂ ਦੋਵਾਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਇਹ ਮੰਗਾਂ ਪ੍ਰਧਾਨ ਮੰਤਰੀ ਸ਼੍ਰੀ



ਨਰਿੰਦਰ ਮੋਦੀ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ। ਉਹਨਾਂ ਇਸ ਮੌਕੇ ਸਿੱਖਸ ਆਫ ਅਮੈਰਿਕਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਅਤੇ ਚੈਰਿਟੀ ਕਾਰਜਾਂ ਦੀ ਪ੍ਰਸ਼ੰਸਾ ਵੀ ਕੀਤੀ।




# ਭਾਈ ਨਗਾਹੀਆ ਸਿੰਘ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਚੱਲਣ ਸਮੇਂ ਉੱਚ ਦੇ ਪੀਰ ਦੇ ਰੂਪ ਵਿੱਚ ਮੰਜੇ ਉੱਪਰ ਬਿਰਾਜਮਾਨ ਹੋਏ। ਜਿਨ੍ਹਾਂ ਨੂੰ ਭਾਈ ਗਨੀ ਖਾਂ, ਭਾਈ ਨਬੀ ਖਾਂ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਆਪਣੇ ਮੋਢਿਆਂ ਉੱਪਰ ਰੱਖ ਕੇ 14 ਪੋਹ 1761 ਬਿਕ੍ਰਮੀ (1704 ਈ:) ਨੂੰ ਪਿੰਡ ਆਲਮਗੀਰ ਪਹੁੰਚੇ ਅਤੇ ਬਿਰਾਜਮਾਨ ਹੋਏ।
ਇਥੇ ਗੁਰੂ ਸਾਹਿਬ ਨੇ ਤੀਰ ਮਾਰ ਕੇ ਧਰਤੀ ਦੇ ਸੀਨੇ 'ਚੋਂ ਅੰਮ੍ਰਿਤ ਜਲ ਦਾ ਸੋਮਾ ਪ੍ਰਗਟ ਕੀਤਾ ਅਤੇ ਇਥੇ ਹੀ ਭਾਈ ਨਗਾਹੀਆ ਸਿੰਘ ਜੀ ਨੇ ਗੁਰੂ ਸਾਹਿਬ ਜੀ ਨੂੰ ਘੋੜਾ ਭੇਟ ਕੀਤਾ, ਜਿਥੇ ਹੁਣ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ ਆਲਮਗੀਰ (ਲੁਧਿਆਣਾ) ਵਿਖੇ ਸ਼ੁਸ਼ੋਭਿਤ ਹੈ। ਆਪ ਜੀ (ਭਾਈ ਨਗਾਹੀਆ ਸਿੰਘ ਜੀ) ਸ੍ਰ: ਲਖਮੀਰਾ ਸਿੰਘ ਜੀ ਦੇ ਸਪੁੱਤਰ ਸਨ ਜੋ ਆਲਮਗੀਰ ਪਿੰਡ ਦੇ ਵਾਸੀ ਸਨ।

# ਸਰਕਾਰ ਨੇ ਪਹਿਲੇ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਤੇ ਨਵੇਂ ਸਿੱਖਾਂ ਨੂੰ ਬੰਦੀ ਬਣਾਇਆ ਜਾ ਰਿਹਾ : ਪੰਥਕ ਜਥੇਬੰਦੀਆਂ

## ਅੰਮ੍ਰਿਤਸਰ ਤੋਂ ਮੋਹਾਲੀ ਮੋਰਚੇ ਤੱਕ ਕੱਢਿਆ ਬੰਦੀ ਸਿੰਘ ਰਿਹਾਈ ਮਾਰਚ

ਅੰਮ੍ਰਿਤਸਰ : ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ, ਜਥਾ ਸਿਰਲੱਥ ਖ਼ਾਲਸਾ ਅਤੇ ਸ਼ਹੀਦ ਧਰਮ ਸਿੰਘ ਟੱਰਸਟ ਵੱਲੋਂ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਲੱਗੇ ਕੌਮੀ ਇਨਸਾਫ਼ ਮੋਰਚਾ ਮੋਹਾਲੀ ਤੱਕ ਦੂਸਰਾ ਬੰਦੀ ਸਿੰਘ ਰਿਹਾਈ ਮਾਰਚ ਕੱਢਿਆ ਗਿਆ। ਗੋਲਡਨ ਗੇਟ ਤੋਂ ਅਰੰਭਤਾ ਦੌਰਾਨ ਨੌਜਵਾਨਾਂ ਨੇ ਖ਼ਾਲਸਾਈ ਝੰਡੇ ਅਤੇ ਬੰਦੀ ਸਿੰਘਾਂ ਦੀਆਂ ਤਸਵੀਰਾਂ ਵਾਲ਼ੇ ਬੈਨਰ ਹੱਥਾਂ 'ਚ ਫੜੇ ਹੋਏ ਸਨ ਅਤੇ ਬੰਦੀ ਸਿੰਘ ਰਿਹਾਅ ਕਰੋ, ਜਥੇਦਾਰ ਜਗਤਾਰ ਸਿੰਘ ਹਵਾਰਾ ਰਿਹਾਅ ਕਰੋ, ਰਾਜ ਕਰੇਗਾ ਖ਼ਾਲਸਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ ਅਤੇ ਐਨ ਐਸ ਏ ਰੱਦ ਕਰੋ ਆਦਿ ਨਾਅਰੇ ਲਗਾਏ। ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੁਖੀ ਪ੍ਰੋਫੈਸਰ ਬਲਜਿੰਦਰ ਸਿੰਘ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਭੁਪਿੰਦਰ ਸਿੰਘ ਛੇ ਜੂਨ, ਬੀਬੀ ਸੰਦੀਪ ਕੌਰ ਅਤੇ ਜਥਾ ਸਿਰਲੱਥ ਖ਼ਾਲਸਾ ਦੇ ਬੀਬੀ ਮਨਿੰਦਰ ਕੌਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਭਾਰਤ ਸਰਕਾਰ ਨੇ ਪਹਿਲੇ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਤੇ ਨਵੇਂ ਸਿੱਖਾਂ ਨੂੰ ਬੰਦੀ ਬਣਾਇਆ ਜਾ ਰਿਹਾ ਹੈ ਜੋ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਸਿੱਖਾਂ ਪ੍ਰਤੀ ਘਟੀਆ ਵਤੀਰਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਰਕਾਰ ਸਾਡੀਆਂ ਜ਼ੁਬਾਨਾਂ ਬੰਦ ਕਰਵਾਉਣਾ ਚਾਹੁੰਦੀ ਹੈ ਜੋ ਲੋਕਤੰਤਰ ਦਾ




ਘਾਣ ਹੈ। ਉਹਨਾਂ ਨੌਜਵਾਨਾਂ ਦੇ ਘਰਾਂ 'ਚ ਪੁਲਿਸ ਛਾਪੇਮਾਰੀਆਂ ਅਤੇ ਨਜ਼ਰਬੰਦੀਆਂ ਦੀ ਘੋਰ ਨਿੰਦਿਆ ਕਰਦਿਆਂ ਕਿਹਾ ਕਿ 7 ਨੌਜਵਾਨਾਂ 'ਤੇ ਲੱਗੀ ਐਨ ਐਸ ਏ ਨੂੰ ਵੀ ਤੁਰੰਤ ਹਟਾਇਆ ਜਾਵੇ ਤੇ ਸਮੁੱਚੇ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਸਾਡੀ ਮੰਗ ਨਹੀਂ ਬਲਕਿ ਸਾਡਾ ਹੱਕ ਹੈ, ਸੰਵਿਧਾਨਕ ਅਤੇ ਜਾਇਜ਼ ਹੱਕ। ਭਾਰਤੀ ਕਾਨੂੰਨ, ਨਿਆਂਪਾਲਕਾ ਅਤੇ ਹਕੂਮਤਾਂ ਦੇ ਸਿੱਖਾਂ ਲਈ ਦੋਹਰੇ ਮਾਪਦੰਡ ਕਿਉਂ ਹਨ ? ਸਜ਼ਾਵਾਂ ਭੋਗਣ ਦੇ ਬਾਵਜੂਦ ਬੰਦੀ ਸਿੰਘ ਰਿਹਾਅ ਕਿਉਂ ਨਹੀਂ ਕੀਤੇ ਜਾ ਰਹੇ ? ਉਹਨਾਂ ਕਿਹਾ ਕਿ ਸਿੱਖ ਸਿਆਸੀ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਰੋਕਣ ਲਈ ਆਪਣੀ ਇਖਲਾਕੀ, ਨੈਤਿਕ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਕੌਮੀ ਇਨਸਾਫ਼ ਮੋਰਚੇ ਦਾ ਵੱਧ ਤੋਂ ਵੱਧ ਸਾਥ ਦੇ ਕੇ ਇਸ ਨੂੰ ਸਫ਼ਲ ਬਣਾਈਏ। ਉਹਨਾਂ ਕਿਹਾ ਕਿ ਜਥੇਦਾਰ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਗੁਰਮੀਤ ਸਿੰਘ ਇੰਜੀਨੀਅਰ, ਭਾਈ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ ਨਾਰੰਗਵਾਲ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਭਾਈ ਗੁਰਦੀਪ ਸਿੰਘ ਖੈੜਾ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਭਾਈ ਰਘਬੀਰ ਸਿੰਘ ਭੁੱਚਰ, ਨਰਿੰਦਰ ਸਿੰਘ ਗਿੱਲ, ਮਹਾਂਵੀਰ ਸਿੰਘ ਸੁਲਤਾਨਵਿੰਡ, ਸੱਜਣ ਸਿੰਘ ਪੱਟੀ, ਗਗਨਦੀਪ ਸਿੰਘ ਸੁਲਤਾਨਵਿੰਡ, ਮਨਪ੍ਰੀਤ ਸਿੰਘ ਮੰਨਾ, ਪ੍ਰਤਾਪ ਸਿੰਘ ਸਕੱਤਰਾ, ਸਰਬਜੀਤ ਸਿੰਘ ਹੀਰੋ, ਮਨਦੀਪ ਕ੍ਰਾਂਤੀ, ਸੁਖਵਿੰਦਰ ਸਿੰਘ ਨਿਜ਼ਾਮਪੁਰਾ, ਨਿਰਮਲ ਸਿੰਘ ਪੱਟੀ, ਤਰਲੋਕ ਸਿੰਘ, ਗੁਰਚਰਨ ਸਿੰਘ ਮੰਡ, ਮੱਖਣ ਸਿੰਘ ਕਾਲੀਆ ਅਤੇ ਜਸ਼ਨਦੀਪ ਸਿੰਘ ਮੁਕਤਸਰ ਆਦਿ ਹਾਜ਼ਰ ਸਨ।

# ਆਪ ਪਾਰਟੀ ਸਿਆਸੀ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੀ ਪਾਰਟੀ : ਪ੍ਰੋ. ਸਰਚਾਂਦ ਸਿੰਘ

## *ਪੰਜਾਬ ਦੇ ਲੋਕ ਇੱਕ ਵਾਰ ਫਿਰ ਸਰਕਾਰ ਨੂੰ ਪੰਜਾਬੀਆਂ ਨਾਲ ਕੀਤੇ ਵਾਅਦੇ ਤੋਂ ਮੁੱਕਰਨ ਲਈ ਚੰਗਾ ਸਬਕ ਸਿਖਾਉਣਗੇ*

ਅੰਮ੍ਰਿਤਸਰ : ਭਾਜਪਾ ਦੇ ਸਿੱਖ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਸਵਾਲ ਕਰਦਿਆਂ ਕਿਹਾ ਕਿ ਮੌਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੁਲਾਈ 2018 ਵਿਚ 20 ਵਿਧਾਇਕਾਂ ਦੇ ਬਲਬੂਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਬਣੇ, ਪਰ ਜੂਨ 2021 ਤਕ 10 ਅਸੰਤੁਸ਼ਟ ਵਿਧਾਇਕਾਂ ਵੱਲੋਂ ਪਾਰਟੀ ਛੱਡ ਦੇਣ ਨਾਲ ਤੱਥਾਂ ਦੇ ਅਧਾਰ 'ਤੇ ਆਪ ਪਾਰਟੀ ਵਿਰੋਧੀ ਧਿਰ ਦਾ ਦਰਜਾ ਗਵਾ ਚੁੱਕਾ ਸੀ, ਫਿਰ ਵੀ ਹਰਪਾਲ ਸਿੰਘ ਚੀਮਾ ਦਾ ਰਾਜਨੀਤਿਕ ਅਤੇ ਇਖ਼ਲਾਕੀ ਫ਼ਰਜ਼ਾਂ ਦਾ ਪਾਲਣਾ ਕਰਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਬਜਾਏ ਫਰਵਰੀ 2022 ਤੱਕ ਵਿਰੋਧੀ ਧਿਰ ਦੇ ਆਗੂ ਵਜੋਂ ਸਾਰੀਆਂ ਸਰਕਾਰੀ ਸਹੂਲਤਾਂ ਨੂੰ ਗ੍ਰਹਿਣ ਕਰਦੇ ਰਹਿਣਾ ਰਾਜਨੀਤਿਕ ਭ੍ਰਿਸ਼ਟਾਚਾਰ ਅਤੇ ਗ਼ਬਨ ਕਿਉਂ ਨਹੀਂ ਕਿਹਾ ਜਾ ਸਕਦਾ ?



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਸੰਗੀਨ ਆਰੋਪਾਂ ਦੇ ਬਾਵਜੂਦ ਪਾਰਟੀ ਦਾ ਚੋਣ ਇੰਚਾਰਜ ਬਣਾਇਆ ਜਾਣਾ ਇਹ ਸਪਸ਼ਟ ਕਰਦਾ ਹੈ ਕਿ ਆਪ ਪਾਰਟੀ ਵਿਚ ਰਾਜਨੀਤਿਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸ: ਚੀਮਾ ਨੂੰ ਆਪਣੀ ਗ਼ਲਤੀ ਦਾ ਪਛਤਾਵਾ ਕਰਦਿਆਂ ਹੁਣ ਵੀ ਆਪਣੇ ਮੌਜੂਦਾ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਵਿਚ ਦੂਜੀ ਵੱਡੀ ਪਾਰਟੀ ਦੇ ਆਗੂ ਨੂੰ ਵਿਰੋਧੀ ਧਿਰ ਦੇ ਨੇਤਾ ਵਜੋਂ ਕੈਬਨਿਟ ਮੰਤਰੀ ਦੇ ਬਰਾਬਰ ਦੀਆਂ ਸਹੂਲਤਾਂ ਮਿਲਦੀਆਂ ਹਨ । ਬੇਸ਼ੱਕ ਤਕਨੀਕੀ ਤੌਰ 'ਤੇ ਆਪ ਦੇ ਵਿਧਾਇਕਾਂ ਦੀ ਮੈਂਬਰੀ ਨੂੰ ਖ਼ਾਰਜ ਨਹੀਂ ਕੀਤਾ ਗਿਆ ਹੋਵੇ, ਪਰ ਪਾਰਟੀ ਛੱਡ ਚੁੱਕੇ ਵਿਧਾਇਕਾਂ ਬਾਰੇ ਮੀਡੀਆ ਰਿਪੋਰਟਾਂ ਆਉਣ ਨਾਲ ਇਹ ਪਾਰਟੀ ਅਤੇ ਵਿਰੋਧੀ ਧਿਰ ਦੇ ਆਗੂ ਦਾ ਇਖ਼ਲਾਕੀ ਫ਼ਰਜ਼ ਬਣਦਾ ਸੀ ਕਿ ਉਹ ਆਪਣੀ ਪਾਰਟੀ ਦੀ ਸਹੀ ਸਥਿਤੀ ਤੋਂ ਤਤਕਾਲੀ ਮਾਨਯੋਗ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਜਾਣੂ ਕਰਾਇਆ ਜਾਂਦਾ ਅਤੇ ਆਪਣੀ ਪੁਜ਼ੀਸ਼ਨ ਤੋਂ ਅਸਤੀਫ਼ਾ ਦਿੱਤਾ ਜਾਂਦਾ। ਪਰ ਸ: ਚੀਮਾ ਨੇ ਅਜਿਹਾ ਨਹੀਂ ਕੀਤਾ ਅਤੇ ਨਾ ਹੀ ਨੈਤਿਕ ਫ਼ਰਜ਼ਾਂ ਦਾ ਪਾਲਣ ਕੀਤਾ। ਸ: ਚੀਮਾ ਅਤੇ ਆਪ ਪਾਰਟੀ ਵੱਲੋਂ ਵਿਧਾਨ ਸਭਾ ਵਿਚ ਆਪਣੀ ਗਿਣਤੀ ਘੱਟ ਹੋ ਜਾਣ ਬਾਰੇ ਵਿਧਾਨ ਸਭਾ ਦੇ ਤਤਕਾਲੀ ਮਾਣਯੋਗ ਸਪੀਕਰ ਨੂੰ ਜਾਣਕਾਰੀ ਨਾ ਦੇਣੀ ਰਾਜਨੀਤਕ ਕਦਰਾਂ ਕੀਮਤਾਂ ਦਾ ਘਾਣ ਨਹੀਂ ਸੀ ? ਕੀ ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਤੇ ਫ਼ਰੇਬ ਨਹੀਂ ਸੀ ? ਇਹ ਮਾਮਲਾ ਚੰਡੀਗੜ੍ਹ ਦੀ ਇਕ ਮਾਣਯੋਗ ਅਦਾਲਤ 'ਚ ਹੁਣ ਸੁਣਵਾਈ ਅਧੀਨ ਹੈ। ਪ੍ਰੋ: ਸਰਚਾਂਦ ਸਿੰਘ ਨੇ ਸ: ਚੀਮਾ ਵੱਲੋਂ ਲੋਕਾਂ ਨੂੰ ਝੂਠ ਪਰੋਸਣ 'ਤੇ ਵਿਅੰਗ ਕਸਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਤਸੱਲੀ ਅਤੇ 'ਇਮਾਨਦਾਰ ਸਰਕਾਰ' ਕਰਾਰ ਦੇ ਰਿਹਾ ਹੈ ਜਦ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਾਜ਼ਾ ਟਿੱਪਣੀ ਰਾਹੀਂ ਪੰਜਾਬ ਸਰਕਾਰ 'ਤੇ ਕਾਨੂੰਨ ਵਿਵਸਥਾ ਬਣਾਈ ਰੱਖਣ 'ਚ ਨਾਕਾਮ ਰਹਿਣ ਅਤੇ ਗੈਰ ਕਾਨੂੰਨੀ ਮਾਈਨਿੰਗ ਮਾਫ਼ੀਆ ਨੂੰ ਰੋਕਣ ਵਿਚ ਫੇਲ੍ਹ ਹੋਣ ਨੂੰ ਦੇਸ਼ ਦੀ ਸੁਰੱਖਿਆ ਅਤੇ ਮਾਨਵਤਾ ਲਈ ਗੰਭੀਰ ਖ਼ਤਰਾ ਕਰਾਰ ਦਿੱਤਾ ਹੈ।

# ਭਾਈ ਫੌਜਾ ਸਿੰਘ ਸ਼ਹੀਦ ਦੀ ਸਲਾਨਾ ਯਾਦ ਨੂੰ ਟਰੱਸਟ ਮੈਂਬਰਾਂ ਨੇ ਧਾਰਮਿਕ ਸਮਾਗਮ ਰਾਹੀਂ ਕੀਤਾ ਯਾਦ

ਅੰਮ੍ਰਿਤਸਰ : 1978 ਦੇ ਨਿੰਰਕਾਰੀ ਸ਼ਹੀਦੀ ਸਾਕੇ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਸਲਾਨਾ ਯਾਦ ਵਿੱਚ ਸ਼ਹੀਦ ਭਾਈ ਫੌਜਾ ਸਿੰਘ ਚੈਰੀਟੇਬਲ ਟਰੱਸਟ ਮਨੁੱਖਤਾ ਦੇ ਘਰ ਬਟਾਲਾ ਰੋਡ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਵੇਰਕਾ ਨੇ ਗੁਰਬਾਣੀ ਦਾ ਮਨੋਹਰ ਰਸ ਭਿੰਨਾ ਕੀਰਤਨ ਕੀਤਾ। ਭਾਈ ਫੌਜਾ ਸਿੰਘ ਚੈਰੀਟੇਬਲ ਟਰੱਸਟ ਦੀਆਂ ਬੱਚੀਆਂ ਨੇ ਵੀ ਗੁਰਬਾਣੀ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ।



ਸ਼ਹੀਦ ਭਾਈ ਫੌਜਾਂ ਸਿੰਘ ਦੀ ਧਰਮਪਤਨੀ ਬੀਬੀ ਅਮਰਜੀਤ ਕੌਰ ਵੱਲੋਂ ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਸ. ਇੰਦਰਜੀਤ ਸਿੰਘ ਬਾਗੀ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਟਰੱਸਟ ਦੇ ਮੰਤਵ ਮਨੋਰਥਾਂ ਬਾਰੇ ਆਈ ਸੰਗਤ ਨਾਲ ਸਾਂਝ ਪਾਈ। ਉਨ੍ਹਾਂ ਕਿਹਾ ਗਰੀਬ, ਲਵਾਰਸ ਬੱਚਿਆਂ ਦੀ ਸਾਂਭ ਸੰਭਾਲ ਅਤੇ ਪੜ੍ਹਾਈ ਦੀ ਸਾਰੀ ਸੇਵਾ ਟਰੱਸਟ ਵੱਲੋਂ ਕੀਤੀ ਜਾਂਦੀ ਹੈ। ਉਨ੍ਹਾਂ ਆਈਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਅਸੀਸ ਦੇਣ ਲਈ ਇਸ ਅਸਥਾਨ ਤੇ ਜ਼ਰੂਰ ਆਉਂਦੇ ਜਾਂਦੇ ਰਿਹਾ ਕਰੋ। ਇਸ ਨਾਲ ਇਨ੍ਹਾਂ ਬੱਚਿਆਂ ਦਾ ਹੌਸਲਾ ਵੱਧਦਾ ਹੈ। ਇਸ ਮੌਕੇ ਪ੍ਰਸਿੱਧ ਕਥਾਵਾਚਕ ਭਾਈ ਭੁਪਿੰਦਰ ਸਿੰਘ ਗੱਧਲੀ, ਭਾਈ ਸਰਬਜੀਤ ਸਿੰਘ ਮੁੱਖ ਗ੍ਰੰਥੀ, ਗੁ: ਪਾ: ਪਹਿਲੀ ਟਾਹਲੀ ਸਾਹਿਬ ਗੁਰਦਾਸਪੁਰ, ਸ. ਕਿਰਪਾਲ ਸਿੰਘ ਗੋਲਡਨ ਐਵੀਨਿਊ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਭਾਈ ਫੌਜਾ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸਰਧਾ ਸਤਿਕਾਰ ਭੇਟ ਕੀਤਾ। ਉਨ੍ਹਾਂ ਕਿਹਾ ਸ਼ਹੀਦ ਸਭਨਾਂ ਦੇ ਸਾਂਝੇ ਤੇ ਸਤਿਕਾਰਤ ਹੁੰਦੇ ਹਨ ਉਨ੍ਹਾਂ ਕੀਤੀਆਂ ਕੁਰਬਾਨੀਆਂ ਇਤਿਹਾਸ ਰਾਹੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਨਿਹੰਗ ਸਿੰਘਾਂ ਦੀ ਮੁੱਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਕਾਂਗਰਸ ਦੇ ਪ੍ਰਮੁੱਖ ਆਗੂ ਸ. ਇੰਦਰਜੀਤ ਸਿੰਘ ਬਾਸਰਕੇ, ਅਕਾਲੀ ਆਗੂ ਸ. ਗੁਰਮੇਜ ਸਿੰਘ ਸਾਬਕਾ ਚੇਅਰਮੈਨ ਹਰੀਪੁਰਾ, ਸ. ਅੰਗਰੇਜ਼ ਸਿੰਘ ਠੇਕੇਦਾਰ, ਸ. ਸੁਖਵਿੰਦਰ ਸਿੰਘ ਖਾਲਸਾ ਕਾਲਜ, ਸ. ਰਘੁਬੀਰ ਸਿੰਘ, ਸ. ਅਵਤਾਰ ਸਿੰਘ ਦਿਓਲ ਸ. ਕਰਤਾਰ ਸਿੰਘ ਪਿੰਡ ਸੱਦਾ ਸਰਪੰਚ, ਸ. ਸੁਰਜੀਤ ਸਿੰਘ ਰਾਹੀ, ਸ. ਦਲਬੀਰ ਸਿੰਘ ਸੁਲਤਾਨੀ, ਸ. ਸਤਨਾਮ ਸਿੰਘ ਵਜੀਦਪੁਰ, ਬਾਬਾ ਅਛਿੰਦਰ ਸਿੰਘ ਸਭਰਾਵਾਂ ਵਾਲੇ, ਸ. ਜਸਬੀਰ ਸਿੰਘ, ਬੀਬੀ ਕਿਰਪਾਲ ਕੌਰ ਪਾਲੀ ਵਾਰਤਨ, ਵਿਸ਼ੇਸ਼ ਤੌਰ 'ਤੇ ਸੰਗਤ ਵਿਚ ਹਾਜ਼ਰ ਸਨ।

# ਕਾਂਗਰਸ ਨੇ ਸਿੱਖ ਕਤਲੇਆਮ ਦੇ ਕਸੂਰਵਾਰਾਂ ਦਾ ਬਚਾਅ ਕੀਤਾ: ਸਿਰਸਾ

ਨਵੀਂ ਦਿੱਲੀ : ਭਾਜਪਾ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਅੱਜ ਕਿਹਾ ਕਿ ਜਦੋਂ ਯੂਪੀਏ ਸਰਕਾਰ ਦੇ ਰਾਜ ਵਿਚ ਸੀਬੀਆਈ ਨੇ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਤਾਂ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਹੁੰਦਿਆਂ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ ਕਿ ਉਨ੍ਹਾਂ ਕੋਲ ਟਾਈਟਲਰ ਖ਼ਿਲਾਫ਼ ਹੋਰ ਵੀ ਗਵਾਹ ਹਨ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਇਕ ਪ੍ਰਮੁੱਖ ਗਵਾਹ ਨੇ ਅਦਾਲਤ ਵਿਚ ਪੇਸ਼ ਹੋ ਕੇ ਧਾਰਾ 164 ਤਹਿਤ ਆਪਣੇ ਬਿਆਨ ਦਰਜ ਕਰਵਾਏ ਹਨ ਤੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਵੇਲੇ ਜਗਦੀਸ਼ ਟਾਈਟਲਰ ਪੁਲ ਬੰਗਸ਼ ਵਿਖੇ ਆਇਆ ਸੀ ਤੇ ਉਸ ਨੇ ਖੜ੍ਹੇ ਹੋ ਕੇ ਸਿੱਖਾਂ ਦਾ ਕਤਲੇਆਮ ਕਰਵਾਇਆ। ਉਨ੍ਹਾਂ ਦੱਸਿਆ ਕਿ ਹੁਣ ਸੀਬੀਆਈ ਇਸ ਕੇਸ 'ਤੇ ਕੰਮ ਕਰ ਰਹੀ ਹੈ ਤੇ ਉਸ ਨੇ ਜਗਦੀਸ਼ ਟਾਈਟਲਰ ਨੂੰ ਆਪਣੀ ਆਵਾਜ਼ ਦੇ ਨਮੂਨੇ ਲੈਣ ਵਾਸਤੇ ਸੀਐਫਐਸਐਲ ਲੈਬ ਵਿੱਚ ਤਲਬ ਕੀਤਾ ਹੈ। ਸਿਰਸਾ ਨੇ ਕਿਹਾ ਕਿ ਉਨ੍ਹਾਂ ਕੋਲ ਟਾਈਟਲਰ ਖ਼ਿਲਾਫ਼ ਹੋਰ ਵੀ ਗਵਾਹ ਹਨ।



ਸ੍ਰੀ ਸਿਰਸਾ ਨੇ ਕਿਹਾ ਕਿ ਕੇਂਦਰ ਵਿਚ ਸਰਕਾਰ ਹੋਣ ਵੇਲੇ ਕਾਂਗਰਸ ਨੇ ਆਪਣੇ ਉਨ੍ਹਾਂ ਆਗੂਆਂ ਦਾ ਬਚਾਅ ਕੀਤਾ ਜਿਨ੍ਹਾਂ ਨੇ ਭੀੜ ਦੀ ਅਗਵਾਈ ਕਰਦਿਆਂ ਦਿੱਲੀ ਤੇ ਦੇਸ਼ ਦੇ ਹੋਰ ਭਾਗਾਂ ਵਿਚ ਹਜ਼ਾਰਾਂ ਮਾਸੂਮ ਤੇ ਨਿਰਦੋਸ਼ ਸਿੱਖਾਂ ਦਾ ਕਤਲ ਕੀਤਾ। ਉਨ੍ਹਾਂ ਕਿਹਾ ਕਿ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਐਨਡੀਏ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਹੋਣ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਨਿਆਂ ਦੇਣ ਦੀ ਥਾਂ ਕਾਂਗਰਸ ਪਾਰਟੀ ਨੇ ਟਾਈਟਲਰ ਤੇ ਹੋਰਨਾਂ ਨੂੰ ਪਾਰਟੀ ਤੇ ਸਰਕਾਰ ਵਿੱਚ ਅਹੁਦੇ ਦੇ ਕੇ ਸਨਮਾਨਿਆ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

(510) 400-7300
(209) 921-3351

intuit quickbooks. | CTEC California Tax Education Council Registered Tax Preparer | AUTHORIZED IRS e-file PROVIDER | COVERED CALIFORNIA Certified Insurance Agent

*1780 Whipple Rd. Suite# 110, UnionCity CA - 94587* (510) 601-6200 info@TOTALIRP.com

# ਵਿਸਾਖੀ ਪੂਰੇ ਜਾਹੋ ਜਲਾਲ ਨਾਲ ਮਨਾਉਣ ਲਈ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਹੁੰਮ ਹੁਮਾ ਕੇ ਦਮਦਮਾ ਸਾਹਿਬ ਪੁੱਜਣ: ਬਾਬਾ ਬਲਬੀਰ ਸਿੰਘ ਅਕਾਲੀ

### ਬੁੱਢਾ ਦਲ ਵੱਲੋਂ ਵਿਸ਼ੇਸ਼ ਵਿਰਸਾ ਸੰਭਾਲ ਮਾਲਵਾ ਗਤਕਾ ਕੱਪ ਮੁਕਾਬਲੇ ਹੋਣਗੇ



ਤਲਵੰਡੀ ਸਾਬੋ, ਦਮਦਮਾ ਸਾਹਿਬ : ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾਵਹੀਰ ਨੇ ਪੁਰਾਤਨ ਰਵਾਇਤ ਅਨੁਸਾਰ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸਾਖੀ ਦਿਹਾੜਾ ਪੂਰੇ ਖਾਲਸਾਹੀ ਜਾਹੋ ਜਲਾਲ ਨਾਲ ਮਨਾਉਣ ਲਈ ਵੱਧ ਚੜ੍ਹ ਕੇ ਹੁੰਮਹੁਮਾ ਕੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪੁਜਣ ਲਈ ਅਪੀਲ ਕੀਤੀ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਕਿਹਾ ਕਿ ਸਮੂਹ ਨਿਹੰਗ ਸਿੰਘ ਦਲਾਂ ਤੇ ਸੰਗਤਾਂ ਦੇ ਸਹਿਯੋਗ ਨਾਲ 13, 14 ਤੇ 15 ਅਪ੍ਰੈਲ ਨੂੰ ਵਿਸਾਖੀ ਦਾ ਪਾਵਨ ਪਵਿੱਤਰ ਦਿਹਾੜਾ ਪੂਰੇ ਖ਼ਾਲਸਾਈ ਜਾਹੋ-ਜਲਾਲ ਤੇ ਸ਼ਾਨੋ-ਸ਼ੌਕਤ ਨਾਲ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਤੇ ਮਨਾਇਆ ਜਾਵੇਗਾ। ਗੁਰੂ ਸਾਹਿਬਾਨ ਵੱਲੋਂ ਵਰੋਸਾਏ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਿਸਾਖੀ ਦਾ ਤਿਉਹਾਰ ਹਰ ਸਾਲ ਸਾਰੇ ਨਿਹੰਗ ਸਿੰਘਾਂ ਦਲਾਂ ਦੇ ਸਹਿਯੋਗ ਨਾਲ ਖਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਇਆ ਜਾਂਦਾ ਹੈ ।ਇਸ ਵਾਰ ਵੀ ਅੱਗੇ ਨਾਲੋਂ ਵੀ ਵੱਧ ਚੜ ਕੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਛਾਉਣੀ ਨਿਹੰਗ ਸਿੰਘਾਂ, ਬੁੱਢਾ ਦਲ ਦੇ ਹੈੱਡਕੁਆਟਰ ਗੁਰਦੁਆਰਾ ਬੇਰ ਸਾਹਿਬ, ਦੇਗਸਰ ਪਾ: ਦਸਵੀਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 12 ਅਪ੍ਰੈਲ ਨੂੰ ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਅਰੰਭ ਹੋਣਗੇ ਅਤੇ 14 ਅਪ੍ਰੈਲ ਨੂੰ ਭੋਗ ਪੈਣਗੇ। ਏਸੇ ਤਰ੍ਹਾਂ ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਜੀ ਦੇ ਅਖੰਡ ਪਾਠ 13 ਅਪ੍ਰੈਲ ਨੂੰ ਅਰੰਭ ਹੋਣਗੇ ਅਤੇ 15 ਅਪ੍ਰੈਲ ਨੂੰ ਭੋਗ ਪਾਏ ਜਾਣਗੇ। ਸਿੱਖ ਜੰਗਜੂ ਕਲਾ ਦਾ ਪ੍ਰਤੀਕ ਵਿਸ਼ੇਸ਼ ਵਿਰਸਾ ਸੰਭਾਲ ਮਾਲਵਾ ਗਤਕਾ ਕੱਪ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿਚ ਪਹਿਲੇ, ਦੂਜੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਨੂੰ ਵਿਸ਼ੇਸ਼ ਇਨਾਮ ਤਕਸੀਮ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਹੋਲੇ ਮਹੱਲੇ ਮੌਕੇ ਦਲਪੰਥ ਵੱਲੋਂ ਹਰ ਸਾਲ ਇੰਟਰਨੈਸ਼ਨਲ ਗਤਕਾ ਮੁਕਾਬਲੇ ਕਰਵਾਏ ਜਾਂਦੇ ਹਨ, ਏਵੇਂ ਹੀ ਵਿਸਾਖੀ ਪੁਰਬ ਤੇ ਮਾਲਵਾ ਗਤਕਾ ਕੱਪ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ 15 ਅਪ੍ਰੈਲ ਨੂੰ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਇਤਿਹਾਸਕ ਨਿਸ਼ਾਨ ਨਗਾਰਿਆਂ ਦੀ ਛਤਰ ਛਾਇਆ ਹੇਠ ਹਰ ਸਾਲ ਦੀ ਤਰ੍ਹਾਂ ਸਮੂਹ ਨਿਹੰਗ ਸਿੰਘ ਦਲਾਂ ਦੇ ਸਹਿਯੋਗ ਨਾਲ ਛਾਉਣੀ ਬੁੱਢਾ ਦਲ ਗੁ: ਬੇਰ ਸਾਹਿਬ ਦੇਗਸਰ ਸਾਹਿਬ ਤੋਂ ਮਹੱਲਾ ਕੱਢਿਆ ਜਾਵੇਗਾ।

# ਖ਼ੂਨੀ ਸ਼ਹੀਦੀ ਸਾਕਾ ਦਰਬਾਰ ਸ੍ਰੀ ਪਾਉਂਟਾ ਸਾਹਿਬ ਪਾ: ਦਸਵੀਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ



ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ ਗਿਆਰਾਂ (11) ਨਿਹੰਗ ਸਿੰਘਾਂ ਨੇ ਸੱਚਖੰਡ ਵਾਸੀ ਬਾਬਾ ਹਰਭਜਨ ਸਿੰਘ ਜੀ ਦੀ ਅਗਵਾਈ ਵਿੱਚ 22 ਮਈ ਸੰਨ 1964 ਨੂੰ ਸ਼ਹੀਦੀਆਂ ਦੇ ਕੇ ਪਤਿਤ ਮਹੰਤਾਂ ਪਾਸੋਂ ਦਰਬਾਰ ਸ੍ਰੀ ਪਾਉਂਟਾ ਸਾਹਿਬ ਜੀ ਨੂੰ ਅਜ਼ਾਦ ਕਰਵਾ ਕੇ ਉੱਥੋਂ ਦਾ ਪ੍ਰਬੰਧ ਖ਼ਾਲਸਾ ਪੰਥ ਦੇ ਹੱਥਾਂ ਵਿੱਚ ਸੌਂਪਿਆ।

# ਸਿੱਖ ਰਾਜ ਦੇ ਝੰਡੇ ਬਾਰੇ ਗ਼ਲਤ ਜਾਣਕਾਰੀ ਦੇਣ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਨੋਟਿਸ

### ਬੰਦੀ ਸਿੰਘਾਂ ਦੀ ਰਿਹਾਈ ਲਈ 25 ਲੱਖ ਤੋਂ ਵੱਧ ਪ੍ਰੋਫਾਰਮੇ ਭਰੇ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਦੱਸਣ ਵਾਲੇ ਪੁਲੀਸ ਅਧਿਕਾਰੀ ਸਮੇਤ 10 ਮੀਡੀਆ ਚੈਨਲਾਂ ਨੂੰ ਗਲਤ ਜਾਣਕਾਰੀ ਪੇਸ਼ ਕਰ ਕੇ ਸਿੱਖਾਂ ਦਾ ਅਕਸ ਖਰਾਬ ਕਰਨ ਦੇ ਦੋਸ਼ ਹੇਠ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਜਾਣਕਾਰੀ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ ?ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਦਿੱਤੀ। ਇਸ ਤੋਂ ਇਲਾਵਾ ਅੱਜ ਇਥੇ ਸ਼ ?ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕਈ ਹੋਰ ਫੈਸਲੇ ਵੀ ਲਏ ਗਏ। ਐਡਵੋਕੇਟ ਧਾਮੀ ਨੇ ਦੱਸਿਆ ਕਿ ਹਾਲ ਹੀ ਵਿਚ ਪੰਜਾਬ ਸਰਕਾਰ ਅਤੇ ਪੁਲੀਸ ਤੇ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਦੀ ਫੜੋ-ਫੜੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਰਕਾਰ-ਏ-ਖਾਲਸਾ ਦੇ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਮਾਮਲੇ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਗੰਭੀਰ ਨੋਟਿਸ ਲੈਂਦਿਆਂ ਗਲਤ ਜਾਣਕਾਰੀ ਦੇ ਕੇ ਸਿੱਖਾਂ ਨੂੰ ਬਦਨਾਮ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਖ਼ ?ਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਕ ਨੌਜਵਾਨ ਦੇ ਫੋਨ ਵਿੱਚੋਂ ਮਿਲੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਦੱਸਣ ਵਾਲੀ ਐੱਸਐੱਸਪੀ ਅਤੇ ਕੁਝ ਚੈਨਲਾਂ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪਿਛਲੇ ਸਾਲ ਪਹਿਲੀ ਦਸੰਬਰ ਨੂੰ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਸਮਾਪਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਦਸਤਖ਼ਤੀ ਮੁਹਿੰਮ ਤਹਿਤ ਹੁਣ ਤੱਕ 25 ਲੱਖ ਤੋਂ ਵੱਧ ਪ੍ਰੋਫਾਰਮੇ ਭਰੇ ਜਾ ਚੁੱਕੇ ਹਨ ਜੋ ਅਗਲੇ ਦਿਨਾਂ ਵਿੱਚ ਇਕੱਠੇ ਕਰ ਕੇ ਪੰਜਾਬ ਦੇ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਇਹ ਪ੍ਰੋਫਾਰਮੇ ਰਾਜਪਾਲ ਨੂੰ ਸੌਂਪਣ ਤੋਂ ਇਕ ਦਿਨ ਪਹਿਲਾਂ ਅਕਾਲ ਤਖ਼ਤ ਸਾਹਿਬ ਵਿਖੇ ਇਕੱਠ ਕਰ ਕੇ ਅਰਦਾਸ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਵ.ਫਦ ਨੇ ਡਿਬਰੂਗੜ੍ਹ ਵਿਖੇ ਨਜ਼ਰਬੰਦ ਨੌਜਵਾਨਾਂ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ : ਬੀਤੇ ਦਿਨਾਂ ਅੰਦਰ ਪੰਜਾਬ ਵਿੱਚੋਂ ਗ੍ਰਿਫ਼ਤਾਰ ਕਰਕੇ ਅਸਾਮ ਦੇ ਡਿਬਰੂਗੜ੍ਹ ਵਿਖੇ ਜੇਲ੍ਹ ਵਿਚ ਬੰਦ ਕੀਤੇ ਗਏ ਨੌਜੁਆਨਾਂ ਦੇ ਕੇਸਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੈਰਵਾਈ ਆਰੰਭ ਦਿੱਤੀ ਹੈ। ਇਸ ਸਬੰਧ ਵਿਚ ਡਿਬਰੂਗੜ੍ਹ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਕੀਲਾਂ ਵੱਲੋਂ ਜਿਥੇ ਅੱਜ ਅੱਠ ਨੌਜੁਆਨਾਂ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਗਈ, ਉਥੇ ਹੀ ਜੇਲ੍ਹ ਪ੍ਰਸ਼ਾਸਨ ਪਾਸੋਂ ਇਨ੍ਹਾਂ ਦੇ ਕੇਸਾਂ ਸਬੰਧੀ ਜ਼ਰੂਰੀ ਦਸਤਾਵੇਜ਼ ਵੀ ਪ੍ਰਾਪਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਸੀਨੀਅਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ ਦੀ ਅਗਵਾਈ ਵਿਚ ਅਸਾਮ ਗਏ ਵਫ਼ਦ ’ਚ ਐਡਵੋਕੇਟ ਮਨਦੀਪ ਸਿੰਘ ਸਿੱਧੂ ਅਤੇ ਐਡਵੋਕੇਟ ਰੋਹਿਤ ਸ਼ਰਮਾ ਸ਼ਾਮਲ ਹਨ। ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਹੋਏ ਆਦੇਸ਼ ਅਨੁਸਾਰ ਡਿਬਰੂਗੜ੍ਹ ਵਿਖੇ ਕੌਮੀ ਸੁਰੱਖਿਆ ਕਾਨੂੰਨ ਤਹਿਤ ਕੈਦ ਕੀਤੇ ਨੌਜੁਆਨਾਂ ਦੇ ਕੇਸਾਂ ਦੀ ਪੈਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਹਿਰ ਸਥਾਨਕ ਪੱਧਰ ’ਤੇ ਜਾ ਕੇ ਆਪਣਾ ਕੰਮ ਸ਼ੁਰੂ ਕਰ ਚੁੱਕੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਡਿਬਰੂਗੜ੍ਹ ਵਿਖੇ ਅੱਠ ਨੌਜੁਆਨ ਨਜ਼ਰਬੰਦ ਹਨ, ਜਿਨ੍ਹਾਂ ਨੂੰ ਕਾਨੂੰਨੀ ਮੱਦਦ ਦਿੱਤੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਲੀਗਲ ਟੀਮ ਨੇ ਬੰਦੀ ਨੌਜੁਆਨਾਂ ਅਤੇ ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਨਾਲ ਮੁਲਾਕਾਤ ਕਰਕੇ ਅਗਲੀ ਕਾਰਵਾਈ ਦੀ ਤਿਆਰੀ ਕਰ ਲਈ ਹੈ। ਇਸੇ ਦੌਰਾਨ ਅਸਾਮ ਤੋਂ ਗੱਲਬਾਤ ਕਰਦਿਆਂ ਐਡਵੋਕੇਟ ਸਿਆਲਕਾ ਨੇ ਦੱਸਿਆ ਹੈ ਕਿ ਡਿਬਰੂਗੜ੍ਹ ਜੇਲ੍ਹ ’ਚ ਬੰਦ ਅੱਠ ਨੌਜੁਆਨ ਚੜ੍ਹਦੀ ਕਲਾ ਵਿਚ ਹਨ। ਉਨ੍ਹਾਂ ਦੱਸਿਆ ਕਿ ਨਜ਼ਰਬੰਦ ਕੀਤੇ ਅੱਠ ਨੌਜੁਆਨਾਂ ਨਾਲ ਮੁਲਾਕਾਤ ਕਰਨ ਲਈ ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਨੂੰ ਅਰਜੀ ਦਰਜ ਕਰਨ ਵਿਚ ਸਥਾਨਕ ਵਕੀਲਾਂ ਸਮੇਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਡਿਬਰੂਗੜ੍ਹ ਬਾਰ ਐਸੋਸੀਏਸ਼ਨ ਨੇ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਟੀਮ ਦਾ ਸਹਿਯੋਗ ਕੀਤਾ ਹੈ। ਐਡਵੋਕੇਟ ਮਨਦੀਪ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਨਜ਼ਰਬੰਦ ਕੀਤੇ ਗਏ ਨੌਜੁਆਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਆਰਡਰ ਅਤੇ ਹੋਰ ਲੋੜੀਂਦੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਟੀਮ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ, ਜਿਸ ਤਹਿਤ ਅਗਲੀ ਕਾਨੂੰਨੀ ਪੈਰਵਾਈ ਜਾਰੀ ਰੱਖੀ ਜਾਵੇਗੀ।

# ਬਟਾਲਾ ਪੁਲੀਸ ਨੇ .ਫਰਾਰ ਅੰਮ੍ਰਿਤਪਾਲ ਸਿੰਘ ਦੇ ਪੋਸਟਰ ਲਗਾਏ



ਬਟਾਲਾ : ਬਟਾਲਾ ਪੁਲੀਸ ਨੇ ਇਥੋਂ ਦੇ ਰੇਲਵੇ ਸਟੇਸ਼ਨ ਅਤੇ ਕਈ ਹੋਰ ਥਾਂਵਾਂ ’ਤੇ ‘ਵਾਰਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪੋਸਟਰ ਲਾਏ ਹਨ। ਰੇਲਵੇ ਸਟੇਸ਼ਨ ਦੀਆਂ ਕੰਧਾਂ ’ਤੇ ਚਿਪਕਾਏ ਗਏ ਇਨ੍ਹਾਂ ਪੋਸਟਰਾਂ ਵਿੱਚ ਤਸਵੀਰ ਨਾਲ ਲਿਖਿਆ ਹੈ ਕਿ ਇਹ ਤਸਵੀਰ ਅੰਮ੍ਰਿਤਪਾਲ ਸਿੰਘ ਦੀ ਹੈ ਜੋ ਵੱਖ-ਵੱਖ ਕੇਸਾਂ ਵਿੱਚ ਪੁਲੀਸ ਨੂੰ ਲੋੜੀਂਦਾ ਹੈ। ਇਸ ਦੀ ਸੂਚਨਾ ਦੇਣ ਵਾਲੇ ਨੂੰ ਉਚਿਤ ਇਨਾਮ ਦਿੱਤਾ ਜਾਵੇਗਾ ਅਤੇ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਪੋਸਟਰ ਦੇ ਹੇਠਾਂ ਦੋ ਸੰਪਰਕ ਨੰਬਰ ਵੀ ਜਾਰੀ ਕੀਤੇ ਗਏ ਹਨ। ਦੋ ਦਿਨ ਪਹਿਲਾਂ ਹੀ ਅੰਮ੍ਰਿਤਪਾਲ ਸਿੰਘ ਦੇ ਸਭ ਤੋਂ ਨਜਦੀਕੀ ਸਾਥੀ ਪਪਲਪ੍ਰੀਤ ਸਿੰਘ ਨੂੰ ਅੰਮ੍ਰਿਤਸਰ (ਦਿਹਾਤੀ) ਦੀ ਪੁਲੀਸ ਨੇ ਕੱਥੂਨੰਗਲ ਤੋਂ ਗ੍ਰਿਫ਼ਤਾਰ ਕੀਤਾ ਸੀ, ਜੋ ਇੱਥੋਂ ਮਹਿਜ਼ 15 ਕੁ ਕਿਲੋਮੀਟਰ ਦੀ ਦੂਰੀ ’ਤੇ ਹੈ। ਆਮ ਲੋਕਾਂ ਵੱਲੋਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਪੰਜਾਬ ਪੁਲੀਸ ਹੁਣ ‘ਅਪਰੇਸ਼ਨ ਅੰਮ੍ਰਿਤਪਾਲ’ ਦਾ ਅੰਤ ਕਰ ਸਕਦੀ ਹੈ ਅਤੇ ਜਲਦੀ ਹੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਵਿਖਾ ਸਕਦੀ ਹੈ। ਇਸ ਸਬੰਧੀ ਡੀਐੱਸਪੀ ਸਿਟੀ ਲਲਿਤ ਸ਼ਰਮਾ ਨੇ ਉਨ੍ਹਾਂ ਦੱਸਿਆ ਕਿ ਬਟਾਲਾ ਪੁਲੀਸ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਕਰਨ ਲਈ ਬਟਾਲਾ ਦੇ ਰੇਲਵੇ ਸਟੇਸ਼ਨ ਅਤੇ ਬਟਾਲਾ ਖੇਤਰ ਦੇ ਹਰ ਨਾਕੇ ’ਤੇ ਅਜਿਹੇ ਪੋਸਟਰ ਲਾਏ ਗਏ ਹਨ। ਅੰਮ੍ਰਿਤਪਾਲ ਸਿੰਘ ਨੂੰ ਬਹੁਤ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਗਦਰੀ ਬਾਬਿਆਂ ਦਾ 21 ਵਾਂ ਮੇਲਾ ਫਰਿਜਨੋ ਵਿਚ ਸੰਪਨ

## ਪ੍ਰੋ. ਜਗਮੋਹਣ ਸਿੰਘ ਮੁੱਖ ਬੁਲਾਰੇ ਵਜੋਂ ਹੋਏ ਸ਼ਾਮਲ













ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜਨੋ ਪਿਛਲੇ 23 ਸਾਲਾ ਤੋਂ ਗਦਰੀ ਬਾਬਿਆ ਦੀ ਸੋਚ ਨੂੰ ਸਮਰਪਤ ਪ੍ਰੋਗਰਾਮ ਫਰਿਜਨੋ ਕਲੋਵਸ ਏਰੀਆ ਵਿਚ ਕਰਵਾਉਦਾ ਆਇਆ ਹੈ। ਫੋਰਮ ਵਲੋਂ ਉਲੀਕਿਆ 21 ਵਾਂ ਮੇਲਾ ਪਿਛਲੇ ਹਫਤੇ 2 ਅਪਰੈਲ ਨੂੰ ਫਰਿਜਨੋ ਦੇ ਸੈਂਟਰਲ ਹਾਈ ਸਕੂਲ ਵਿਚ ਕਰਵਾਇਆ ਗਿਆ। ਇਨਾਂ ਮੇਲਿਆ ਦਾ ਮਕਸਦ ਜਿਥੇ ਗਦਰੀ ਬਾਬਿਆ ਅਤੇ ਹੋਰ ਦੇਸ਼ ਭਗਤਾਂ ਦੀਆ ਲਾਸਾਨੀ ਕੁਰਬਾਨੀਆ ਤੋਂ ਲੋਕਾਂ ਨੂੰ ਅਤੇ ਸਾਡੀ ਨਵੀ ਪੀੜੀ ਨੂੰ ਜਾਣੂ ਕਰਵਾਉਣਾ ਹੈ ਉਥੇ ਹੀ ਸਾਡੇ ਬੱਚਿਆ ਅਤੇ ਨੌਜਵਾਨਾ ਨੂੰ ਦੇਸ਼ ਭਗਤਾਂ ਦੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਵਧੀਆਂ ਸ਼ਹਿਰੀ ਅਤੇ ਭਵਿਖ ਦੇ ਆਗੂ ਬਣਨ ਲਈ ਪ੍ਰੇਰਨਾ ਵੀ ਹੈ।ਇਸ ਉਦੇਸ਼ ਦੀ ਪ੍ਰਪਤੀ ਲਈ ਇਹ ਸਲਾਨਾ ਮੇਲੇ ਵੱਖ ਵੱਖ ਦੇਸ਼ ਭਗਤਾ ਜਾਂ ਲਹਿਰਾਂ ਨੂੰ ਸਮਰਪਤ ਹੁੰਦੇ ਹਨ ਜਿਨਾਂ ਵਿਚ ਮਾਹਰ ਆਪਣੇ ਵਿਚਾਰ ਪੇਸ਼ ਕਰਦੇ ਹਨ। ਇਸ ਸਾਲ ਦਾ ਮੇਲਾ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਵਾਪਰੇ ਚੌਰੀ ਚੌਰਾ ਦੇ ਇਤਿਹਾਸਕ ਦੁਖਾਂਤ ਦੇ ਸ਼ਹੀਦਾ ਅਤੇ ਜਿਹਲਾਂ ਕੱਟਣ ਵਾਲੇ ਸੂਰਮਿਆ ਨੂੰ ਸਮਰਪਤ ਸੀ। ਬਹੁਤੇ ਲੋਕਾਂ ਵਿਚ ਇਸ ਘਟਨਾ ਦੀ ਜਾਣਕਾਰੀ ਨਾਂ ਹੋਣ ਦੇ ਕਾਰਣ ਲੋਕਾਂ ਵਿਚ ਇਸ ਬਾਰੇ ਸੁਣਨ ਅਤੇ ਜਾਨਣ ਲਈ ਕਾਫੀ ਉਤਸ਼ੁਕਤਾ ਸੀ। ਇਸ ਮੇਲੇ ਦੇ ਮੁਖ ਬੁਲਾਰੇ ਅਤੇ ਮਹਿਮਾਨ ਪੰਜਾਬ ਤੋਂ ਉਚੇਚੇ ਤੌਰ ਤੇ ਸ਼ਾਮਲ ਹੋਏ ਪ੍ਰੋਫੈਸਰ ਜਗਮੋਹਣ ਸਿੰਘ ਸਨ ਜੋ ਕਿ ਸ਼ਹੀਦੇ ਆਜ਼ਾਮ ਸਰਦਾਰ ਭਗਤ ਸਿੰਘ ਦੇ ਭਾਣਜੇ ਹਨ ਅਤੇ ਭਗਤ ਸਿੰਘ ਤੇ ਉਨਾ ਦੇ ਸਾਥੀਆ ਦੇ ਵਿਚਾਰਾ ਅਤੇ ਇਤਿਹਾਸਕ ਤੱਥਾਂ ਨੂੰ ਸਾਹਮਣੇ ਲਿਆਓਣ ਲਈ ਪਿਛਲੇ ਲੰਮੇ ਸਮੇਂ ਤੋਂ ਜੁਟੇ ਹੋਏ ਹਨ। ਮੇਲੇ ਦੀ ਸ਼ੁਰੂਆਤ ਵਿਚ ਫੋਰਮ ਦੇ ਸਕੱਤਰ ਹਰਜਿੰਦਰ ਢੇਸੀ ਨੇ ਆਏ ਸਰੋਤਿਆਂ ਅਤੇ ਮੁਖ ਮਹਿਮਾਨ ਨੂੰ ਜੀ ਆਇਆ ਆਖਦਿਆ ਸੰਖੇਪ ਵਿਚ ਮੇਲੇ ਦੀ ਜਾਣਕਾਰੀ ਅਤੇ ਫੋਰਮ ਦਾ ਇਤਿਹਾਸ ਸਾਝਾਂ ਕੀਤਾ। ਉਨਾਂ ਨੇ ਪਿਛਲੇ ਹਫਤੇ ਲੰਘੇ ਸ਼ਹੀਦੇ ਆਜ਼ਾਮ ਰਾਜਗੁਰੂ, ਭਗਤ ਸਿੰਘ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਤੇ ਉਨਾਂ ਨੂੰ ਸ਼ਰਧਾਜਲੀ ਦਿੰਦਿਆ, ਪ੍ਰੋਫੈਸਰਨ ਜਗਮੋਹਣ ਹੁਣਾ ਤੋਂ ਭਗਤ ਸਿੰਘ ਬਾਰੇ ਵਿਚਾਰਾ ਨੂੰ ਸੁਣਨ ਦੀ ਇਛਾ ਜਿਤਾਈ। ਫੋਰਮ ਦੇ ਪ੍ਰਧਾਨ ਨਵਦੀਪ ਸਿੰਘ ਧਾਲੀਵਾਲ, ਸਰਪਰਸਤ ਜਸਵੰਤ ਸਿੰਘ ਮਾਨ ਅਤੇ ਕਰਮ ਸਿੰਘ ਮਾਨ ਹੁਣਾ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਮੇਲੇ ਵਿਚ ਭੈਣ ਆਸ਼ਾ ਸ਼ਰਮਾ ਨੇ ਗਾਇਕਾਂ, ਬੁਲਾਰਿਆ ਅਤੇ ਸੱਭਿਆਚਾਰਕ ਗਰੁਪਾਂ ਨੂੰ ਪੇਸ਼ ਕਰਦਿਆਂ ਆਪਣੇ ਜੋਸ਼ੀਲੇ ਸ਼ੇਅਰਾ ਅਤੇ ਕਵਿਤਾਵਾਂ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਉਨਾਂ ਨੇ ਫੋਰਮ ਦੇ ਬਾਨੀ ਮੈਂਬਰ ਸ੍ਰ ਗੁਰਦੀਪ ਸਿੰਘ ਅਣਖੀ ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਯਾਦ ਕਰਦਿਆ ਉਨਾਂ ਨੂੰ ਆਪਣੀ ਸ਼ਰਧਾਜਲੀ ਭੇਂਟ ਕੀਤੀ।

ਪ੍ਰੋਗਰਾਮ ਦਾ ਮੁਖ ਆਕਰਸ਼ਨ ਮੁਖ ਮਹਿਮਾਨ ਪ੍ਰੋਫੈਸਰ ਜਗਮੋਹਣ ਸਿੰਘ ਹੁਣਾ ਦਾ ਭਾਸ਼ਨ ਸੀ। ਉਨਾਂ ਨੇ ਸ਼ੁਰੂ ਵਿਚ ਮੇਲੇ ਲਈ ਸਮਰਪਤ ਚੌਰੀ ਚੌਰਾ ਕਾਂਡ ਦਾ ਜਿਕਰ ਕਰਦਿਆ ਕਿਹਾ ਕਿ ਫਰਵਰੀ 1922 ਵਿਚ ਵਾਪਰਿਆ ਇਹ ਦੁਖਾਂਤ ਭਾਵੇ ਅਣਸੁਣਿਆ ਲਗਦਾ ਹੈ ਪਰ ਇਹ ਉਸ ਮੌਕੇ ਹਾਕਮ ਬਰਤਾਨਵੀ ਸਾਮਰਾਜ ਦੀ ਗਦਰ ਪਾਰਟੀ ਤੋਂ ਘਬਰਾਹਟ ਦਾ ਨਤੀਜਾ ਸੀ ਭਾਵੇ ਇਹ ਕਾਂਡ ਨਾਮਿਲਵਰਤਨ ਲਹਿਰ ਵਜੋਂ ਇਕ ਪੁਰਅਮਨ ਜਲੂਸ ਉਤੇ ਚੌਰੀ ਚੌਰਾ ਕਸਬੇ ਦੇ ਪੁਲਸ ਇੰਨਸਪੈਕਟਰ ਵਲੋਂ ਗੋਲੀ ਚਲਾਉਣ ਕਾਰਣ 11 ਮੁਜਾਹਰਾਕਾਰੀ ਮਾਰ ਦਿਤੇ ਜਾਣ ਦੀ ਸਿਟੇ ਵਜੋਂ ਵਾਪਰਿਆ, ਪਰ ਇਹ ਦਸਦਾ ਹੈ ਕਿ ਮੌਕੇ ਦੀ ਸਰਕਾਰ ਗਦਰ ਪਾਰਟੀ ਦੇ ਉਭਾਰ ਤੋਂ ਇੰਨਾ ਘਬਰਾਈ ਹੋਈ ਸੀ ਕਿ ਹਰ ਜਲਸੇ ਜਲੂਸ ਤੇ ਜਬਰ ਕਰਕੇ ਲੋਕਾਂ ਵਿਚ ਡਰ ਪੈਦਾ ਕਰਨਾ ਚਾਹੁੰਦੀ ਸੀ। 1919 ਦਾ ਅਮ੍ਰਿਤਸਰ ਜਲਿਆਵਾਲਾ ਬਾਗ ਦਾ ਕਾਂਡ ਵੀ ਬਰਤਾਨਵੀ ਹਾਕਮਾਂ ਦੀ ਇਹੋ ਖੌਫ ਪੈਦਾ ਕਰਨ ਦੀ ਕੋਸ਼ਿਸ ਦਾ ਨਤੀਜਾ ਸੀ। ਉਨਾਂ ਕਿਹਾ ਕਿ ਗਦਰ ਪਾਰਟੀ ਦੀਆਂ ਬਹਤ ਵਿਲੱਖਣਤਾਵਾਂ ਵਿਚੋਂ ਇਕ ਇਹ ਵੀ ਕਿ ਇਸ ਪਾਰਟੀ ਕੋਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੇ ਭਵਿਖ ਨੂੰ ਸਿਰਜਣ ਬਾਰੇ ਸਪਸ਼ਟ ਸਮਝ ਸੀ ਉਹ ਮਜ੍ਹਹਬਾਂ ਜਾਤਾਂ ਦੇ ਤਾਣੇ ਬਾਣੇ ਤੋਂ ਉਪਰ ਉਠ ਕੇ ਸਮੁਚੇ ਸਮਾਜ ਨੂੰ ਨਾਲ ਲੈ ਕੇ ਦੇਸ਼ ਉਸਾਰੀ ਦਾ ਨਜਿਰੀਆ ਰਖਦੇ ਸਨ। ਸ਼ਹੀਦ ਸਰਦਾਰ ਭਗਤ ਸਿੰਘ ਬਾਰ ਬੋਲਦਿਆ ਉਨਾਂ ਕਿਹਾ ਕਿ ਸਾਰਾ ਫੋਕਸ ਓਹੁਨਾਂ ਦੀ ਸ਼ਹਦਤ ਤੇ ਕੇਂਦਰ ਕਰਨ ਨਾਲੋ ਉਹਨਾਂ ਦੀ ਇਸ ਸ਼ਹਾਦਤ ਤੱਕ ਪਹੁੰਚਣ ਦੀ ਪਰਕਿਰਆ ਬਾਰੇ ਜਾਨਣਾ ਜਿਆਦਾ ਜਰੂਰੀ ਹੈ। ਉਨਾਂ ਲੋਕਾਂ ਨਾਲ ਜੁੜਣ ਦੇ ਅਮਲ ਵਜੋਂ 1924 ਵਿਚ ਨੌਜਵਾਨ ਭਾਰਤ ਸਭਾ ਬਣਾਈ, ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਨੂੰ ਆਜ਼ਾਦੀ ਦੇ ਘੋਲ ਨਾਲ ਜੁੜਣ ਦਾ ਰਾਹ ਬਣਿਆ।ਭਗਤ ਸਿੰਘ ਨੇ ਆਇਰਲੈਂਡ, ਰੂਸ, ਫਰਾਂਸ ਦੇ ਆਜ਼ਾਦੀ ਲਈ ਲੜ ਰਹੇ ਲੋਕਾਂ ਦੇ ਇਤਿਹਾਸ ਦਾ ਅਧਿਅਨ ਕੀਤਾ ਅਤੇ ਇਨਾਂ ਬਾਰੇ ਆਪਣੀਆਂ ਲਿਖਤਾਂ ਵਿਚ ਪਰਚਾਰਿਆ। ਨੇਤਾ ਜੀ ਸ਼ੁਭਾਸ ਚੰਦਰ ਬੋਸ, ਉਨਾਂ ਦੀ ਇਸ ਕਾਰਜਸ਼ੈਲੀ ਤੋਂ ਬਹੁਤ ਪ੍ਰਭਾਵਤ ਹੋਏ ਸਨ। ਭਗਤ ਸਿੰਘ ਨੇ ਸਾਮਰਾਜ ਦਾ ਸੰਕਲਪ ਗਦਰ ਪਾਰਟੀ ਤੋਂ ਲਿਆ ਅਤੇ ਸਾਮਰਾਜੀਆਂ ਵਲੋਂ ਗੁਲਾਮ ਮੁਲਕਾਂ ਦੀ ਲੁਟ ਘਤਮ ਕਰਨ ਲਈ ਸੰਪੂਰਨ ਆਜ਼ਾਦੀ ਪ੍ਰਾਪਤ ਕਰਨ ਦਾ ਟੀਚਾ ਦੇਸ਼ ਦੇ ਲੋਕਾਂ ਸਾਹਮਣੇ ਰੱਖਿਆ। ਆਪਣੀ ਇਸੇ ਸਮਝ ਕਾਰਣ ਭਗਤ ਸਿੰਘ ਇੰਨਕਲਾਬ ਜਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਹਰਾ ਲਾਉਣ ਵਾਲਾ ਪਹਿਲਾ ਭਾਰਤੀ ਇਨਕਲਾਬੀ ਹੈ।

ਇਸ ਤੋਂ ਪਹਿਲਾਂ ਫੋਰਮ ਦੇ ਉਪ ਪ੍ਰਧਾਨ ਪਰਗਟ ਸਿੰਘ ਧਾਲੀਵਾਲ ਨੇ ਚੌਰੀ ਚੌਰਾ ਦੁਖਾਂਤ ਦੇ ਬਾਰੇ ਦੱਸਦਿਆ ਕਿਹਾ ਕਿ ਉਸ ਸਮੇਂ ਭਾਰਤ ਵਿਚ ਬਰਤਨਵੀ ਹਕੂਮਤ ਦੇ ਖਿਲਾਫ ਜਾਗਰੂਕਤਾ ਉਭਰ ਰਹੀ ਸੀ। ਚੌਰੀ ਚੌਰਾ ਕਾਂਡ ਹਾਕਮਾ ਵਲੋਂ ਭਾਰਤੀ ਲੋਕਾਂ ਤੇ ਜਬਰ ਦੀਆਂ ਹੋਰ ਵੱਖ ਵੱਖ ਵਾਰਦਾਤਾਂ ਦੀ ਲੜੀ ਵਿਚੋਂ ਇਕ ਸੀ। ਪੁਲਸ ਵਲੋਂ 11 ਪੁਰਅਮਨ ਮੁਜਾਹਰਾ ਕਾਰੀਆਂ ਨੂੰ ਕਤਲ ਕਰਨ ਪਿਛੋ ਭੜਕੀ ਭੀੜ ਵਲੋਂ ਥਾਣੇ ਨੂੰ ਅੱਗ ਲਾਉਣ ਤੱਕ ਗੱਲ ਪਹੁੰਚ ਗਈ। ਇਸ ਕੇਸ ਵਿਚ ਅਦਾਲਤ ਵਲੋਂ 172 ਮੁਜਾਹਰਾ ਕਾਰੀਆ ਨੂੰ ਫਾਸੀ ਦੀ ਸਜਾ ਸੁਣਾਈ ਗਈ। ਇਸ ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਜਿਥੇ ਇਕੋ ਕੇਸ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਫਾਂਸੀ ਦੀ ਸਜਾ ਸੁਣਾਈ ਹੋਵੇ। ਭਾਵੇ ਪਿਛੋ ਉਚ ਅਦਾਲਤ ਵਲੋਂ ਇਨਾ ਵਿਚੋ 153 ਲੋਕਾਂ ਦੀ ਫਾਂਸੀ ਦੀ ਸਜਾ ਉਮਰ ਕੈਦ ਜਾ ਇਸ ਤੋਂ ਘੱਟ ਸਜਾ ਵਿਚ ਬਦਲ ਦਿਤੀ ਗਈ। ਇਹ ਵਰ੍ਹਾ ਉਨ੍ਹਾਂ ਸੂਰਮਿਆ ਦੇ ਦੇਸ ਦੀ ਆਜ਼ਾਦੀ ਲਈ ਸ਼ਹੀਦ ਹੋਣ ਦਾ 100 ਵਾਂ ਵਰਾ ਹੈ ਅਤੇ ਇਸੇ ਲਈ ਫੋਰਮ ਨੇ ਇਹ ਮੇਲਾ ਚੌਰੀ ਚੌਰਾ ਕਾਂਡ ਵਿਚ ਫਾਂਸੀ ਚੜਣ ਵਾਲੇ ਅਤੇ ਹੋਰ ਸਜਾਂਵਾ ਝਲਣ ਵਾਲੇ ਸੂਰਮਿਆ ਨੂੰ ਸਮਰਪਤ ਕਰ ਰਿਹਾ ਹੈ।

ਹੋਰ ਬੁਲਾਰਿਆ ਵਿਚ ਫੋਰਮ ਦੇ ਮੈਂਬਰ ਡਾ ਮਲਕੀਤ ਸਿੰਘ ਕਿੰਗਰਾ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਿਛਲੇ ਸਾਲ ਵਿਚ ਸਾਥੋ ਵਿਛੜੇ ਸ੍ਰ ਅਮਰੀਕ ਸਿੰਘ ਵਿਰਕ, ਡਾ ਗੁਰੂਮੇਲ ਸਿੰਘ ਸਿਧੂ ਅਤੇ ਫੋਰਮ ਦੇ ਬਾਨੀ ਸ੍ਰ ਗੁਰਦੀਪ ਸਿੰਘ ਅਣਖੀ ਨੂੰ ਸਰਧਾਜਲੀ ਪੇਸ਼ ਕੀਤੀ। ਫੋਰਮ ਦੇ ਮੈਬਰ ਪ੍ਰਿਸੀਪਲ ਬਲਵਿੰਦਰ ਸਿੰਘ ਬੁਟਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਚੌਰੀ ਚੌਰਾ ਕਾਂਡ ਵਿਚ ਮਰਨ ਵਾਲੇ ਪੁਲੀਸ ਵਾਲੇ ਵੀ ਭਾਰਤੀ ਹੀ ਸਨ ਅਤੇ ਇਹ ਬਰਤਾਨਵੀ ਸਾਮਰਾਜ ਦੀਆ ਲੋਕ ਵਿਰੋਧੀ ਨੀਤੀਆ ਦਾ ਨਤੀਜਾ ਸੀ।

ਇਸ ਮੇਲੇ ਵਿਚ ਵੱਖ ਵੱਖ ਸੱਭਿਆਚਾਰਕ ਆਈਟਮਾਂ ਵੀ ਪੇਸ਼ ਕੀਤੀਆਂ ਗਈਆ, ਜੋ ਕਿ ਖਾਸ ਕਰ ਇਸ ਪ੍ਰੋਗਰਾਮ ਲਈ ਦੇਸ਼ ਭਗਤਾਂ ਨਾਲ ਸਬੰਧਤ ਗੀਤਾਂ ਨਾਲ ਤਿਆਰ ਕਰਵਾਈਆ ਗਈਆ ਸਨ। ਧਰਮਵੀਰ ਧਾਂਦੀ ਜੋ ਇਸ ਪ੍ਰੋਗਰਾਮ ਦਾ ਮੁਖ ਗਾਇਕ ਸੀ ਨੂੰ ਲੋਕਾਂ ਨੇ ਬੜੇ ਪਿਆਰ ਨਾਲ ਸੁਣਿਆ ਅਤੇ ਉਸ ਦੇ ਸਮਾਜਕ ਸਰੋਕਾਰਾ ਵਾਲੇ ਉਸ ਦੇ ਖੁਦ ਲਿਖੇ ਗੀਤਾ ਨੂੰ ਸਰਾਹਿਆ। ਯਮਲਾ ਫਾਉਡੇਸ਼ਨ ਦੇ ਪ੍ਰਧਾਨ ਰਾਜ ਬਰਾੜ, ਹਰਜੀਤ ਸਿੰਘ ਸ਼ੇਰਗਿਲ, ਕਮਲਜੀਤ ਬੈਨੀਪਾਲ ਅਤੇ ਪੱਪੀ ਭਦੌੜ ਨੇ ਆਪਣੇ ਵਧੀਆਂ ਗੀਤਾ ਨਾਲ ਸਭ ਦਾ ਮੰਨੋਰੰਜਨ ਕੀਤਾ। ਕਵਿਤਾਵਾਂ ਬੋਲਣ ਵਾਲਿਆ ਵਿਚ ਆਚਲ ਹੇਅਰ, ਜਸਅਮ੍ਰਤ ਕੌਰ ਅਤੇ ਅਕਸ਼ਪ੍ਰੀਤ ਕੌਰ ਸੰਧੂ ਨੇ ਇਕ ਇਕ ਕਵਿਤਾ ਵਧੀਆਂ ਪੇਸ਼ਕਾਰੀ ਨਾਲ ਪੇਸ਼ ਕੀਤੀ ਜਿਸ ਨੂੰ ਸਰੋਤਿਆ ਨੇ ਪਸੰਦ ਕੀਤਾ।

ਫੋਰਮ 900 ਏ ਐਮ ਫਰਿਜਨੋ ਇਲਾਕੇ ਦਾ ਮਸ਼ਹੂਰ ਰੇਡੀਓ ਸਟੇਸ਼ਨ ਹੈ ਅਤੇ ਇਸ ਦੇ ਸਾਰੇ ਪੰਜਾਬੀ ਹੋਸਟ ਫੋਰਮ ਦੇ ਸਾਰੇ ਪ੍ਰੋਗਰਾਮਾ ਦੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਆਪਣੇ ਪ੍ਰੋਗਰਾਮਾ ਦੇ ਜਰੀਏ ਫੋਰਮ ਦਾ ਪੂਰਾ ਸਾਥ ਦਿੰਦੇ ਹਨ। ਉਨਾਂ ਦੇ ਇਸ ਸਹਿਯੋਗ ਲਈ ਫੋਰਮ ਵਲੋਂ ਸਾਰੇ ਪੰਜਾਬੀ ਹੋਸਟਾ ਇਸ ਸਟੇਜ ਤੋਂ ਸਨਮਾਨ ਪੱਤਰ ਦਿਤੇ ਗਏ।

ਪੜਾਈ ਵਿਚ ਹੁਸ਼ਿਆਰ ਵਿਦਿਆਰਥੀਆ ਨੂੰ ਜੋ 4.0 ਜਾਂ ਵਧੀਆ ਗਰੇਡ ਲੈਂਦੇ ਹਨ ਨੂੰ ਸਨਮਾਨਤ ਕਰਨਾ ਫੋਰਮ ਦਾ ਇਕ ਹੋਰ ਨਵੇਕਲਾ ਕਦਮ ਹੈ ਜੋ ਕਿ ਫੋਰਮ ਪਿਛਲੇ 10 ਸਾਲਾਂ ਤੋ ਕਰਦਾ ਆਇਆ ਹੈ ਅਤੇ ਇਸ ਕਦਮ ਨੂੰ ਸਾਰੇ ਇਲਾਕਾ ਨਿਵਾਸੀਆ ਅਤੇ ਸਪਾਸਰਾਂ ਵਲੋਂ ਪਸੰਦ ਕੀਤਾ ਜਾਦਾ ਹੈ। ਇਸ ਮੇਲੇ ਵਿਚ ਵੀ ਕੋਈ 26 ਵਿਦਿਆਰਥੀਆ ਨੂੰ ਨਗਦ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ।ਸ਼ਹੀਦਾ ਦੀਆ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਹਜਾਰਾ ਲੋਕਾਂ ਤੇ ਵੇਖਿਆ ਅਤੇ ਸਰਾਹਿਆ, ਇਸ ਦੇ ਨਾਲ ਹੀ ਕਿਤਾਬਾਂ ਦੀਆਂ ਇਕ ਤੋਂ ਵੱਧ ਪ੍ਰਦਰਸ਼ਨੀਆ ਨੂੰ ਬਹੁਤ ਸਾਰੇ ਲੋਕਾਂ ਨੇ ਵੇਖਿਆ ਅਤੇ ਕਿਤਾਬਾਂ ਖ੍ਰੀਦੀਆ। ਚਾਹ ਪਕੌੜਿਆ ਦਾ ਲੰਗਰ ਸ਼ੌਕਤ ਅਲੀ ਦੀ ਅਗਵਾਈ ਵਿਚ ਸਾਰਾ ਦਿਨ ਚਲਦਾ ਰਿਹਾ। ਮੀਡੀਏ ਵਲੋਂ ਸੰਜੀਵ ਕੁਮਾਰ (ਪੀ ਟੀ ਸੀ), ਨੀਟਾ ਮਾਛੀਕੇ, ਜਸਵੰਤ ਮਹਿਮੀ ਸ਼ਾਮਲ ਹੋਏ। ਤਸਵੀਰਾਂ ਅਤੇ ਵੀਡੀਓਗਰਾਫੀ ਸੰਜੀਵ ਭਾਰਦਵਾਜ, ਏਬੀ 24 ਟੀਵੀ ਵਾਲਿਆ ਬਾਖੂਬੀ ਨਿਭਾਈ।

# ਹਨੂੰਮਾਨ ਜੈਅੰਤੀ ਦੇ ਮੌਕੇ ’ਤੇ ਸ਼ਰਧਾਲੂ ਜਲੂਸ ਵਿਚ ਲਿਆ ਹਿੱਸਾ





ਬੀਕਾਨੇਰ ਵਿਚ ਵੀਰਵਾਰ ਨੂੰ ਹਨੂੰਮਾਨ ਜੈਅੰਤੀ ਦੇ ਮੌਕੇ ’ਤੇ ਸ਼ਰਧਾਲੂਆਂ ਨੇ ਜਲੂਸ ਵਿਚ ਹਿੱਸਾ ਲਿਆ।

## 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ’ਚ ਸੀਬੀਆਈ ਨੇ ਟਾਈਟਲਰ ਦੀ ਆਵਾਜ਼ ਦਾ ਲਿਆ ਨਮੂਨਾ

ਨਵੀਂ ਦਿੱਲੀ : ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਦਿੱਲੀ ਦੇ ਪੁਲ ਬੰਗਸ਼ ਇਲਾਕੇ ’ਚ 1984 ’ਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ’ਚ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਦੀ ਆਵਾਜ਼ ਦਾ ਨਮੂਨਾ ਲਿਆ। ਉੱਥੇ ਹੀ ਆਵਾਜ਼ ਦਾ ਨਮੂਨਾ ਦੇਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਟਾਈਟਲਰ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਨਹੀਂ ਕੀਤਾ ਹੈ। ਉਹ ਦੋਸ਼ੀ ਨਹੀਂ ਹਨ ਅਤੇ ਉਨ੍ਹਾਂ ਖ਼ਿਲਾਫ਼ ਕੋਈ ਸਬੂਤ ਵੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਉਹ ਦੋਸ਼ੀ ਹਨ ਅਤੇ ਉਨ੍ਹਾਂ ਖ਼ਿਲਾਫ਼ ਸਬੂਤ ਹਨ ਤਾਂ ਉਹ ਇਸ ਮਾਮਲੇ ’ਚ ਜੇਲ੍ਹ ਜਾਣ ਅਤੇ ਫਾਂਸੀ ’ਤੇ ਲਟਕਣ ਲਈ ਵੀ ਤਿਆਰ ਹਨ। ਜਦੋਂ ਟਾਈਟਲਰ ਤੋਂ ਪੁੱਛਿਆ ਗਿਆ ਕਿ ਕੀ ਸੀ.ਬੀ.ਆਈ. ਨੇ ਉਨ੍ਹਾਂ ਦੀ ਆਵਾਜ਼ ਪਛਾਣ ਲਈ ਆਵਾਜ਼ ਦਾ ਨਮੂਨਾ ਲੈ ਲਿਆ ਹੈ ਤਾਂ ਉਨ੍ਹਾਂ ਕਿਹਾ ਕਿ ਨਮੂਨਾ ਸਿੱਖ ਵਿਰੋਧੀ ਦੰਗਿਆਂ ਨੂੰ ਲੈ ਕੇ ਨਹੀਂ ਸਗੋਂ ਦੂਜੇ ਮਾਮਲੇ ’ਚ ਲਿਆ ਗਿਆ ਹੈ।



ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਏਜੰਸੀ ਨੇ ਰਾਜਨੇਤਾ ਮਨਜੀਤ ਸਿੰਘ ਜੀ.ਕੇ. ਨੂੰ ਵੀ ਤਲਬ ਕੀਤਾ ਹੈ। ਮਨਜੀਤ ਸਿੰਘ ਜੀ.ਕੇ. ਨੇ ’ਸਟਿੰਗ ਟੇਪ’ ਜਾਰੀ ਕੀਤੇ ਸਨ, ਜਿਨ੍ਹਾਂ ’ਚ ਟਾਈਟਲਰ ਦੱਸੇ ਗਏ ਇਕ ਵਿਅਕਤੀ ਨੇ ਸਿੱਖਾਂ ਦਾ ਕਤਲ ਕਰਨ ਦਾ ਦਾਅਵਾ ਕੀਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ ਤਿੰਨ ਕਲੋਜ਼ਰ ਰਿਪੋਰਟ ਦਾਖ਼ਲ ਕਰਨ ਵਾਲੀ ਏਜੰਸੀ ਨੇ ਮਾਮਲੇ ’ਚ ਨਵੇਂ ਸਬੂਤ ਮਿਲਣ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਸੂਤਰਾਂ ਨੇ ਦੱਸਿਆ ਕਿ ਏਜੰਸੀ ਟਾਈਟਲਰ ਦੀ ਆਵਾਜ਼ ਦੇ ਨਮੂਨੇ ਦਾ ਅਤੇ ਵੀਡੀਓ ’ਚ ਸੁਣਾਈ ਦੇਣ ਵਾਲੀ ਆਵਾਜ਼ ਨਾਲ ਮਿਲਾਨ ਕਰ ਸਕਦੀ ਹੈ। ਦੰਗਿਆਂ ਦੀਜਾਂਚ ਕਰਨ ਵਾਲੀ ਨਾਨਾਵਤੀ ਆਯੋਗ ਦੀ ਰਿਪੋਰਟ ’ਚ ਟਾਈਟਲਰ ਦਾ ਨਾਮ ਸੀ। ਅਧਿਕਾਰੀਆਂ ਨੇ ਦੱਸਿਆ ਕਿ ਟਾਈਟਲਰ ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ ਪਹੁੰਚੇ, ਜਿੱਥੇ ਮਾਹਿਰਾਂ ਨੇ ਉਨ੍ਹਾਂ ਦੀ ਆਵਾਜ਼ ਦਾ ਨਮੂਨਾ ਲਿਆ। ਜ਼ਰੂਰੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਉੱਥੋਂ ਜਾਣ ਦਿੱਤਾ ਗਿਆ। ਮਾਮਲਾ ਇਕ ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਇਲਾਕੇ ’ਚ ਦੰਗਿਆਂ ਦੌਰਾਨ ਤਿੰਨ ਲੋਕਾਂ ਦੇ ਕਤਲ ਨਾਲ ਜੁੜਿਆ ਹੈ। ਸਾਲ 1984 ’ਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਸਿੱਖ ਕਰਮੀਆਂ ਵਲੋਂ ਕਤਲ ਕੀਤੇ ਜਾਣ ਤੋਂ ਬਾਅਦ ਦੇਸ਼ ’ਚ ਸਿੱਖ ਭਾਈਚਾਰੇ ’ਤੇ ਹਿੰਸਕ ਹਮਲੇ ਕੀਤੇ ਗਏ ਸਨ।

## ਹਨੂੰਮਾਨ ਜਯੰਤੀ ਮੌਕੇ ਸ਼ੋਭਾ ਯਾਤਰਾ ਨੂੰ ਦੇਖਦੇ ਹੋਏ ਲੋਕ ਹੋਏ ਅਤੇ ਪੁਲਿਸ ਮੁਲਾਜ਼ਮ ਨੇ ਦਿੱਤਾ ਪਹਿਰਾ



ਨਵੀਂ ਦਿੱਲੀ : ਨਵੀਂ ਦਿੱਲੀ ਦੇ ਜਹਾਂਗੀਰਪੁਰੀ ਵਿਖੇ ਵੀਰਵਾਰ ਨੂੰ ਹਨੂੰਮਾਨ ਜਯੰਤੀ ਦੇ ਮੌਕੇ ’ਤੇ ਸ਼ੋਭਾ ਯਾਤਰਾ ਦੇ ਲੰਘਣ ਨੂੰ ਦੇਖਦੇ ਹੋਏ ਪੁਲਿਸ ਕਰਮਚਾਰੀ ਪਹਿਰਾ ਦਿੰਦੇ ਹੋਏ।

## ਸੁਖਪਾਲ ਖਹਿਰਾ ਦੇ ਧਰਨੇ ਕਾਰਨ ਭੁਲੱਥ ਵਿੱਚ ਤਣਾਅ

*ਖਹਿਰਾ ਵੱਲੋਂ ਵਿਸ਼ੇਸ਼ ਗਿਰਦਾਵਰੀ ਜਲਦੀ ਕਰਵਾਉਣ ਦੀ ਮੰਗ*

ਭੁਲੱਥ : ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਫ਼ਸਲਾਂ ਦੇ ਮੁਆਵਜ਼ੇ ਸਬੰਧੀ ਸਬ-ਡਿਵੀਜ਼ਨ ਕੰਪਲੈਕਸ ਵਿੱਚ ਦਿੱਤੇ ਜਾਣ ਵਾਲੇ ਧਰਨੇ ਕਾਰਨ ਭੁਲੱਥ ਵਿੱਚ ਹਾਲਾਤ ਤਣਾਅਪੂਰਨ ਬਣੇ ਹੋਏ ਸਨ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰਾਣਾ ਤੇ ਪਾਰਟੀ ਕਾਰਕੁਨ ਵੀ ਸ੍ਰੀ ਖਹਿਰਾ ਦੇ ਬਰਾਬਰ ਸਬ-ਡਿਵੀਜ਼ਨ ਕੰਪਲੈਕਸ ਵਿੱਚ ਧਰਨਾ ਦੇਣ ਲਈ ਆਹਮੋ-ਸਾਹਮਣੇ ਹੋ ਗਏ। ਪੁਲੀਸ ਵੱਲੋਂ ਸੁਰੱਖਿਆ ਲਈ ਕਸਬਾ ਪੁਲੀਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਪੁਲੀਸ ਨੇ ਰਾਣਾ ਅਤੇ ਸਾਥੀਆਂ ਦੇ ਇਕੱਠ ਨੂੰ ਰੈਸਟ ਹਾਊਸ ਨੇੜੇ ਪੁੱਜਣ ’ਤੇ ਸੰਭਾਵੀ ਟਕਰਾਅ ਰੋਕਣ ਲਈ ਬੈਰੀਕੇਡ ਲਗਾ ਕੇ ਬੱਸ ਸਟੈਂਡ ਵਿੱਚ ਧਰਨਾ ਲਗਾਉਣ ਲਈ ਮਜਬੂਰ ਕੀਤਾ। ਦੂਜੇ ਪਾਸੇ, ਸੁਖਪਾਲ ਸਿੰਘ ਖਹਿਰਾ ਤੇ ਸਮਰਥਕਾਂ ਵੱਲੋਂ ਕੰਪਲੈਕਸ ਦੇ ਗੇਟ ਅੱਗੇ ਆਹਮੋ-ਸਾਹਮਣੇ ਨਾਅਰੇਬਾਜ਼ੀ ਸ਼ੁਰੂ ਹੋ ਗਈ। ਇਸ



ਦੌਰਾਨ ਪੁਲੀਸ ਵੱਲੋਂ ਅੱਗੇ ਗੱਡੀਆਂ ਲਗਾ ਕੇ ਰੋਕਣ ਕਾਰਨ ਸੁਖਪਾਲ ਸਿੰਘ ਖਹਿਰਾ ਦੀ ਐੱਸਪੀ (ਡੀ) ਹਰਵਿੰਦਰ ਸਿੰਘ ਡੱਲੀ ਨਾਲ ਹੱਥੋਪਾਈ ਤੱਕ ਨੌਬਤ ਆ ਗਈ। ਇਸ ਪਿੱਛੋਂ ਦੋਵੇਂ ਧਿਰਾਂ ਵੱਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਸੁਖਪਾਲ ਸਿੰਘ ਖਹਿਰਾ ਨੇ ਸੰਬੋਧਨ ਕਰਦਿਆਂ ਕਣਕਾਂ ਦੇ ਮੁਆਵਜ਼ੇ ਦੇਣ ਲਈ ਵਿਸ਼ੇਸ਼ ਗਿਰਦਾਵਰੀਆਂ ਜਲਦੀ ਕਰਾਉਣ ਦੀ ਮੰਗ ਕੀਤੀ। ਇਹ ਪ੍ਰਦਰਸ਼ਨ ਭੁਲੱਥ ਦੇ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਗਿਆ ਕਿਉਂਕਿ ਪੁਲੀਸ ਨੇ ਬੈਰੀਕੇਡ ਲਾ ਕੇ ਸੜਕਾਂ ਨੂੰ ਬੰਦ ਕੀਤਾ ਹੋਇਆ ਸੀ। ਐੱਸਡੀਐੱਮ ਸੰਜੀਵ ਸ਼ਰਮਾ ਨੇ ਕਿਹਾ ਕਿ ਸਬ-ਡਿਵੀਜ਼ਨ ਵਿੱਚ ਛੇ ਪਟਵਾਰੀ ਤੇ ਚਾਰ ਖੇਤੀਬਾੜੀ ਅਧਿਕਾਰੀ ਤੇ 107 ਪਿੰਡ ਹਨ। ਮਾਲ ਵਿਭਾਗ ਵੱਲੋਂ ਹਰ ਰੋਜ਼ ਗਿਰਦਾਵਰੀ ਕੀਤੀ ਜਾ ਰਹੀ ਹੈ। ਇਸ ਸਬੰਧੀ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਡਿਪਟੀ ਕਮਿਸ਼ਨਰ ਕਪੂਰਥਲਾ ਨਾਲ ਗੱਲ ਕਰ ਕੇ ਹੋਰ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਜਾਵੇਗਾ।

*ਡਰੱਗ ਮਾਮਲਾ*

## ਬਿਕਰਮ ਮਜੀਠੀਆ ਅਦਾਲਤ ਵਿੱਚ ਪੇਸ਼; ਅਗਲੀ ਸੁਣਵਾਈ 7 ਅਗਸਤ ਨੂੰ

ਮੁਹਾਲੀ : ਪੰਜਾਬ ਦੇ ਬਹੁਚਰਚਿਤ ਡਰੱਗ ਮਾਮਲੇ ਵਿੱਚ ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅੱਜ ਆਪਣੇ ਵਕੀਲਾਂ ਨਾਲ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 7 ਅਗਸਤ ’ਤੇ ਅੱਗੇ ਪਾ ਦਿੱਤੀ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਮਜੀਠੀਆ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ’ਤੇ ਸਵਾਲ ਚੁੱਕਦਿਆਂ ਸਿਆਸੀ ਬਦਲਾਖੋਰੀ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਕਰੀਬ ਡੇਢ ਸਾਲ ਦੌਰਾਨ ਪੰਜਾਬ ਪੁਲੀਸ ਹੁਣ ਤੱਕ ਉਨ੍ਹਾਂ ਖ਼ਿਲਾਫ਼ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਨਹੀਂ ਕਰ ਸਕੀ ਕਿਉਂਕਿ ਹੁਣ ਤੱਕ ਜਾਂਚ ਏਜੰਸੀ ਨੂੰ ਉਨ੍ਹਾਂ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਸ੍ਰੀ ਮਜੀਠੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਧਮਕੀ ਭਰੇ ਫੋਨ ਆ ਚੁੱਕੇ ਹਨ ਜਿਸ ਸਬੰਧੀ ਉਹ ਡੀਜੀਪੀ



ਨੂੰ ਜਾਣਕਾਰੀ ਦੇ ਚੁੱਕੇ ਹਨ ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ‘ਆਪ’ ਸਰਕਾਰ ਸੂਬੇ ਦੇ ਨੌਜਵਾਨਾਂ ਖਾਸ ਕਰ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਅਕਾਲ ਤਖ਼ਤ ਤੋਂ ਆਰੰਭ ਹੋ ਕੇ ਗੁਰੂ ਕੇ ਮਹਿਲ ਪਹੁੰਚ ਕੇ ਹੋਇਆ ਸਮਾਪਤ; ਗਤਕਾ ਪਾਰਟੀਆਂ ਨੇ ਜੌਹਰ ਦਿਖਾਏ





ਅੰਮ੍ਰਿਤਸਰ : ਇੱਥੇ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਸਜਾਇਆ ਗਿਆ। ਖਾਲਸਈ ਰਵਾਇਤਾਂ ਤੇ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਅਕਾਲ ਤਖ਼ਤ ਤੋਂ ਆਰੰਭ ਹੋਇਆ ਨਗਰ ਕੀਰਤਨ ਸ੍ਰੀ ਗੁਰੂ ਰਾਮਦਾਸ ਜੀ ਨਿਵਾਸ, ਚੌਕ ਪਰਾਗਦਾਸ, ਚੌਕ ਬਾਬਾ ਸਾਹਿਬ, ਚੌਕ ਕਰੋੜੀ, ਰਾਮਸਰ ਰੋਡ, ਬਾਬਾ ਦੀਪ ਸਿੰਘ ਕਲੋਨੀ, ਚੌਕ ਮੋਨੀ, ਹਵੇਲੀ ਅਬਲਵਾਈਆਂ, ਚੌਕ ਜੈ ਸਿੰਘ, ਬਾਜ਼ਾਰ ਲੁਹਾਰਾਂ, ਚੌਕ ਲਛਮਣਸਰ, ਢਾਬ ਬਸਤੀ ਰਾਮ, ਚੌਕ ਛੱਤੀ ਖੂਹੀ, ਬਾਜ਼ਾਰ ਬਾਂਸਾਂ, ਬਾਜ਼ਾਰ ਪਾਪੜਾਂ, ਬਾਜ਼ਾਰ ਕਾਠੀਆਂ ਤੇ ਗੁਰੂ ਬਾਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਪਹੁੰਚ ਕੇ ਸੰਪੰਨ ਹੋਇਆ।

ਨਗਰ ਕੀਰਤਨ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਣੇ ਕਈ ਪੰਥਕ ਸ਼ਖ਼ਸੀਅਤਾਂ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ, ਅਧਿਕਾਰੀਆਂ ਅਤੇ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਸੰਗਤ ਨੇ ਸ਼ਮੂਲੀਅਤ ਕਰ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਗਤਕਾ ਪਾਰਟੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਬੈਂਡ ਪਾਰਟੀਆਂ ਨੇ ਮਨੋਹਰ ਧੁਨਾਂ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸੰਗਤ ਨੂੰ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰਾਖੀ ਲਈ ਇਕ ਅਹਿਮ ਮਿਸਾਲ ਹੈ ਜਿਸ ਨੂੰ ਹਰ ਮਨੁੱਖ ਸਿਜਦਾ ਕਰਦਾ ਹੈ। ਉਨ੍ਹਾਂ ਸੰਗਤ ਨੂੰ ਗੁਰੂ



ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਕਮੇਟੀ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਜਰਨੈਲ ਸਿੰਘ ਕਰਤਾਰਪੁਰ, ਪਰਮਜੀਤ ਸਿੰਘ ਖਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਵੀ ਮੌਜੂਦ ਸਨ।

# ਖਾਲਸਾ ਸਾਜਨਾ ਦਿਵਸ ਮੌਕੇ ਛੇ ਮਹਾਨ ਅੰਮ੍ਰਿਤ ਸੰਚਾਰ ਉਲੀਕੇ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਐਡਵੋਕੇਟ ਸ੍ਰ: ਹਰਜਿੰਦਰ ਸਿੰਘ ਜੀ ਧਾਮੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰ: ਬਲਵਿੰਦਰ ਸਿੰਘ ਕਾਹਲਵਾਂ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿੱਖ ਮਿਸ਼ਨ ਗੁਜਰਾਤ-ਰਾਜਸਥਾਨ ਵੱਲੋਂ ਭਾਈ ਪਰਮਜੀਤ ਸਿੰਘ ਇੰਚਾਰਜ ਜੀ ਦੀ ਅਗਵਾਈ ਹੇਠ ਖਾਲਸਾ ਸਾਜਨਾ ਦਿਵਸ ਮੌਕੇ ਛੇ ਮਹਾਨ ਅੰਮ੍ਰਿਤ ਸੰਚਾਰ ਉਲੀਕੇ ਗਏ ਹਨ। ਜਿਨ੍ਹਾਂ ਵਿੱਚੋਂ ਮਿਤੀ 9 ਅਪਰੈਲ 2023 ਨੂੰ ਪਹਿਲੇ ਦੋ ਅੰਮ੍ਰਿਤ ਸੰਚਾਰ ਕਰਵਾਏ ਗਏ। ਪਹਿਲਾਂ ਅੰਮ੍ਰਿਤ ਸੰਚਾਰ ਗੁਰਦੁਆਰਾ ਗੁਰੂ ਨਾਨਕ ਦਰਸ਼ਨ ਮਾਊਂਟ ਆਬੂ ਹੈਡਕੁਆਟਰ ਸਿੱਖ ਮਿਸ਼ਨ ਗੁਜਰਾਤ-ਰਾਜਸਥਾਨ ਅਤੇ ਦੂਸਰਾ ਅੰਮ੍ਰਿਤ ਸੰਚਾਰ ਗੁਰਦੁਆਰਾ ਨਾਨਕ ਵਾੜੀ ਬੜੌਦਾ ਗੁਜਰਾਤ ਵਿਖੇ ਕਰਵਾਇਆ ਗਿਆ। ਜਿਸ ਵਿੱਚ ਕੁੱਲ 108 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਇਸ ਮੌਕੇ ਭਾਈ ਰਵਿੰਦਰ ਸਿੰਘ ਪ੍ਰਚਾਰਕ ਸਿੱਖ ਮਿਸ਼ਨ ਜੰਮੂ ਅਤੇ ਭਾਈ ਅਮਰਜੀਤ ਸਿੰਘ ਚਿੱਟੀ ਹੈਡਕੁਆਟਰ ਗੁਰਦੁਵਾਰਾ ਬਾਰਠ ਸਾਹਿਬ ਵੱਲੋਂ ਪੰਜ ਪਿਆਰਿਆਂ ਦੀ ਸੇਵਾ ਨਿਭਾਈ ਗਈ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਤੇਜ਼ਪੁਰ ਏਅਰਫੋਰਸ ਸਟੇਸ਼ਨ 'ਤੇ ਗੁਲਾਬ ਚੰਦ ਕਟਾਰੀਆ ਅਤੇ ਹਿਮਾਂਤਾ ਬਿਸਵਾ ਸ਼ਰਮਾ ਵਲੋਂ ਕੀਤਾ ਗਿਆ ਸਵਾਗਤ

ਅਸਾਮ : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਸ਼ਨੀਵਾਰ ਨੂੰ ਤੇਜ਼ਪੁਰ ਏਅਰਫੋਰਸ ਸਟੇਸ਼ਨ 'ਤੇ ਪਹੁੰਚਣ 'ਤੇ ਅਸਾਮ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਰਾਜ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਸਵਾਗਤ ਕੀਤਾ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਸਾਮ ਦੇ ਤੇਜ਼ਪੁਰ ਏਅਰ ਫੋਰਸ ਸਟੇਸ਼ਨ ਤੋਂ ਸੁਖੋਈ-30 ਐਮਕੇਆਈ ਲੜਾਕੂ ਜਹਾਜ਼ ਵਿੱਚ ਉਡਾਣ ਭਰੀ। ਰਾਸ਼ਟਰਪਤੀ ਮੁਰਮੂ ਇਸ ਸਮੇਂ 6 ਤੋਂ 8 ਅਪ੍ਰੈਲ ਤੱਕ ਅਸਾਮ ਦੇ ਦੌਰੇ 'ਤੇ ਹਨ। ਸੁਖੋਈ-30 MKI ਇੱਕ ਦੋ-ਸੀਟਰ ਮਲਟੀਰੋਲ ਲੜਾਕੂ ਜਹਾਜ਼ ਹੈ ਜੋ ਰੂਸ ਦੇ ਸੁਖੋਈ ਦੁਆਰਾ ਵਿਕਸਤ ਕੀਤਾ ਗਿਆ ਹੈ ਅਤੇ ਭਾਰਤ ਦੀ ਏਰੋਸਪੇਸ ਦਿੱਗਜ ਹਿੰਦੁਸਤਾਨ ਏਅਰੋਨੌਟਿਕਸ ਲਿਮਿਟੇਡ ਦੁਆਰਾ ਲਾਇਸੰਸ ਅਧੀਨ ਨਿਰਮਿਤ ਹੈ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਤਿੰਨਾਂ ਸੇਵਾਵਾਂ ਦਾ ਸੁਪਰੀਮ ਕਮਾਂਡਰ ਹੁੰਦਾ ਹੈ। ਇਸ ਤੋਂ ਪਹਿਲਾਂ 2009 ਵਿੱਚ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇੱਕ ਫਰੰਟਲਾਈਨ ਲੜਾਕੂ ਜਹਾਜ਼ ਵਿੱਚ ਉਡਾਣ ਭਰੀ ਸੀ।

ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ, 7 ਅਪ੍ਰੈਲ ਨੂੰ ਰਾਸ਼ਟਰਪਤੀ ਮੁਰਮੂ ਨੇ ਕਾਜ਼ੀਰੰਗਾ ਨੈਸ਼ਨਲ ਪਾਰਕ




ਵਿੱਚ ਗਜਾ ਉਤਸਵ-2023 ਦਾ ਉਦਘਾਟਨ ਕੀਤਾ ਅਤੇ ਗੁਹਾਟੀ ਵਿੱਚ ਗੁਹਾਟੀ ਹਾਈ ਕੋਰਟ ਦੇ 75 ਸਾਲ ਪੂਰੇ ਹੋਣ ਦੇ ਜਸ਼ਨਾਂ ਵਿੱਚ ਵੀ ਸ਼ਿਰਕਤ ਕੀਤੀ। ਉਨ੍ਹਾਂ ਨੇ ਸ਼ੁੱਕਰਵਾਰ ਨੂੰ ਗੁਹਾਟੀ ਵਿੱਚ ਮਾਊਂਟ ਕੰਚਨਜੰਗਾ ਐਕਸਪੀਡੀਸ਼ਨ-2023 ਨੂੰ ਹਰੀ ਝੰਡੀ ਦਿਖਾਈ।

ਰਾਸ਼ਟਰਪਤੀ ਮੁਰਮੂ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਅਤੇ ਭਾਰਤ ਰਤਨ ਡਾ.ਏ.ਪੀ.ਜੇ ਅਬਦੁਲ ਕਲਾਮ, ਪ੍ਰਤਿਭਾ ਪਾਟਿਲ ਅਤੇ ਰਾਮਨਾਥ ਕੋਵਿੰਦ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਵਿੱਚ ਉਡਾਣ ਭਰ ਚੁੱਕੇ ਹਨ, ਪਰ ਉਨ੍ਹਾਂ ਦੇ ਹਵਾਈ ਸੈਨਾ ਸਟੇਸ਼ਨ ਪੁਣੇ ਸਨ। ਈਸਟਰਨ ਏਅਰ ਕਮਾਂਡ ਏਅਰ ਮਾਰਸ਼ਲ ਐਸਪੀ ਧਾਰਕਰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਸਵਾਗਤ ਕੀਤਾ। ਇਸ ਮੌਕੇ ਅਸਾਮ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਵੀ ਮੌਜੂਦ ਰਹੇ।

ਦੇਖ ਤੇਗ ਫਤਹਿ ॥

ਪੰਥ ਦੀ ਜੀਤ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥



ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇ ਹੋਏ
ਬਹਾਦਰ ਬਾਬਾ ਬਿਧੀ ਚੰਦ ਜੀ ਦੀ ਅੰਸ਼ ਬੰਸ਼ ਦੇ



## 12ਵੇਂ ਜਾਨਸ਼ੀਨ ਸਿੰਘ ਸਾਹਿਬ
## ਜਥੇਦਾਰ ਸ੍ਰੀਮਾਨ ਬਾਬਾ ਅਵਤਾਰ ਸਿੰਘ ਜੀ

ਮੌਜੂਦਾ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ
ਸਾਹਿਬ ਜੀ ਸੁਰ ਸਿੰਘ ਵਾਲਿਆਂ ਦੀ



ਸੰਪਾਦਇ ਦਲ ਬਾਬਾ ਬਿਧੀ ਚੰਦ ਜੀ ਦੇ 11ਵਜੇਂ ਮੁਖੀ
ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ

# ਗੁਰਮਤਿ ਪ੍ਰਚਾਰ ਫੇਰੀ

(ਇਨ੍ਹਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਰਹੇ)

14 ਅਪ੍ਰੈਲ, 2023 ਗੁਰਦੁਆਰਾ ਸਾਹਿਬ ਮਨਟੀਕਾ :
ਸ਼ਾਮ 6.00 ਵਜੇ ਤੋਂ 7.30 ਵਜੇ ਤੱਕ

15 ਅਪ੍ਰੈਲ, 2023 ਗੁਰਦੁਆਰਾ ਸਾਹਿਬ ਸਟਾਕਟਨ :
ਸ਼ਾਮ 6.00 ਵਜੇ ਤੋਂ 7.30 ਵਜੇ ਤੱਕ

23 ਅਪ੍ਰੈਲ 2023 ਗੁਰਦੁਆਰਾ ਸਾਹਿਬ ਰੀਵਰਸਾਈਡ :
ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ

30 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ, ਹੋਲਾ ਮਹੱਲਾ (ਸਾਰਾ ਦਿਨ)

ਸਾਡੇ ਲੋਕ

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸੰਗਤਾਂ ਨੂੰ ਵਿਖਾਏ ਜਾਣਗੇ।**

ਸੰਪਰਕ ਨੰ.
ਸਤਨਾਮ ਸਿੰਘ ਸੰਗਤਪੁਰੀਆ (209) 992-1052, ਹਰਨਾਮ ਸਿੰਘ (209) 992-8155, ਰਵਿੰਦਰ ਸਿੰਘ ਢਿੱਲੋਂ (925) 525-7653



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ।

- ਸਤਨਾਮ ਸਿੰਘ ਖਾਲਸਾ

# ਭਾਈ ਸਰਵਣ ਹੋਰਾਂ ਨਾਲ ਤਾਂ ਲੋਹੜਾ ਹੋਇਆ, ਬਲਬੀਰ ਡੁੱਬ ਗਿਆ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪਾਪਾ ਜੀ ਦੇ ਮਨ ਵਿੱਚ ਸ਼ੁਰੂਆਤ ਤੋਂ ਹੀ ਸੀ ਕਿ ਉਹ ਕੋਵੈਂਟਰੀ ਵਿੱਚ ਯੂ.ਕੇ. ਦਾ ਪਹਿਲਾ ਗੁਰਦੁਆਰਾ ਜ਼ਮੀਨ 'ਤੇ ਤਿਆਰ ਕਰਨਾ ਚਾਹੁੰਦੇ ਸਨ।

ਕਈ ਇਮਾਰਤਾਂ ਸਨ ਜਿਨ੍ਹਾਂ ਬਾਰੇ ਸੋਚਣ ਲਈ ਕਿਹਾ ਗਿਆ। ਮੈਨੂੰ ਯਾਦ ਹੈ ਕਿ ਉਨ੍ਹਾਂ ਵਿੱਚੋਂ ਇੱਕ ਲੀਸੈਸਟਰ ਕੌਜ਼ਵੇਅ ਦਾ ਯੂਕੇਰੀਅਨ ਹਾਲ ਵੀ ਸੀ, ਇਸਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਕਈ ਹੋਰ ਹਾਲ ਸਨ ਜਿਨ੍ਹਾਂ ਦੇ ਲੋਕਾਂ ਨੇ ਪ੍ਰਸਤਾਵ ਦਿੱਤੇ, ਪਰ ਇਹ ਸਾਰੇ ਇੱਕ ਇੱਕ ਕਰਕੇ ਖਾਰਜ ਕਰ ਦਿੱਤੇ ਗਏ।

ਮੈਨੂੰ ਯਾਦ ਹੈ ਕਿ ਈਗਲ ਸਟਰੀਟ ਦੀ ਮਸਜਿਦ ਦੇ ਇੱਕ ਮੌਲਵੀ ਨੇ ਪਾਪਾ ਜੀ ਨੂੰ ਦੱਸਿਆ ਕਿ ਈਗਲ ਸਟਰੀਟ ਕੌਰਨਰ ਅਤੇ ਲੀਸੈਸਟਰ ਕੌਜ਼ਵੇਅ 'ਤੇ ਇੱਕ ਖਾਲੀ ਜਗ੍ਹਾ ਪਈ ਹੈ ਜਿਸਨੂੰ ਗੁਰਦੁਆਰਾ ਬਣਾਉਣ ਲਈ ਦੇਖਿਆ ਜਾ ਸਕਦਾ ਹੈ। ਉਹ ਉਸ ਨਾਲ ਉਸਨੂੰ ਦੇਖਣ ਵੀ ਗਏ ਸਨ, ਪਰ ਇਹ ਉਨ੍ਹਾਂ ਨੂੰ ਚੰਗੀ ਨਹੀਂ ਲੱਗੀ। ਮੈਨੂੰ ਯਾਦ ਹੈ ਕਿ ਸੁੱਚਾ ਸਿੰਘ ਵੀ ਆਪਣੇ ਭਰਾ ਨਾਲ ਉੱਥੇ ਆਇਆ ਸੀ, ਉਨ੍ਹਾਂ ਨੂੰ ਉਹ ਪਲਾਟ ਪਸੰਦ ਆਇਆ ਸੀ, ਪਰ ਪਾਪਾ ਜੀ ਨੂੰ ਨਹੀਂ।

ਅਗਲੇ ਕੁਝ ਮਹੀਨਿਆਂ ਵਿੱਚ ਉਨ੍ਹਾਂ ਨੇ ਮੈਨੂੰ ਉਸ ਖੇਤਰ ਵਿੱਚ ਜਾ ਕੇ ਜਗ੍ਹਾ ਦੇਖਣ ਲਈ ਕਿਹਾ ਜਿੱਥੇ ਕੋਵੈਂਟਰੀ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਬੰਬਾਂ ਨਾਲ ਸਾਰੀਆਂ ਇਮਾਰਤਾਂ ਤਬਾਹ ਹੋ ਗਈਆਂ ਸਨ। ਬੰਬਬਾਰੀ ਵਾਲੀ ਉਹ ਥਾਂ ਹੁਣ ਖਾਲੀ ਸੀ। ਅਸੀਂ ਹੋਰ ਵੀ ਕਈ ਥਾਵਾਂ ਦੇਖੀਆਂ।

ਉਨ੍ਹਾਂ ਨੇ ਮੈਨੂੰ ਇੱਕ ਹੋਰ ਖੇਤਰ ਦੇਖਣ ਲਈ ਕਿਹਾ ਜਿੱਥੇ ਸਾਡੇ ਲੋਕ ਜ਼ਿਆਦਾ ਰਹਿੰਦੇ ਸਨ ਜਿਹੜਾ ਕਿ ਫੌਲਜ਼ਹਿੱਲ ਰੋਡ ਅਤੇ ਹਿੱਲਫੀਲਡ ਖੇਤਰ ਸੀ। ਮੈਂ ਉੱਥੇ ਗਿਆ ਅਤੇ ਸਾਰੀਆਂ ਥਾਵਾਂ ਉਨ੍ਹਾਂ ਨੂੰ ਦਿਖਾਈਆਂ। ਉਨ੍ਹਾਂ ਦੇ ਮਨ ਵਿੱਚ ਅਜੇ ਵੀ ਸੀ ਕਿ ਇੱਥੇ ਅਜੇ ਵੀ ਕੁਝ ਅਜਿਹਾ ਹੈ ਜਿਹੜਾ ਉਨ੍ਹਾਂ ਨੂੰ ਜਚਿਆ ਨਹੀਂ।

ਇੱਕ ਸ਼ਨਿਚਰਵਾਰ ਨੂੰ ਅਸੀਂ ਡਾਊਨਟਾਊਨ ਗਏ ਜਿੱਥੇ ਜ਼ਿਆਦਾਤਰ ਲੋਕ ਰਾਸ਼ਨ ਖਰੀਦਣ ਜਾਂਦੇ ਸਨ। ਅਸੀਂ ਆਮ ਤੌਰ 'ਤੇ ਰੈੱਡ ਲੇਨ ਕੌਰਨਰ ਅਤੇ ਸਟੋਨੀ ਸਟੈਂਟਨ ਰੋਡ ਤੋਂ ਥ੍ਰੀ ਹੌਰਸ ਪੱਬ ਤੋਂ ਬੱਸ ਲੈਂਦੇ ਅਤੇ ਸਿਟੀ ਸੈਂਟਰ ਜਾਂਦੇ ਜਿੱਥੇ ਅਸੀਂ ਸ਼ੌਪਿੰਗ ਕਰਦੇ ਅਤੇ ਸ਼ਹਿਰ ਵਿੱਚ ਹੋਰ ਲੋਕਾਂ ਨੂੰ ਮਿਲ ਕੇ ਗੱਪਸ਼ੱਪ ਕਰਦੇ ਅਤੇ ਘਰ ਵਾਪਸੀ ਲਈ ਬੱਸ ਲੈਂਦੇ।

ਉਸ ਨਿਸ਼ਚਿਤ ਦਿਨ 'ਤੇ ਬੱਸਾਂ ਭਰੀਆਂ ਆਉਂਦੀਆਂ ਸਨ। ਜਦੋਂ ਕਈ ਬੱਸਾਂ ਲੰਘ ਗਈਆਂ ਤਾਂ ਅਸੀਂ ਪੈਦਲ ਜਾਣ ਦਾ ਫੈਸਲਾ ਕੀਤਾ।

ਅਸੀਂ ਸਟੋਨੀ ਸਟੈਂਟਨ ਰੋਡ ਤੋਂ ਸ਼ਹਿਰ ਵੱਲ ਤੁਰਨਾ ਸ਼ੁਰੂ ਕੀਤਾ ਅਤੇ ਕੈਸ਼ ਐਂਡ ਕੈਰੀ ਵੇਅਰਹਾਊਸ ਕੋਲ ਆ ਗਏ ਤਾਂ ਪਾਪਾ ਜੀ ਨੇ ਮੈਨੂੰ ਸੜਕ ਪਾਰ ਕਰਕੇ ਸੜਕ ਦੇ ਦੂਜੇ ਪਾਸੇ ਜਾਣ ਲਈ ਕਿਹਾ। ਮੈਂ ਸੋਚਿਆ ਕਿ ਸ਼ਾਇਦ ਪਾਪਾ ਜੀ ਆਪਣੇ ਇੱਕ ਪੁਰਾਣੇ ਦੋਸਤ ਊਧਮ ਸਿੰਘ ਜਿਸਨੂੰ ਉਹ ਆਮ ਤੌਰ 'ਤੇ ਊਧਾ ਕਹਿੰਦੇ ਸਨ, ਨੂੰ ਮਿਲਣਾ ਚਾਹੁੰਦੇ ਹਨ। ਉਹ 61 ਅਰਥਰ ਸਟਰੀਟ 'ਤੇ ਇੱਕ ਪੁਰਾਣੇ ਘਰ ਵਿੱਚ ਰਹਿੰਦੇ ਸਨ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਨਹੀਂ, ਬਸ ਤੁਰਦਾ ਰਹਿ। ਮੈਂ ਉਨ੍ਹਾਂ ਨੂੰ ਮੁੜ ਕੁਝ ਨਾ ਪੁੱਛਿਆ। ਜਦੋਂ ਅਸੀਂ ਹਰਨੈੱਲ ਲੇਨ 'ਤੇ ਪਹੁੰਚ ਗਏ ਤਾਂ ਉੱਥੇ ਇੱਕ ਪੁਰਾਣਾ ਪੱਬ ਸੀ। ਉਸ ਪੱਬ ਦਾ ਨਾਂ 'ਰੋਜ਼ ਐਂਡ ਵੁੱਡਬਾਇਨ' ਸੀ, ਪਤਾ ਨਹੀਂ ਉਹ ਹੁਣ ਉੱਥੇ ਹੈ ਜਾਂ ਨਹੀਂ। ਪੰਜਾਬੀ ਇਸਨੂੰ 'ਰੌਸ਼ਨ ਬੁੱਡਬਾਨ' ਕਹਿੰਦੇ ਸਨ। ਕਾਫ਼ੀ ਸਮਾਂ ਮੈਨੂੰ ਇਹ ਹੀ ਲੱਗਦਾ ਰਿਹਾ ਕਿ ਇਹ ਕਿਸੇ ਪੰਜਾਬੀ ਬੰਦੇ ਦੇ ਨਾਂ 'ਤੇ ਰੱਖਿਆ ਗਿਆ ਹੈ ਕਿਉਂਕਿ ਰੌਸ਼ਨ ਪੰਜਾਬੀ ਨਾਂ ਹੈ। ਬਹੁਤ ਬਾਅਦ ਵਿੱਚ ਮੈਨੂੰ ਇਸ ਦਾ ਅਸਲ ਨਾਂ ਪਤਾ ਲੱਗਿਆ।

ਰੌਸ਼ਨ ਬੁੱਡਬਾਨ ਨਾਲ ਸਿੱਖਾਂ ਦੀ ਇੱਕ ਮਾੜੀ ਯਾਦ ਜੁੜੀ ਹੋਈ ਹੈ। ਦੋ ਸਿੱਖ ਗੁੱਟਾਂ ਵਿੱਚ ਹੋਈ ਲੜਾਈ ਵਿੱਚ ਇੱਥੇ ਸਰਵਣ ਸਿੰਘ ਨਾਂ ਦੇ ਸਿੱਖ ਦੀ ਮੌਤ ਹੋ ਗਈ ਸੀ। ਉਹ ਗਰੀਬ ਵਿਅਕਤੀ ਲੜਾਈ ਹਟਾਉਣ ਗਿਆ ਸੀ ਜਿਸ ਵਿੱਚ ਉਸ ਦੀ ਲੋਹੇ ਦੀ ਰੌਡ ਵੱਜਣ ਕਾਰਨ ਮੌਤ ਹੋ ਗਈ।

ਮੈਨੂੰ ਉਹ ਥੋੜ੍ਹਾ ਥੋੜ੍ਹਾ ਯਾਦ ਹੈ। ਉਹ ਚੰਗਾ ਇਨਸਾਨ ਸੀ ਅਤੇ ਉਸਦੀ ਪਤਨੀ ਦਾ ਨਾਂ ਭਾਗ ਕੌਰ ਸੀ ਜਿਸਨੂੰ ਆਮ ਤੌਰ 'ਤੇ ਸਾਰੇ ਭਾਗੋ ਹੀ ਕਹਿੰਦੇ ਸਨ, ਉਹ ਵੀ ਨੇਕ ਰੂਹ ਸੀ। ਉਹ ਈਗਲ ਸਟਰੀਟ ਵਿੱਚ ਰਹਿੰਦੇ ਸਨ। ਇਸ ਪਰਿਵਾਰ ਨੂੰ ਵੱਡੇ ਸਦਮੇ ਲੱਗੇ। ਸਰਵਣ ਸਿੰਘ ਦੀ ਮੌਤ ਤੋਂ ਪਹਿਲਾਂ ਉਨ੍ਹਾਂ ਦਾ ਵੱਡਾ ਪੁੱਤਰ ਬਲਬੀਰ ਖੇਡਦਾ ਹੋਇਆ ਪਾਣੀ ਵਿੱਚ ਪੈਰ ਫਿਸਲਣ ਕਾਰਨ ਰੁੜ੍ਹ ਗਿਆ। ਮੈਂ ਅਤੇ ਬਲਬੀਰ ਕਦੇ ਕਦੇ ਇਕੱਠੇ ਖੇਡਦੇ ਹੁੰਦੇ ਸੀ, ਪਰ ਉਹ ਥੋੜ੍ਹਾ ਸ਼ਰਾਰਤੀ ਸੀ। ਜੇਕਰ ਕੋਈ ਦਰੱਖਤ ਮਿਲਦਾ ਤਾਂ ਉਹ ਉਸ 'ਤੇ ਲਟਕ ਜਾਂਦਾ ਸੀ। ਜੇਕਰ ਹੋਰ ਵੀ ਕੋਈ ਸਾਹਸੀ ਕੰਮ ਕਰਨਾ ਹੁੰਦਾ ਤਾਂ ਉਹ ਸਭ ਤੋਂ ਅੱਗੇ ਹੁੰਦਾ ਸੀ।

ਮੈਨੂੰ ਯਾਦ ਹੈ ਕਿ ਪਾਪਾ ਜੀ ਇੱਕ ਦਿਨ ਜਦੋਂ ਘਰ ਆਏ ਤਾਂ ਉਨ੍ਹਾਂ ਬੀਜੀ ਨੂੰ ਕਿਹਾ, 'ਭਾਈ ਸਰਵਣ ਹੋਰਾਂ ਨਾਲ ਤਾਂ ਲੋਹੜਾ ਹੋਇਆ। ਬਲਬੀਰ ਡੁੱਬ ਗਿਆ।'

ਬੀਜੀ ਇਹ ਸੁਣ ਕੇ ਸੁੰਨ ਹੋ ਗਏ। ਇਹ ਗੱਲ ਸੁਣਦਿਆਂ ਹੀ ਉਹ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਉਨ੍ਹਾਂ ਦੇ ਘਰ ਚਲੇ ਗਏ। ਕੁਝ ਸਾਲਾਂ ਬਾਅਦ ਸਰਵਣ ਵੀ ਮਾਰਿਆ ਗਿਆ। ਛੋਟੇ ਜਿਹੇ ਭਾਈਚਾਰੇ ਵਿੱਚ ਤੁਸੀਂ ਸਭ ਨੂੰ ਜਾਣਦੇ ਹੁੰਦੇ ਹੋ, ਅਪਰਾਧੀਆਂ ਨੂੰ ਵੀ ਅਤੇ ਪੀੜਤਾਂ ਨੂੰ ਵੀ। ਪਾਪਾ ਜੀ ਉਨ੍ਹਾਂ ਨੂੰ ਵੀ ਜਾਣਦੇ ਸਨ ਜਿਨ੍ਹਾਂ ਨੇ ਸਰਵਣ ਨੂੰ ਮਾਰਿਆ ਸੀ ਜਿਹੜਾ ਅਸਲ ਵਿੱਚ ਬਹੁਤ ਚੰਗਾ ਬੰਦਾ ਸੀ। ਕਿਸੇ ਦੀ ਲੜਾਈ ਵਿੱਚ ਉਸਦੀ ਜਾਨ ਚਲੇ ਗਈ।

ਪਾਪਾ ਜੀ ਹਮੇਸ਼ਾਂ ਉਸ ਪੱਬ ਦੇ ਕੌਰਨਰ 'ਤੇ ਦਰਵਾਜ਼ੇ ਅੱਗੇ ਰੁਕਦੇ ਅਤੇ ਸਰਵਣ ਸਿੰਘ ਨੂੰ ਸਤਿਕਾਰ ਵਜੋਂ ਨਮਨ ਕਰਦੇ। ਮੈਂ ਸੋਚ ਰਿਹਾ ਸੀ ਕਿ ਪਾਪਾ ਜੀ ਨੇ ਇਸ ਲਈ ਸੜਕ ਪਾਰ ਕੀਤੀ ਹੈ। ਜਦੋਂ ਅਸੀਂ ਸਟੋਨੀ ਸਟੈਂਟਨ ਰੋਡ ਅਤੇ ਹਾਰਨੈੱਲ ਲੇਨ ਵੈਸਟ ਨੂੰ ਪਾਰ ਕੀਤਾ, ਉਹ ਕੁਝ ਸਮੇਂ ਲਈ ਰੁਕ ਗਏ ਜਿਵੇਂ ਕਿ ਉਹ ਹਮੇਸ਼ਾਂ ਰੁਕਦੇ ਸਨ। ਫਿਰ ਉਹ ਸਿੱਧਾ ਜਾਣ ਦੀ ਬਜਾਏ ਸੱਜੇ ਪਾਸੇ ਨੂੰ ਮੁੜ ਗਏ। ਮੈਂ ਪੁੱਛਿਆ ਕਿ ਕੀ ਆਪਾਂ ਸ਼ਹਿਰ ਨਹੀਂ ਜਾ ਰਹੇ ? ਉਨ੍ਹਾਂ ਕਿਹਾ ਕਿ ਜਾ ਰਹੇ ਹਾਂ, ਪਰ ਪਹਿਲਾਂ ਮੈਂ ਤੈਨੂੰ ਕੁਝ ਦਿਖਾਉਣਾ ਚਾਹੁੰਦਾ ਹਾਂ।

ਪੱਬ ਤੋਂ ਅੱਗੇ ਹਾਰਨੈੱਲ ਲੇਨ ਦੇ ਸੱਜੇ ਪਾਸੇ ਜਿੱਥੇ ਪੁਰਾਣੇ ਘਰ ਸਨ, ਜਿਹੜੇ ਟੀਲਿਆਂ 'ਤੇ ਬਣਾਏ ਗਏ ਸਨ। ਪਤਾ ਨਹੀਂ ਉਨ੍ਹਾਂ ਨੇ ਇਹ ਇਸ ਤਰ੍ਹਾਂ ਕਿਉਂ ਬਣਾਏ ਹੋਏ ਸਨ।

ਘਰਾਂ ਵਿੱਚ ਜਾਣ ਲਈ ਤੁਹਾਨੂੰ ਪੰਦਰਾਂ ਕਦਮ ਉੱਪਰ ਜਾਣਾ ਪੈਂਦਾ ਸੀ। ਇਹ ਮੇਰੇ ਲਈ ਹਮੇਸ਼ਾਂ ਰਹੱਸ ਹੀ ਰਿਹਾ ਅਤੇ ਇਸ ਦਿਨ ਵੀ ਸੀ, ਉਹ ਗਲੀ ਦੇ ਪੱਧਰ ਤੋਂ ਬਹੁਤ ਉੱਚੇ ਬਣਾਏ ਹੋਏ ਸਨ।

(ਚਲਦਾ)





ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)



ਖਾਲਸਾ ਪੰਥ ਦੇ 323ਵੇਂ ਸਾਜਨਾ ਦਿਵਸ
ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਉਪਰ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ



ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਮਹਾਨ ਗ਼ਦਰੀ ਬਾਬਿਆਂ ਦੇ ਪਾਵਨ ਪਵਿੱਤਰ ਅਸਥਾਨ ਗੁਰਦਆਰਾ ਸਾਹਿਬ ਸਟਾਕਟਨ ਵਿਖੇ

## 24ਵੇਂ ਨਗਰ ਕੀਰਤਨ

ਉਪਰ ਆਪ ਸਮੂਹ ਸੰਗਤ ਨੂੰ ਨਿਮਰਤਾ ਸਾਹਿਤ ਪਹੁੰਚਣ ਦੀ ਬੇਨਤੀ ਹੈ ਜੀ। ਇਸ ਪਵਿੱਤਰ ਦਿਹਾੜੇ ਉਪਰ ਸਮੇਤ ਪਰਿਵਾਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜੀਵਨ ਸਫ਼ਲਾ ਕਰੋ ਜੀ।

ਗੁਰੂ ਅਤੇ ਪੰਥ ਦੇ ਦਾਸ

## ਸ੍ਰ. ਮਨਜੀਤ ਸਿੰਘ ਉੱਪਲ

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ

# ਅੰਮ੍ਰਿਤਪਾਲ ਦਾ ਨੇੜਲਾ ਸਾਥੀ ਪਪਲਪ੍ਰੀਤ ਗ੍ਰਿਫ਼ਤਾਰ

## ਕੱਥੂਨੰਗਲ ਤੋਂ ਹੋਈ ਗ੍ਰਿਫ਼ਤਾਰੀ; ਛੇ ਮਾਮਲਿਆਂ ਵਿੱਚ ਲੋੜੀਂਦੇ ਪਪਲਪ੍ਰੀਤ ’ਤੇ ਐਨਐਸਏ ਲਾਇਆ



ਚੰਡੀਗੜ੍ਹ : ਪੰਜਾਬ ਪੁਲੀਸ ਨੇ ਖਾਲਿਸਤਾਨ ਦੇ ਸਮਰਥਕ ਤੇ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਦੇ ਸਾਥੀ ਪਪਲਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਗ੍ਰਿਫ਼ਤਾਰੀ ਮਗਰੋਂ ਪੁਲੀਸ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ। ਸੂਬੇ ਦੇ ਆਈਜੀ (ਹੈੱਡਕੁਆਰਟਰ) ਡਾ. ਸੁਖਚੈਨ ਸਿੰਘ ਗਿੱਲ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਖਾਲਿਸਤਾਨ ਦੇ ਸਮਰਥਕ ਪਪਲਪ੍ਰੀਤ ਨੂੰ ਕੌਮੀ ਸੁਰੱਖਿਆ ਕਾਨੂੰਨ (ਐੱਨਐੱਸਏ) ਅਧੀਨ ਫੜਿਆ ਹੈ ਅਤੇ ਉਸ ਖ਼ ?ਲਾਫ਼ ਛੇ ਹੋਰ ਅਪਰਾਧਿਕ ਮਾਮਲੇ ਦਰਜ ਹਨ। ਆਈਜੀ (ਹੈੱਡਕੁਆਰਟਰ) ਨੇ ਕਿਹਾ ਕਿ ਇਨ੍ਹਾਂ ਮਾਮਲਿਆਂ ਵਿੱਚ ਵੀ ਪੁਲੀਸ ਵੱਲੋਂ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਵਿਅਕਤੀ ਨੂੰ ਅੰਮ੍ਰਿਤਸਰ (ਦਿਹਾਤੀ) ਜ਼ਿਲ੍ਹੇ ਦੀ ਪੁਲੀਸ ਵੱਲੋਂ ਕੱਥੂਨੰਗਲ ਖੇਤਰ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਪੁਲੀਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਅੰਮ੍ਰਿਤਪਾਲ ਸਿੰਘ ਨੂੰ ਵੀ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਪਲਪ੍ਰੀਤ ਦੀ ਗ੍ਰਿਫ਼ਤਾਰੀ ਅਹਿਮ ਇਸ ਲਈ ਹੈ ਕਿਉਂਕਿ ਇਹ ਲਗਾਤਾਰ ਅੰਮ੍ਰਿਤਪਾਲ ਸਿੰਘ ਦੇ ਨਾਲ ਰਿਹਾ ਹੈ। ਇਸ ਲਈ ਰੂਪੋਸ਼ ਚੱਲੇ ਆ ਰਹੇ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਭਵਿੱਖ ਦੀਆਂ ਯੋਜਨਵਾਂ ਬਾਰੇ ਵੀ ਪੁਲੀਸ ਨੂੰ ਜਾਣਕਾਰੀ ਹਾਸਲ ਹੋ ਜਾਵੇਗੀ। ਮਹੱਤਵਪੂਰਨ ਤੱਥ ਇਹ ਹੈ ਕਿ ਅੱਜ ਪੰਜਾਬ ਪੁਲੀਸ ਮੁਖੀ ਗੌਰਵ ਯਾਦਵ ਵੀ ਅੰਮ੍ਰਿਤਸਰ ਖੇਤਰ ਵਿੱਚ ਹੀ ਸਨ। ਸੂਤਰਾਂ ਦਾ ਦੱਸਣਾ ਹੈ ਕਿ ਡੀਜੀਪੀ ਸ੍ਰੀ ਯਾਦਵ ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਵੀ ਕੀਤੀ ਹੈ। ਪੁਲੀਸ ਨੂੰ ਖ਼ਦਸ਼ਾ ਹੈ ਕਿ ਅੰਮ੍ਰਿਤਪਾਲ ਕਿਸੇ ਇਤਿਹਾਸਕ ਗੁਰਦੁਆਰੇ ਵਿੱਚ ਪਨਾਹ ਲੈ ਸਕਦਾ ਹੈ। ਅਜਿਹੀ ਹਾਲਾਤ ਵਿੱਚ ਗ੍ਰਿਫ਼ਤਾਰੀ ਬਾਰੇ ਪੁਲੀਸ ਵੱਲੋਂ ਰਣਨੀਤੀ ਘੜੀ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲੀਸ ਨੂੰ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਦੇ ਅੰਮ੍ਰਿਤਸਰ ਜਾਂ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਛੁਪੇ ਹੋਣ ਦੀਆਂ ਰਿਪੋਰਟਾਂ ਮਿਲ ਰਹੀਆਂ ਸਨ। ਪੁਲੀਸ ਨੇ ਪੰਜਾਬ ਵਿੱਚ 19 ਮਾਰਚ ਤੋਂ ਨਾਕਾਬੰਦੀ ਕੀਤੀ ਹੋਈ ਹੈ ਤੇ ਨੀਮ ਸੁਰੱਖਿਆ ਬਲਾਂ ਦੀ ਮਦਦ ਨਾਲ ਲਗਾਤਾਰ ਸ਼ੱਕੀ ਵਿਅਕਤੀਆਂ ਅਤੇ ਸ਼ੱਕੀ ਵਾਹਨਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਨਾ ਹੋਣ ਕਰ ਕੇ ਪੁਲੀਸ ਦੀ ਕਾਫ਼ੀ ਕਿਰਕਰੀ ਹੋ ਰਹੀ ਹੈ। ਪੰਜਾਬ ਪੁਲੀਸ ਅਤੇ ਕੌਮੀ ਜਾਂਚ ਏਜੰਸੀ (ਐੱਨਆਈਏ) ਦੇ ਸਾਂਝੇ ਅਪਰੇਸ਼ਨ ਦੌਰਾਨ ਅੰਮ੍ਰਿਤਪਾਲ ਸਿੰਘ ਅਤੇ ਪਪਲਪ੍ਰੀਤ ਸਿੰਘ 19 ਮਾਰਚ ਨੂੰ ਪੁਲੀਸ ਦੇ ਵੱਡੇ ਘੇਰੇ ਵਿੱਚ ਝਕਾਨੀ ਦੇ ਕੇ ਨਿਕਲ ਗਏ ਸਨ। ਪੁਲੀਸ ਨੇ ਇਸ ਤੋਂ ਬਾਅਦ ਅੰਮ੍ਰਿਤਪਾਲ ਅਤੇ ਖਾਲਿਸਤਾਨ ਦੇ ਸਮਰਥਕਾਂ ਖਿਲਾਫ਼ ਵਿੱਢੀ ਮੁਹਿੰਮ ਦੌਰਾਨ ਸੈਂਕੜੇ ਗ੍ਰਿਫ਼ਤਾਰੀਆਂ ਕੀਤੀਆਂ ਸਨ। ਹਾਲਾਂਕਿ, ਜ਼ਿਆਦਾਤਰ ਨੂੰ ਸੀਆਰਪੀਸੀ ਦੀ ਧਾਰਾ 107/151 ਤਹਿਤ ਕਾਰਵਾਈ ਮਗਰੋਂ ਰਿਹਾਅ ਕਰ ਦਿੱਤਾ ਗਿਆ ਸੀ। ਅੰਮ੍ਰਿਤਪਾਲ ਅਤੇ ਪਪਲਪ੍ਰੀਤ ਵੱਲੋਂ ਭੇਸ ਬਦਲ ਕੇ ਵਿਚਰਨ ਦੀਆਂ ਆ ਰਹੀਆਂ ਵੀਡੀਓਜ਼ ਨੇ ਪੁਲੀਸ ਦੀਆਂ ਚੁਣੌਤੀਆਂ ਵਧਾ ਦਿੱਤੀਆਂ ਸਨ। ਪਿਛਲੇ ਦਿਨਾਂ ਦੌਰਾਨ ਅੰਮ੍ਰਿਤਪਾਲ ਵੱਲੋਂ ਆਪਣੇ ਸਾਥੀਆਂ ਅਤੇ ਜਥੇਦਾਰ ਅਕਾਲ ਤਖ਼ਤ ਨੂੰ ਜਾਰੀ ਕੀਤੇ ਸੰਦੇਸ਼ ਕਾਰਨ ਪੁਲੀਸ ਦੀਆਂ ਮੁਸ਼ਕਲਾਂ ਵਧ ਗਈਆਂ ਸਨ।

## ਪਪਲਪ੍ਰੀਤ ’ਤੇ ਐਨਐਸਏ ਲਾਉਣ ਦਾ ਪਰਿਵਾਰ ਵੱਲੋਂ ਵਿਰੋਧ



ਅੰਮ੍ਰਿਤਸਰ : ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀ ਪਪਲਪ੍ਰੀਤ ਸਿੰਘ ਦੇ ਪਰਿਵਾਰ ਨੇ ਉਸ ਖ਼ ?ਲਾਫ਼ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਕੇਸ ਦਰਜ ਕੀਤੇ ਜਾਣ ’ਤੇ ਇਤਰਾਜ਼ ਜਤਾਇਆ ਹੈ। ਇੱਥੇ ਪਪਲਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਸਮਾਜਿਕ ਗਤੀਵਿਧੀਆਂ ਵਿਚ ਵਧੇਰੇ ਸਰਗਰਮ ਸੀ ਅਤੇ ਅੰਮ੍ਰਿਤਪਾਲ ਲਈ ਉਸ ਨੇ ਸਿਰਫ਼ ਮੀਡੀਆ ਇੰਟਰਵਿਊ ਦਾ ਪ੍ਰਬੰਧ ਕੀਤਾ ਸੀ। ਪਪਲਪ੍ਰੀਤ ਸਿੰਘ ਦੀ ਅੱਜ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਉਸ ਦਾ ਪਰਿਵਾਰ ਪਹਿਲੀ ਵਾਰ ਮੀਡੀਆ ਸਾਹਮਣੇ ਆਇਆ ਹੈ। ਕੁੱਝ ਮੀਡੀਆ ਚੈਨਲਾਂ ਨਾਲ ਗੱਲ ਕਰਦਿਆਂ ਪਪਲਪ੍ਰੀਤ ਦੀ ਪਤਨੀ ਰਾਜਵਿੰਦਰ ਕੌਰ ਅਤੇ ਸੱਸ ਨੇ ਕਿਹਾ ਕਿ ਉਹ ਨਸ਼ਿਆਂ ਵਿਰੁੱਧ ਕੰਮ ਕਰ ਰਿਹਾ ਸੀ ਅਤੇ ਉਸ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ। ਉਸ ਦਾ ਸਾਰਾ ਪਰਿਵਾਰ ਉਸਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਕਿ ਪੁਲੀਸ ਹਿਰਾਸਤ ਦੌਰਾਨ ਉਸ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ ਅਤੇ ਨਾ ਹੀ ਕਿਸੇ ਝੂਠੇ ਕੇਸ ਵਿਚ ਫਸਾਇਆ ਜਾਵੇ। ਉਨ੍ਹਾਂ ਕਿਹਾ ਕਿ 23 ਫਰਵਰੀ ਨੂੰ ਜਦੋਂ ਅਜਨਾਲਾ ਥਾਣੇ ਦਾ ਘਿਰਾਓ ਕੀਤਾ ਗਿਆ ਸੀ। ਉਸ ਸਮੇਂ ਪਪਲਪ੍ਰੀਤ ਘਟਨਾ ਸਥਾਨ ’ਤੇ ਮੌਜੂਦ ਨਹੀਂ ਸੀ। ਇਸ ਘਟਨਾ ਤੋਂ ਬਾਅਦ ਸ਼ਾਮ ਵੇਲੇ ਅੰਮ੍ਰਿਤਪਾਲ ਸਿੰਘ ਦੇ ਚਾਚਾ ਹਰਜੀਤ ਸਿੰਘ ਨੇ ਉਸ ਨੂੰ ਬੁਲਾਇਆ ਸੀ ਅਤੇ ਉਹ ਉਸ ਸਮੇਂ ਉੱਥੇ ਗਿਆ ਸੀ। ਉਨ੍ਹਾਂ ਦੱਸਿਆ ਕਿ ਪਪਲਪ੍ਰੀਤ ਨੇ ਘਰ ਵਿੱਚ ਹੀ ਤੰਤੀ ਸਾਜ਼ਾਂ ਦੀ ਸਿਖਲਾਈ ਦੇਣ ਵਾਸਤੇ ਸਿੱਖ ਸੰਗੀਤ ਅਕੈਡਮੀ ਖੋਲ੍ਹੀ ਹੋਈ ਹੈ। ਉਹ ਪਿੰਡ ਵਿੱਚ ਨਸ਼ਿਆਂ ਨੂੰ ਖ਼ਤਮ ਕਰਨ ਲਈ ਵੀ ਯਤਨਸ਼ੀਲ ਸੀ।

## ਪਪਲਪ੍ਰੀਤ ਸਿੰਘ ਨੂੰ ਅਸਾਮ ਵਿਚਲੀ ਡਿਬਰੂਗੜ੍ਹ ਜੇਲ੍ਹ ਭੇਜਿਆ



ਅੰਮ੍ਰਿਤਸਰ : ’ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਪਪਲਪ੍ਰੀਤ ਸਿੰਘ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ। ਪਪਲਪ੍ਰੀਤ ਨੂੰ ਸੋਮਵਾਰ ਅੰਮ੍ਰਿਤਸਰ ਜ਼ਿਲ੍ਹੇ ਦੇ ਕੱਥੂਨੰਗਲ ਤੋਂ ਕੌਮੀ ਸੁਰੱਖਿਆ ਐਕਟ (ਐੱਨ. ਐੱਸ. ਏ.) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਡਿਬਰੂਗੜ੍ਹ ਲੈ ਕੇ ਜਾਣ ਸਮੇਂ ਏਅਰਪੋਰਟ ’ਤੇ ਪਪਲਪ੍ਰੀਤ ਨੇ ਮੀਡੀਆ ਸਾਹਮਣੇ ਬਿਆਨ ਦਿੰਦਿਆਂ ਕਿਹਾ ਕਿ ਉਸਦੀ ਗ੍ਰਿਫਤਾਰੀ ਕੱਲ੍ਹ ਹੀ ਹੋਈ ਹੈ। ਪਪਲਪ੍ਰੀਤ ਨੇ ਕਿਹਾ ਕਿ ਇਹ ਬਿਲਕੁਲ ਠੀਕ ਹੈ ਅਤੇ ਪੁਲਸ ਨੇ ਉਸ ਨੂੰ ਕੱਲ੍ਹ (ਸੋਮਵਾਰ) ਨੂੰ ਹੀ ਗ੍ਰਿਫ਼ਤਾਰ ਕੀਤਾ ਹੈ।

**ਪਪਲਪ੍ਰੀਤ ਹੈਂਡਲ ਕਰਦਾ ਸੀ ਅੰਮ੍ਰਿਤਪਾਲ ਦੇ ਸੋਸ਼ਲ ਮੀਡੀਆ ਅਕਾਊਂਟਸ :** ਅੰਮ੍ਰਿਤਪਾਲ ਸਿੰਘ ਦਾ ਸੋਸ਼ਲ ਮੀਡੀਆ ਨੈੱਟਵਰਕ ਪਪਲਪ੍ਰੀਤ ਸਿੰਘ ਵਲੋਂ ਹੀ ਸੰਭਾਲਿਆ ਜਾਂਦਾ ਰਿਹਾ ਸੀ। 18 ਮਾਰਚ ਦੀ ਪੁਲਸ ਕਾਰਵਾਈ ਤੋਂ ਬਾਅਦ ਤੋਂ ਲਗਾਤਾਰ ਅੰਮ੍ਰਿਤਪਾਲ ਸਿੰਘ ਦੇ ਨਾਲ ਰਹੇ ਪਪਲਪ੍ਰੀਤ ਸਿੰਘ ਨੇ ਹੀ ਸਮਰਥਨ ਜੁਟਾਉਣ ਅਤੇ ਦਬਾਅ ਬਣਾਉਣ ਦੀ ਰਣਨੀਤੀ ਤਹਿਤ ਅੰਮ੍ਰਿਤਪਾਲ ਸਿੰਘ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਅਪਲੋਡ ਕਰਨ ਦੀ ਸਲਾਹ ਦਿੱਤੀ ਸੀ। ਪੁਲਸ ਸੂਤਰਾਂ ਮੁਤਾਬਕ ਕੁਝ ਮਹੀਨਿਆਂ ਦੌਰਾਨ ਹੀ ਚਰਚਾ ਵਿਚ ਆਏ ਅੰਮ੍ਰਿਤਪਾਲ ਸਿੰਘ ਦੀ ਮੀਡੀਆ ਅਤੇ ਸੋਸ਼ਲ ਮੀਡੀਆ ਮੈਨੇਜਮੈਂਟ ਸ਼ੁਰੂ ਤੋਂ ਹੀ ਪਪਲਪ੍ਰੀਤ ਸਿੰਘ ਵੇਖ ਰਿਹਾ ਸੀ। ਉਹੀ ਸੀ, ਜੋ ਅੰਮ੍ਰਿਤਪਾਲ ਸਿੰਘ ਦੀ ਸੋਸ਼ਲ ਮੀਡੀਆ ’ਤੇ ਮੌਜੂਦਗੀ ਬਣਾਈ ਰੱਖਣ ਲਈ ਪਲਾਨਿੰਗ ਕਰਦਾ ਸੀ ਅਤੇ ਕਮਾਂਡ ਦਿੰਦਾ ਸੀ।

## ਅੰਮ੍ਰਿਤਪਾਲ ਦਾ ਰਾਜ਼ਦਾਰ ਪਪਲਪ੍ਰੀਤ ਸਿੰਘ ਖੋਲ੍ਹੇਗਾ ਰਾਜ਼

ਬੀਤੀ 18 ਮਾਰਚ ਤੋਂ ਰੂਪੋਸ਼ ਹੋਏ ਪਪਲਪ੍ਰੀਤ ਸਿੰਘ ਨੂੰ ਆਖ਼ਰ ਅੰਮ੍ਰਿਤਸਰ ਜ਼ਿਲ੍ਹੇ ’ਚ ਕੱਥੂਨੰਗਲ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੂੰ ਆਸ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਵੀ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਫੜਨ ਲਈ ਪਿਛਲੇ ਤਿੰਨ ਹਫ਼ਤਿਆਂ ਤੋਂ ਵੀ ਵੱਧ ਸਮੇਂ ਤੋਂ ਦਿਨ-ਰਾਤ ਇਕ ਕੀਤਾ ਹੋਇਆ ਸੀ। ਕੱਟੜਪੰਥੀ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਦੇ ਮੀਡੀਆ ਸਲਾਹਕਾਰ ਵਜੋਂ ਵਿਚਰਦਾ ਰਿਹਾ ਪਪਲਪ੍ਰੀਤ ਉਸੇ ਦਿਨ ਤੋਂ ਚਰਚਾ ਦਾ ਵਿਸ਼ਾ ਬਣਨ ਲੱਗ ਪਿਆ ਸੀ ਜਿਸ ਦਿਨ ਉਹ ਫ਼ਰਾਰ ਹੋਇਆ ਸੀ। ਹੁਣ ਸਭ ਦੇ ਮਨਾਂ ’ਚ ਇਹੋ ਸਵਾਲ ਚੱਲ ਰਿਹਾ ਹੈ ਕਿ ਕੀ ਉਹ ਅੰਮ੍ਰਿਤਪਾਲ ਦੇ ਸਾਰੇ ਸੰਭਾਵੀ ਟਿਕਾਣਿਆਂ ਬਾਰੇ ਪੁਲਿਸ ਨੂੰ ਜਾਣਕਾਰੀ ਦੇਵੇਗਾ? ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਹਰਪ੍ਰੀਤ ਸਿੰਘ ਨੇ ਬੀਤੇ ਦਿਨੀਂ ‘ਸਰਬੱਤ ਖ਼ਾਲਸਾ’ ਸੱਦਣ ਤੋਂ ਇਨਕਾਰ ਕਰਦਿਆਂ ਅੰਮ੍ਰਿਤਪਾਲ ਸਿੰਘ ਨੂੰ ਆਤਮਸਮਰਪਣ ਕਰਨ ਦੀ ਅਪੀਲ ਵੀ ਕੀਤੀ ਸੀ। ਇਹ ਆਪਣੇ-ਆਪ ’ਚ ਹਾਂ-ਪੱਖੀ ਗੱਲ ਸੀ। ਇੰਜ ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਨੂੰ ਇਹ ਸਪਸ਼ਟ ਸੁਨੇਹਾ ਗਿਆ ਸੀ ਕਿ ਉਸ ਦੇ ਕਹਿਣ ’ਤੇ ‘ਸਰਬੱਤ ਖ਼ਾਲਸਾ’ ਨਹੀਂ ਸੱਦਿਆ ਜਾ ਸਕਦਾ। ਪਿਛਲੀ ਵਾਰ ਇਹ ਸਾਲ 2015 ’ਚ ਅੰਮ੍ਰਿਤਸਰ ਦੇ ਪਿੰਡ ਚੱਬਾ ਵਿਖੇ ਸੱਦਿਆ ਗਿਆ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਹੋਰ ਪੰਥਕ ਮਸਲਿਆਂ ’ਤੇ ਵਿਚਾਰ-ਵਟਾਂਦਰਾ ਹੋਇਆ ਸੀ। ਇਸ ਵੇਲੇ ਅਫ਼ਵਾਹਾਂ ਦਾ ਬਾਜ਼ਾਰ ਵੀ ਡਾਢਾ ਗਰਮ ਹੈ, ਇਸ ਲਈ ਹਰੇਕ ਨੂੰ ਬਹੁਤ ਸੋਚ-ਸਮਝ ਕੇ ਯਕੀਨ ਕਰਨਾ ਚਾਹੀਦਾ ਹੈ। ਪਹਿਲਾਂ ਖ਼ਬਰਾਂ ਇਹ ਆਉਂਦੀਆਂ ਰਹੀਆਂ ਕਿ ਅੰਮ੍ਰਿਤਪਾਲ ਤੇ ਪਪਲਪ੍ਰੀਤ ਦੋਵੇਂ ਹਰਿਆਣਾ, ਫਿਰ ਉੱਤਰ ਪ੍ਰਦੇਸ਼, ਉਤਰਾਖੰਡ ਅਤੇ ਨੇਪਾਲ ਵੱਲ ਜਾਂਦੇ ਵੇਖੇ ਗਏ ਹਨ ਪਰ ਅਸਲ ’ਚ ਉਹ ਪੰਜਾਬ ਵਿਚ ਹੀ ਸਨ। ਕੁਝ ਦਾ ਇਹ ਵੀ ਮੰਨਣਾ ਹੈ ਕਿ ਅੰਮ੍ਰਿਤਪਾਲ ਤੇ ਉਸ ਦੇ ਸਾਰੇ ਸਾਥੀਆਂ ਨੂੰ 18 ਮਾਰਚ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਇਹ ਸਭ ਮਹਿਜ਼ ਅਫ਼ਵਾਹਾਂ ਹੀ ਹਨ। ਸਮੁੱਚੀ ਅਸਲੀਅਤ ਖੁੱਲ੍ਹਣ ’ਚ ਸ਼ਾਇਦ ਹਾਲੇ ਕੁਝ ਹੋਰ ਸਮਾਂ ਲੱਗੇ। ਅਜਿਹੀਆਂ ਵਾਰਦਾਤਾਂ ਯਕੀਨੀ ਤੌਰ ’ਤੇ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਨੂੰ ਭਟਕਾਉਂਦੀਆਂ ਆ ਰਹੀਆਂ ਹਨ। ਇਨ੍ਹਾਂ ਦੇ ਪਿੱਛੇ ਕਿਹੜੇ ਪੰਜਾਬ-ਦੋਖੀ ਅਨਸਰ ਹਨ, ਉਨ੍ਹਾਂ ਦਾ ਤਾਂ ਸ਼ਾਇਦ ਕਦੇ ਪਤਾ ਹੀ ਨਾ ਲੱਗੇ। ਗੁਆਂਢੀ ਦੇਸ਼ ਪਾਕਿਸਤਾਨ ’ਚ ਰਹਿੰਦੇ ਸਮਾਜ-ਵਿਰੋਧੀ ਅਨਸਰ ਅਕਸਰ ਭਾਰਤ ਨੂੰ, ਖ਼ਾਸ ਕਰਕੇ ਪੰਜਾਬ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਹੀ ਰਹਿੰਦੇ ਹਨ। ਹੁਣ ਦੁਨੀਆ ਦੇ ਕਿਸੇ ਵੀ ਕੋਨੇ ’ਚ ਕੋਈ ਵੀ ਵੱਡੀ-ਛੋਟੀ ਘਟਨਾ ਵਾਪਰਦੀ ਹੈ ਤਾਂ ਉਹ ਅਗਲੇ ਅੱਧੇ ਕੁ ਘੰਟੇ ’ਚ ਸੋਸ਼ਲ ਮੀਡੀਆ ਰਾਹੀਂ ਸ਼ੇਅਰ ਹੋ ਕੇ ਸਮੁੱਚੇ ਗਲੋਬ ’ਤੇ ਘੁੰਮ ਜਾਂਦੀ ਹੈ। ਸਾਡੇ ਰੰਗਲੇ ਤੇ ਖ਼ੁਸ਼ਹਾਲ ਪੰਜਾਬ ’ਤੇ ਤਾਂ ਪ੍ਰਾਚੀਨ ਵੇਲਿਆਂ ਤੋਂ ਹੀ ਦੁਸ਼ਮਣ ਦੇਸ਼ਾਂ ਦੀ ਅੱਖ ਰਹੀ ਹੈ। ਪੂਰੀ ਦੁਨੀਆ ਨੂੰ ਜਿੱਤਣ ਦਾ ਸੁਪਨਾ ਲੈ ਕੇ ਯੂਨਾਨ ਤੋਂ ਚੱਲਿਆ ‘ਸਿਕੰਦਰ ਮਹਾਨ’ ਪੰਜਾਬ ਤੇ ਪੰਜਾਬੀਆਂ ਦਾ ਸਾਹਮਣਾ ਨਹੀਂ ਕਰ ਸਕਿਆ ਸੀ ਤੇ ਉਸ ਨੂੰ ਆਪਣਾ ਸੁਪਨਾ ਲਾਂਭੇ ਰੱਖ ਕੇ ਆਪਣੇ ਵਤਨ ਵੱਲ ਪਰਤਣਾ ਪਿਆ ਸੀ। ਸਭ ਨੂੰ ਇਹੋ ਆਸ ਹੈ ਕਿ ਮਿਹਨਤਕਸ਼ ਪੰਜਾਬੀ ਛੇਤੀ ਹੀ ਆਪਣੇ ਪੁਰਾਣੇ ਖ਼ੁਸ਼ਹਾਲ ਦਿਨ ਵਾਪਸ ਲੈ ਆਉਣਗੇ। ਅਸੀਂ ਆਪਣੇ ਦੁਸ਼ਮਣਾਂ ਦੀ ਸ਼ਨਾਖ਼ਤ ਕਰਦਿਆਂ ਅੱਗੇ ਵਧਣਾ ਹੈ ਅਤੇ ਇਹ ਧਿਆਨ ਰੱਖਣਾ ਹੈ ਕਿ ਅਸੀਂ ਅਜਿਹੀਆਂ ਤਾਕਤਾਂ ਦੇ ਹੱਥਠੋਕੇ ਬਣ ਕੇ ਨਾ ਰਹਿ ਜਾਈਏ ਤੇ ਨਾ ਹੀ ਸਾਡੇ ਕਿਸੇ ਪੰਜਾਬੀ ਸਾਥੀ ਨੂੰ ਕੋਈ ਆਪਣੇ ਸੌੜੇ ਮੁਫ਼ਾਦਾਂ ਲਈ ਵਰਤ ਸਕੇ।

# ਕੈਲੀਫੋਰਨੀਆ ਸਟੇਟ ਵਲੋਂ 1984 ਦੀ ਸਿੱਖ ਨਸਲਕੁਸ਼ੀ (SIKH GENOCIDE) ਨੂੰ ਮਾਨਤਾ

## 38 ਸਾਲ ਦੀ ਦੇਰੀ ਉਪਰ ਅਫਸੋਸ ਜਾਹਿਰ ਕਰਦੇ ਹੋਏ ਸਰਬਸੰਤੀ ਨਾਲ ਸਿੱਖਾਂ ਦੇ ਹੱਕ ’ਚ ਮਤਾ ਪਾਸ

## .ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਲੋਂ ਕੈਲੀਫੋਰਨੀਆ ਅਸੈਂਬਲੀ ਦਾ ਸਨਮਾਨ










ਲਿਵਰਮੋਰ/ਕੈਲੀਫੋਰਨੀਆ (ਸਾਡੇ ਲੋਕ) : ਕੈਲੀਫੋਰਨੀਆ ਸਟੇਟ ਵਲੋਂ 1984 ਦੀ ਸਿੱਖ ਨਸਲਕੁਸ਼ੀ (SIKH GENOCIDE) ਨੂੰ ਮਾਨਤਾ ਦੇਂਦੇ ਹੋਏ 38 ਸਾਲ ਦੀ ਦੇਰੀ ਉਪਰ ਅਫਸੋਸ ਜਾਹਿਰ ਕਰਦੇ ਹੋਏ ਸਰਬਸੰਤੀ ਨਾਲ ਸਿੱਖਾਂ ਦੇ ਹੱਕ ਚ ਮਤਾ ਪਾਸ ਕਰ ਦਿੱਤਾ।

ਸਿੱਖ ਨਸਲਕੁਸ਼ੀ ਨਾਲ ਸਬੰਧਤ ਕੈਲੀਫੋਰਨੀਆ ਵਿਧਾਨ ਸਭਾ 2023-2024 ਰੈਗੂਲਰ ਸੈਸ਼ਨ ਵਿਚ ਅਸੈਂਬਲੀ ਦਾ ਸਾਂਝਾ ਮਤਾ ਪੇਸ਼ ਕੀਤਾ ਗਿਆ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ। ਜਿਸਨੂੰ ਸਰਬਸੰਤੀ ਨਾਲ ਪ੍ਰਵਾਨਗੀ ਦਿੱਤੀ ਗਈ ਅਤੇ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ ’ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰੇਗਾ।

ਮਤੇ ਵਿਚ ਸਪਸ਼ਟ ਕੀਤਾ ਗਿਆ ਕਿ, ਦਿੱਲੀ ਦਾ ਖੇਤਰ, ਝਾਰਖੰਡ, ਮੱਧ ਪ੍ਰਦੇਸ਼, ਹਰਿਆਣਾ, ਉੱਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੜੀਸਾ, ਛੱਤੀਸਗੜ੍ਹ, ਤ੍ਰਿਪੁਰਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲ ਅਤੇ ਮਹਾਰਾਸ਼ਟਰ ਅਤੇ ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਰਾਜਾਂ ਵਿੱਚ ਨਵੰਬਰ 1984 ਵਿੱਚ ਸਿੱਖਾਂ ਵਿਰੁੱਧ ਯੋਜਨਾਬੱਧ ਅਤੇ ਸੰਚਾਲਿਤ ਨਸਲਕੁਸ਼ੀ ਹਿੰਸਾ ਨੂੰ ਅੰਜਾਮ ਦਿੱਤਾ ਗਿਆ ਸੀ।

ਜਦੋਂ ਕਿ ਸਿੱਖ-ਵਿਰੋਧੀ ਨਸਲਕੁਸ਼ੀ ਦੌਰਾਨ, ਸਿੱਖਾਂ ’ਤੇ ਹਮਲਾ ਕੀਤਾ ਗਿਆ, ਤਸੀਹੇ ਦਿੱਤੇ ਗਏ, ਜ਼ਿੰਦਾ ਸਾੜ ਦਿੱਤੇ ਗਏ, ਕਤਲ ਕੀਤੇ ਗਏ ਅਤੇ ਸਿੱਖ ਔਰਤਾਂ ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਨਸਲਕੁਸ਼ੀ ਦੌਰਾਨ ਆਪਣੇ ਪਰਿਵਾਰ ਗੁਆ ਬੈਠੀਆਂ ਸਨ, ਹਮਲਾਵਰਾਂ ਦੇ ਸਮੂਹਾਂ ਦੁਆਰਾ ਉਹਨਾਂ ਨਾਲ ਜਿਨਸੀ ਸ਼ੋਸ਼ਣ ਅਤੇ ਬਲਾਤਕਾਰ ਕੀਤੇ ਗਏ।

ਸੰਯੁਕਤ ਰਾਜ ਅਮਰੀਕਾ ਨਸਲਕੁਸ਼ੀ ਦੇ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਉਭਰਿਆ ਨਹੀਂ ਹੈ, ਕਿਉਂਕਿ ਉਹ ਮਾਰੇ ਗਏ ਲੋਕਾਂ ਦੀ ਯਾਦ ਨੂੰ ਜ਼ਿੰਦਾ ਰੱਖਦੇ ਹਨ ਇਸ ਲਈ ਸਿੱਖ ਵਿਰੋਧੀ ਨਸਲਕੁਸ਼ੀ ਨੂੰ ਕਦੇ ਨਹੀਂ ਭੁੱਲਣਗੇ।

ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਆਰਟੀਕਲ 99 ਵਿੱਚ ਦੱਸਦੀ ਹੈ ਕਿ, “ਨਸਲਕੁਸ਼ੀ ਦਾ ਅਰਥ ਹੈ, ਕਿਸੇ ਰਾਸ਼ਟਰੀ, ਨਸਲੀ, ਨਸਲੀ, ਜਾਂ ਧਾਰਮਿਕ ਸਮੂਹ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿੱਚ, ਨਸ਼ਟ ਕਰਨ ਦੇ ਇਰਾਦੇ ਨਾਲ ਕੀਤਾ ਗਿਆ ਕਤਲੇਆਮ ਸੀ ਜੋ ਹੇਠ ਲਿਖੀਆਂ ਕਾਰਵਾਈਆਂ ਵਿੱਚੋਂ ਜਿਵੇਂ ਸਮੂਹ ਦੇ ਮੈਂਬਰਾਂ ਨੂੰ ਮਾਰਨਾ, ਸਮੂਹ ਦੇ ਮੈਂਬਰਾਂ ਨੂੰ ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ, ਜਾਣਬੁੱਝ





# ਕੈਲੀਫੋਰਨੀਆ ਸਟੇਟ ਵਲੋਂ 1984 ਦੀ ਸਿੱਖ ਨਸਲਕੁਸ਼ੀ (SIKH GENOCIDE) ਨੂੰ ਮਾਨਤਾ

## 38 ਸਾਲ ਦੀ ਦੇਰੀ ਉਪਰ ਅਫਸੋਸ ਜਾਹਿਰ ਕਰਦੇ ਹੋਏ ਸਰਬਸੰਤੀ ਨਾਲ ਸਿੱਖਾਂ ਦੇ ਹੱਕ ’ਚ ਮਤਾ ਪਾਸ

## .ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਲੋਂ ਕੈਲੀਫੋਰਨੀਆ ਅਸੈਂਬਲੀ ਦਾ ਸਨਮਾਨ















ਕੇ ਜੀਵਨ ਦੀਆਂ ਸਮੂਹ ਸਥਿਤੀਆਂ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿੱਚ ਸਰੀਰਕ ਤਬਾਹੀ ਲਿਆਉਣ ਲਈ ਗਿਣਿਆ ਗਿਆ ਹੈ।

6 ਜਨਵਰੀ, 2022 ਨੂੰ, ਨਿਊਜਰਸੀ ਰਾਜ ਦੀ ਸੈਨੇਟ ਨੇ ਸਰਬਸੰਮਤੀ ਨਾਲ ਸੈਨੇਟ ਦਾ ਮਤਾ 142 ਪਾਸ ਕੀਤਾ ਸੀ ਜਿਸ ਵਿੱਚ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿਖੇਧੀ ਕੀਤਾ ਗਿਆ ਅਤੇ 17 ਅਕਤੂਬਰ, 2018 ਨੂੰ ਪੈਨਸਿਲਵੇਨੀਆ ਦੀ ਰਾਸ਼ਟਰਮੰਡਲ ਦੀ ਜਨਰਲ ਅਸੈਂਬਲੀ ਨੇ ਸਰਬਸੰਮਤੀ ਨਾਲ ਸਦਨ ਦਾ ਮਤਾ 1160 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਦੀ ਸਿੱਖ-ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ।

ਭਾਰਤ ਭਰ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਰਾਜ-ਪ੍ਰਯੋਜਿਤ ਹਿੰਸਾ ਨੂੰ ਮਾਨਤਾ ਦੇਣਾ ਨਿਆਂ, ਜਵਾਬਦੇਹੀ ਅਤੇ ਸੁਲ੍ਹਾ-ਸਫਾਈ ਵੱਲ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ, ਜੋ ਕਿ ਦੂਜੀਆਂ ਸਰਕਾਰਾਂ ਲਈ ਇੱਕ ਉਦਾਹਰਣ ਹੋਣਾ ਚਾਹੀਦਾ ਹੈ। ਕੈਲੀਫੋਰਨੀਆ ਰਾਜ ਦੀ ਅਸੈਂਬਲੀ ਅਤੇ ਸੈਨੇਟ ਦੁਆਰਾ ਸਾਂਝੇ ਤੌਰ ’ਤੇ ਸੰਕਲਪ ਕੀਤਾ ਗਿਆ ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿੰਦਾ ਕਰਦੀ ਹੈ ਅਤੇ ਇਸ ਨੂੰ ਮੁੱਖ ਰਖਦੇ ਸੰਕਲਪ ਲਿਆ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ ’ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ। ਅਸੈਂਬਲੀ ਦਾ ਮੁੱਖ ਕਲਰਕ ਵਲੋਂ ਅਮਰੀਕਾ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ, ਸੰਯੁਕਤ ਰਾਜ ਦੇ ਪ੍ਰਤੀਨਿਧੀ ਸਦਨ ਦੇ ਸਪੀਕਰ, ਘੱਟ ਗਿਣਤੀ ਨੇਤਾ, ਸੰਯੁਕਤ ਰਾਜ ਸੈਨੇਟ ਦੇ ਬਹੁਗਿਣਤੀ ਨੇਤਾ, ਘੱਟ ਗਿਣਤੀ ਨੇਤਾ ਅਤੇ ਯੂਨਾਈਟਿਡ ਸਟੇਟਸ ਕਾਂਗਰਸ ਲਈ ਕੈਲੀਫੋਰਨੀਆ ਦੇ ਪ੍ਰਤੀਨਿਧੀ ਮੰਡਲ ਦੇ ਹਰੇਕ ਮੈਂਬਰ ਨੂੰ ਇਸ ਮਤੇ ਦੀਆਂ ਕਾਪੀਆਂ ਭੇਜੀਆਂ ਗਈਆਂ। ਇਸ ਤੋਂ ਬਾਅਦ ਸਿੱਖ ਆਗੂ ਡਾ. ਪ੍ਰਿਤਪਾਲ ਸਿੰਘ, ਸਿੱਖ ਆਗੂ ਮਨੀ ਗਰੇਵਾਲ, ਹਰਪ੍ਰੀਤ ਸਿੰਘ, ਭਿੰਦਾ ਗਾਖਲ, ਪ੍ਰਿਤਪਾਲ ਕਾਹਲੋਂ, ਰਵਿੰਦਰ ਧਾਲੀਵਾਲ, ਅਮਰਜੀਤ ਤੁੰਗ, ਕੁਲਜੀਤ ਨਿੱਝਰ ਅਤੇ ਸਟਾਕਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੋਰਨਾਂ ਵਲੋਂ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਤੇ ਬਾਕੀ ਟੀਮ ਦਾ ਪਲੈਕਾਂ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।






ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ
ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)
1930 Sikh Temple St, Stockton, CA 95206
(A Historical Land Mark of CA)
ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ
ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ
ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ
24ਵੇਂ ਮਹਾਨ ਨਗਰ ਕੀਰਤਨ
'ਤੇ ਸਮੂਹ ਸੰਗਤਾਂ ਨੂੰ ਨਗਰ ਕੀਰਤਨ
'ਚ ਪਹੁੰਚਣ ਦੀ ਬੇਨਤੀ
ਸ. ਰਵਿੰਦਰ ਸਿੰਘ ਧਾਲੀਵਾਲ
ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਪ੍ਰਧਾਨ : ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ




ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ

ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

# 24ਵੇਂ ਮਹਾਨ ਨਗਰ ਕੀਰਤਨ

'ਤੇ ਸਮੂਹ ਸੰਗਤਾਂ ਨੂੰ ਨਗਰ ਕੀਰਤਨ 'ਚ ਪਹੁੰਚਣ ਦੀ ਬੇਨਤੀ

# VANCO TRUCK & AUTO PLAZA

TEL : 208-466-0833, FAX : 209-466-2740



VANCO 76 TRUCK & AUTO PLAZA

# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)

# ਐਕਯੂਪ੍ਰੈਸ਼ਰ ਦੇ ਚਮਤਕਾਰ

ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

**ਸਿੰਘ ਹੋਮਿਓਪੈਥੀ: Ph : 209 -505-1988**

Call Only 9am to 6pm

We Accept All major Credit Cards

*Homeopathy Medicine Not FDA Approved*

APCA is excited to announce its

# 9TH ANNUAL BUYER'S TRADE SHOW IN MODESTO

on
Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

**FREE ADMISSION**

10 YEARS ANNIVERSARY

# APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**April 27th, From 12:30pm to 5:30pm**
**at Modesto Centre Plaza 1010, L Street, Modesto, CA 95354**

**ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ**

# ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

**27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ**

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

*Special Vendor Deals + New Items*

- 90+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ ੯ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।




Copyright @ Punjab Mail USA

*Live Performance*
**Malkit Singh**
*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

FOR FREE TICKET POLICY & PRICING INFORMATION

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS: $50 Each

For More Information

PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006
JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023



ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ
ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)
1930 Sikh Temple St, Stockton, CA 95206
(A Historical Land Mark of CA)
ਪੰਥ ਤੇਰੇ ਦੀਆਂ ਗੂੰਜਾਂ ਦਿਨੋਂ-ਦਿਨ ਪੈਂਦੀਆਂ ਰਹਿਣਗੀਆਂ
ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ
ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ
24ਵੇਂ ਮਹਾਨ ਨਗਰ ਕੀਰਤਨ
’ਤੇ ਸਮੂਹ ਸੰਗਤਾਂ ਨੂੰ ਨਗਰ
ਕੀਰਤਨ ’ਚ ਪਹੁੰਚਣ ਦੀ ਬੇਨਤੀ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ
ਤੋਂ ਕੌਮ ਦੀ ਸੇਵਾ ਕਰਦੇ ਆ ਰਹੇ
ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪੋਰਟ
ਕਰਨ ਵਾਲੇ ਅਮਰੀਕਾ ਦੇ ਉਘੇ
ਸਿੱਖ ਆਗੂ ਅਤੇ ਬਿਜਨਸਮੈਨ
ਸ੍ਰ. ਜਗਜੀਤ ਸਿੰਘ ਰੱਕੜ
ਅਤੇ ਸਮੂਹ ਰੱਕੜ ਪਰਿਵਾਰ




# PUNJABI AMERICAN ASSOCIATION MANTECA

Proudly presents

# ਗਿਆਰਵਾਂ ਵਿਸਾਖੀ ਖੇਡ ਮੇਲਾ

## Saturday may 6th, 2023 from 9am to 7pm

**At Woodward Park, lower basin 710 E, Woodward Ave, Manteca, CA 95337**



**Vaisaki bumper Raffle** (70th flat screen TV, laptops, game console, BBQ home audio system, bicycle and many more items....)
**Traditional fun games for kids**
**Tug of war**
**Games and sports for all age groups**
**Folk dance bhangra & gidha**
**Free admission**

**For more information call Tony Dhailwal @ (209)482-2948 Birinder singh @ (510)750-4135**
**E-mail: Paam.ca2010@gmail.com**

On site police officers will be present. Strictly NO DRUGS OR ALCOHOL allowed on mela Grounds.



Host
Mandeep bhullar
Cultural events



Host
Navina mann
Cultural events



Host
Harminder S.samana
Sports event
Law office of Anthony Nwosu

# ਵਿਸਾਖੀ ਮਨਾਉਣ 2,475 ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਿਆ

## ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਮਨਾਇਆ ਜਾਵੇਗਾ ਖਾਲਸਾ ਸਾਜਨਾ ਦਿਵਸ

ਅਟਾਰੀ : ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਪਾਕਿਸਤਾਨ ਵਿਖੇ ਖਾਲਸਾ ਸਾਜਨਾ ਦਿਵਸ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਅੱਜ ਭਾਰਤ ਤੋਂ 2,475 ਮੈਂਬਰੀ ਸਿੱਖ ਸ਼ਰਧਾਲੂਆਂ ਦਾ ਜਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ ਦੀ ਅਗਵਾਈ ਹੇਠ ਅਟਾਰੀ-ਵਾਹਗਾ ਸਰਹੱਦ ਰਸਤੇ ਤੋਂ ਪਾਕਿਸਤਾਨ ਲਈ ਰਵਾਨਾ ਹੋਇਆ। ਖਾਲਸਾ ਸਾਜਨਾ ਦਿਵਸ ਮਨਾਉਣ ਪਾਕਿਸਤਾਨ ਗਏ ਭਾਰਤੀ ਸਿੱਖ ਜਥੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬਲਵਿੰਦਰ ਸਿੰਘ ਵੇਈਂਪੁਈ, ਜਸਵੰਤ ਸਿੰਘ ਪੁੜੈਣ, ਬੀਬੀ ਜੋਗਿੰਦਰ ਕੌਰ, ਸਾਬਕਾ ਸਕੱਤਰ ਕੁਲਵੰਤ ਸਿੰਘ, ਵਧੀਕ ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਜਥੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਸਰਨਾ, ਜੰਮੂ-ਕਸ਼ਮੀਰ ਤੋਂ ਸਿੱਖ ਜਥਾ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਦੇ ਸਿੱਖ ਜਥਿਆਂ ਤੋਂ ਇਲਾਵਾ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ, ਖਾਲੜਾ ਮਿਸ਼ਨ ਕਮੇਟੀ, ਨਨਕਾਣਾ ਸਾਹਿਬ ਸਿੱਖ ਯਾਤਰੀ ਜਥਾ ਪੁਤਲੀਘਰ ਆਦਿ



ਜਥਿਆਂ ਦੇ ਸ਼ਰਧਾਲੂ ਵੀ ਸ਼ਾਮਲ ਸਨ। ਜਥੇ ਦੇ ਪਾਕਿਸਤਾਨ ਰਵਾਨਾ ਹੋਣ ਤੋਂ ਪਹਿਲਾਂ ਅਟਾਰੀ ਸਰਹੱਦ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ 14 ਅਪਰੈਲ ਨੂੰ ਖਾਲਸੇ ਦਾ ਸਾਜਣਾ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਖੁੱਲ੍ਹਦਿਲੀ ਨਾਲ ਵੀਜ਼ੇ ਦੇਣੇ ਚਾਹੀਦੇ ਹਨ। ਜਥੇ ਦੇ ਪ੍ਰੋਗਰਾਮ ਸਬੰਧੀ ਉਨ੍ਹਾਂ ਦੱਸਿਆ ਕਿ ਅੱਜ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪੁੱਜੇਗਾ, ਜਿੱਥੋਂ 10 ਅਪਰੈਲ ਨੂੰ ਗੁਰਦੁਆਰਾ ਸ੍ਰੀ ਸੱਚਾ ਸੌਦਾ, ਮੰਡੀ ਚੂਹੜਕਾਨਾ ਦੇ ਦਰਸ਼ਨ ਕਰਨ ਉਪਰੰਤ ਵਾਪਸ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਰੁਕੇਗਾ। 12 ਅਪਰੈਲ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਪੁੱਜੇਗਾ, ਜਿੱਥੇ 14 ਅਪਰੈਲ ਨੂੰ ਹੋਣ ਵਾਲੇ ਮੁੱਖ ਸਮਾਗਮ ਵਿੱਚ ਸ਼ਮੂਲੀਅਤ ਕਰੇਗਾ ਤੇ ਹੋਰ ਗੁਰੂ ਘਰਾਂ ਦੇ ਦਰਸ਼ਨ ਕਰਨ ਉਪਰੰਤ 18 ਅਪਰੈਲ ਨੂੰ ਇਹ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਾਪਸ ਪਰਤੇਗਾ।

# ਸੰਸਦ ’ਚ ਹਾਜ਼ਰੀ ਪੱਖੋਂ ਸਨੀ ਦਿਓਲ ਅਤੇ ਸੁਖਬੀਰ ਬਾਦਲ ਫਾਡੀ



ਚੰਡੀਗੜ੍ਹ : ਪਾਰਲੀਮੈਂਟ ’ਚ ਲੰਘੇ ਬਜਟ ਸੈਸ਼ਨ ਦੌਰਾਨ ਲੋਕ ਸਭਾ ਮੈਂਬਰਾਂ ਵਿੱਚੋਂ ਗੁਰਦਾਸਪੁਰ ਤੋਂ ਸੰਸਦ ਮੈਂਬਰ ਅਤੇ ਅਦਾਕਾਰ ਸਨੀ ਦਿਓਲ ਦੀ ਹਾਜ਼ਰੀ ਸਭ ਤੋਂ ਘੱਟ ਰਹੀ। ਦੂਜੇ ਨੰਬਰ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਰਹੇ ਹਨ। ਬੇਸ਼ੱਕ ਅਕਾਲੀ ਦਲ ਅਤੇ ਭਾਜਪਾ ਦੇ ਸਿਆਸੀ ਰਾਹ ਹੁਣ ਵੱਖ ਵੱਖ ਹਨ ਪ੍ਰੰਤੂ ਸੰਸਦ ਵਿਚ ਸਨੀ ਦਿਓਲ ਤੇ ਸੁਖਬੀਰ ਬਾਦਲ ਦੀ ਹਾਜ਼ਰੀ ਵਾਲੀ ਸੁਰ ਇੱਕੋ ਰਹੀ ਹੈ। ਭਾਜਪਾ ਐਮ.ਪੀ ਸਨੀ ਦਿਓਲ ਦੀ ਹੁਣ ਤੱਕ ਸਮੁੱਚੀ ਹਾਜ਼ਰੀ ਸਿਰਫ਼ 20 ਫ਼ੀਸਦੀ ਹੀ ਰਹੀ ਹੈ। ਪਾਰਲੀਮੈਂਟ ਦਾ ਬਜਟ ਸੈਸ਼ਨ 31 ਜਨਵਰੀ ਨੂੰ ਸ਼ੁਰੂ ਹੋਇਆ ਅਤੇ 6 ਅਪਰੈਲ ਨੂੰ ਖ਼ਤਮ ਹੋਇਆ ਹੈ। ਇਸ ਸੈਸ਼ਨ ਦੌਰਾਨ 23 ਬੈਠਕਾਂ ਹੋਈਆਂ ਹਨ। ਸਨੀ ਦਿਓਲ ਨੇ ਸਿਰਫ਼ ਦੋ ਦਿਨ ਹੀ ਹਾਜ਼ਰੀ ਭਰੀ ਹੈ ਜਦੋਂਕਿ ਉਹ 21 ਦਿਨ ਗ਼ੈਰਹਾਜ਼ਰ ਰਹੇ। ਸਨੀ ਚੋਣ ਜਿੱਤਣ ਮਗਰੋਂ ਆਪਣੇ ਹਲਕੇ ਗੁਰਦਾਸਪੁਰ ਵਿੱਚੋਂ ਵੀ ਗ਼ੈਰਹਾਜ਼ਰ ਚੱਲੇ ਆ ਰਹੇ ਹਨ ਅਤੇ ਉਨ੍ਹਾਂ ਦੀ ਗੁੰਮਸ਼ੁਦਗੀ ਦੇ ਇਸ਼ਤਿਹਾਰ ਵੀ ਲੱਗ ਚੁੱਕੇ ਹਨ। ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕੇਵਲ ਚਾਰ ਦਿਨ ਹੀ ਪਾਰਲੀਮੈਂਟ ਵਿਚ ਪੈਰ ਪਾਇਆ ਅਤੇ ਉਹ 19 ਦਿਨ ਗ਼ੈਰਹਾਜ਼ਰ ਰਹੇ ਹਨ। ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਐਤਕੀਂ ਸੰਸਦ ਵਿਚ 15 ਦਿਨ ਹਾਜ਼ਰ ਰਹੇ ਹਨ ਅਤੇ ਅੱਠ ਦਿਨ ਉਨ੍ਹਾਂ ਦੀ ਗ਼ੈਰਹਾਜ਼ਰੀ ਰਹੀ ਹੈ। ਕਾਂਗਰਸੀ ਸੰਸਦ ਮੈਂਬਰ ਇਸ ਮਾਮਲੇ ’ਚ ਮੋਹਰੀ ਰਹੇ ਹਨ। ਜਲੰਧਰ ਹਲਕੇ ਦੀ ਨੁਮਾਇੰਦਗੀ ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਰ ਕੇ ਨਹੀਂ ਰਹੀ। ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ, ਰਵਨੀਤ ਬਿੱਟੂ, ਡਾ. ਅਮਰ ਸਿੰਘ ਅਤੇ ਗੁਰਜੀਤ ਸਿੰਘ ਔਜਲਾ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ ਸੌ ਫ਼ੀਸਦੀ ਰਹੀ ਹੈ ਜਦੋਂਕਿ ਪ੍ਰਨੀਤ ਕੌਰ ਸੰਸਦ ਵਿਚ ਇੱਕ ਦਿਨ ਗ਼ੈਰਹਾਜ਼ਰ ਰਹੇ ਹਨ। ਫ਼ਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਦੀ 14 ਦਿਨ ਬਜਟ ਸੈਸ਼ਨ ਵਿਚ ਹਾਜ਼ਰੀ ਰਹੀ ਹੈ। ਕਾਂਗਰਸ ਦੇ ਜਸਵੀਰ ਡਿੰਪਾ ਵੀ 20 ਦਿਨ ਹਾਜ਼ਰ ਰਹੇ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ 20 ਦਿਨ ਸੰਸਦ ਵਿਚ ਹਾਜ਼ਰ ਰਹੇ ਅਤੇ ਤਿੰਨ ਦਿਨ ਗ਼ੈਰਹਾਜ਼ਰ ਰਹੇ। ਬਜਟ ਸੈਸ਼ਨ ਇਸ ਵਾਰ ਦੋ ਪੜਾਵਾਂ ਵਿਚ ਚੱਲਿਆ ਹੈ। ਇਸੇ ਤਰ੍ਹਾਂ ਰਾਜ ਸਭਾ ਮੈਂਬਰਾਂ ਦੀ ਹਾਜ਼ਰੀ ਨੂੰ ਘੋਖੀਏ ਤਾਂ ‘ਆਪ’ ਦੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਸੈਸ਼ਨ ਦੌਰਾਨ ਨਜ਼ਰ ਨਹੀਂ ਆਏ। ਉਨ੍ਹਾਂ ਨੇ ਸੈਸ਼ਨ ਦੌਰਾਨ ਛੁੱਟੀ ਲਈ ਹੋਈ ਸੀ। ਐਮਪੀ ਵਿਕਰਮਜੀਤ ਸਿੰਘ ਸਾਹਨੀ ਨੇ ਵੀ ਛੇ ਦਿਨ ਹੀ ਹਾਜ਼ਰੀ ਭਰੀ। ਰਾਜ ਸਭਾ ਦੀਆਂ ਬਜਟ ਸੈਸ਼ਨ ਦੌਰਾਨ 25 ਬੈਠਕਾਂ ਹੋਈਆਂ ਹਨ। ‘ਆਪ’ ਸੰਸਦ ਮੈਂਬਰ ਸੰਦੀਪ ਪਾਠਕ ਵੀ ਬਜਟ ਸੈਸ਼ਨ ਵਿਚੋਂ 11 ਦਿਨ ਗ਼ੈਰਹਾਜ਼ਰ ਰਹੇ ਹਨ ਅਤੇ ਡਾ. ਅਸ਼ੋਕ ਕੁਮਾਰ ਮਿੱਤਲ ਦੀ ਹਾਜ਼ਰੀ 15 ਦਿਨਾਂ ਦੀ ਰਹੀ ਹੈ। ਐਮਪੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ 15 ਦਿਨ ਹਾਜ਼ਰੀ ਭਰੀ ਅਤੇ ਉਹ 10 ਦਿਨ ਗ਼ੈਰਹਾਜ਼ਰ ਰਹੇ ਹਨ। ‘ਆਪ’ ਮੈਂਬਰਾਂ ਵਿਚੋਂ ਸਭ ਤੋਂ ਵੱਧ ਹਾਜ਼ਰੀ ਰਾਘਵ ਚੱਢਾ ਦੀ ਰਹੀ ਜੋ 21 ਦਿਨ ਹਾਜ਼ਰ ਰਹੇ ਹਨ ਅਤੇ ਇਸੇ ਤਰ੍ਹਾਂ ਸੰਜੀਵ ਅਰੋੜਾ 19 ਦਿਨ ਹਾਜ਼ਰ ਰਹੇ ਹਨ।

### ਸਵਾਲ ਪੁੱਛਣ ਵਿੱਚ ‘ਆਪ’ ਦੇ ਸੰਸਦ ਮੈਂਬਰ ਮੋਹਰੀ

ਸਵਾਲ ਪੁੱਛਣ ਦੇ ਮਾਮਲੇ ਵਿਚ ‘ਆਪ’ ਸੰਸਦ ਮੈਂਬਰ ਅੱਗੇ ਰਹੇ ਹਨ। ਸੰਸਦ ਮੈਂਬਰ ਰਾਘਵ ਚੱਢਾ ਨੇ 116 ਸਵਾਲ, ਡਾ. ਅਸ਼ੋਕ ਕੁਮਾਰ ਮਿੱਤਲ ਨੇ 110 ਸਵਾਲ, ਸੰਜੀਵ ਅਰੋੜਾ ਨੇ 73 ਸਵਾਲ, ਹਰਭਜਨ ਸਿੰਘ ਨੇ 70 ਅਤੇ ਇਸੇ ਤਰ੍ਹਾਂ ਵਿਕਰਮਜੀਤ ਸਿੰਘ ਸਾਹਨੀ ਨੇ ਵੀ 70 ਸਵਾਲ ਪੁੱਛੇ ਹਨ। ਸੰਤ ਬਲਬੀਰ ਸਿੰਘ ਨੇ ਸਭ ਤੋਂ ਘੱਟ 19 ਸਵਾਲ ਹੀ ਪੁੱਛੇ ਹਨ।

# ਸਿੱਧੂ ਮੂਸੇਵਾਲਾ ਦੇ ਯੂਟਿਊਬ ਸਬਸਕ੍ਰਾਈਬਰ ਦੋ ਕਰੋੜ ਤੋਂ ਪਾਰ

ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਪੰਜਾਬੀ ਸੰਗੀਤ ਵਿੱਚ ਮੌਤ ਤੋਂ ਬਾਅਦ ਵੀ ਵੱਡਾ ਪ੍ਰਭਾਵ ਹੈ। ਕਤਲ ਦੇ ਸਾਢੇ 10 ਮਹੀਨਿਆਂ ਬਾਅਦ ਯੂਟਿਊਬ ’ਤੇ ਮੂਸੇਵਾਲਾ ਦੇ ਸਬਸਕ੍ਰਾਈਬਰ 90 ਲੱਖ ਤੋਂ ਵਧ ਗਏ ਹਨ। ਇੰਨਾ ਹੀ ਨਹੀਂ ਚਾਰ ਦਿਨ ਪਹਿਲਾਂ ਰਿਲੀਜ਼ ਹੋਏ ਗੀਤ ‘ਮੇਰਾ ਨਾਂ’ ਨੂੰ 23.6 ਮਿਲੀਅਨ (2 ਕਰੋੜ ਤੋਂ ਵੱਧ) ਲੋਕ ਸੁਣ ਚੁੱਕੇ ਹਨ। ਇਹ ਗੀਤ ਯੂਟਿਊਬ ’ਤੇ ਨੰਬਰ-1 ’ਤੇ ਚੱਲ ਰਿਹਾ ਹੈ। ਇਸੇ ਦੌਰਾਨ ਹੀ ਅੱਜ ਮਰਹੂਮ ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਆਪਣੇ ਪੁੱਤਰ ਦੇ ਦੋ ਕਰੋੜ ਸਬਸਕ੍ਰਾਈਬਰ ਹੋਣ ’ਤੇ ਇੰਸਟਾਗ੍ਰਾਮ ’ਤੇ ਇਕ ਪੋਸਟ ਪਾਈ ਹੈ। ਪੁੱਤਰ ਨੂੰ ਯਾਦ ਕਰਦਿਆਂ ਚਰਨ ਕੌਰ ਨੇ ਕਿਹਾ ‘ਸ਼ੁਭਦੀਪ ਪੁੱਤ, ਤੁਹਾਨੂੰ ਅਤੇ ਤੁਹਾਡੇ ਭੈਣ-ਭਰਾਵਾਂ ਨੂੰ 2 ਕਰੋੜ ਸਬਸਕ੍ਰਾਈਬਰ ਨਾਲ ਜੁੜ ਕੇ ਵਧਾਈ ਹੋਵੇ।’ ਪਿਛਲੇ ਸਾਲ 29 ਮਈ ਨੂੰ ਸਿੱਧੂ ਮੂਸੇਵਾਲਾ ਦਾ



ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਦੇ ਸਾਢੇ ਦਸ ਮਹੀਨਿਆਂ ਵਿੱਚ ਸਿੱਧੂ ਮੂਸੇਵਾਲਾ ਦੇ ਦੋ ਗੀਤ ‘ਐਸਵਾਈਐਲ’ ਅਤੇ ’ਵਾਰ’ ਰਿਲੀਜ਼ ਕੀਤੇ ਗਏ ਸਨ। ਹੁਣ ਤੀਜੇ ਗੀਤ ਦੇ ਲਾਂਚ ਹੋਣ ਨਾਲ ਸਿੱਧੂ ਮੂਸੇਵਾਲਾ ਦੇ ਸਬਸਕ੍ਰਾਈਬਰਜ਼ ਦੀ ਗਿਣਤੀ ਦੋ ਕਰੋੜ ਤੋਂ ਪਾਰ ਹੋ ਗਈ ਹੈ।

# ਜੇਕਰ ਅਕਾਲ ਤਖ਼ਤ ਸਾਹਿਬ ਸਮੇਤ ਸਾਰਾ ਪੰਥ ਫੜੇ ਗਏ ਸਿੰਘਾਂ ਦੀ ਪਿੱਠ ਪਿੱਛੇ ਖੜਦਾ, ਨਾ ਐਨਐਸਏ ਲੱਗਦੀ ’ਤੇ ਨਾ ਅਸਾਮ ਜਾਂਦੇ : ਪੰਜੋਲੀ

## ਸਿੰਘਾਂ ਨੇ ਦੇਸ਼ ਦਾ ਕਿਹੜਾ ਹਿੱਸਾ ਤੋੜਿਆ ਜਿਸ ਕਰਕੇ ਉਨ੍ਹਾਂ ਉਪਰ ਐਨਐਸਏ ਲਾਈ ਗਈ

ਨਵੀਂ ਦਿੱਲੀ : ਸਰਕਾਰ ਅਤੇ ਪੰਜਾਬ ਪੁਲਿਸ ਵਲੋਂ ਦੱਸਿਆ ਜਾਏ ਕਿ ਪਪਲਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਨੇ ਦੇਸ਼ ਦਾ ਕਿਹੜਾ ਹਿੱਸਾ ਤੋੜ ਦਿੱਤਾ ਸੀ ਜਿਸ ਕਰਕੇ ਉਨ੍ਹਾਂ ਉੱਤੇ ਐਨਐਸਏ ਲਾਈ ਗਈ ਹੈ। ਹੁਣ ਪਪਲਪ੍ਰੀਤ ਸਿੰਘ ਉਪਰ ਐਨਐਸਏ ਲਗਾਕੇ ਅਸਾਮ ਦੀ ਡਿਬਰੂਗੜ ਜੇਲ ਭੇਜ ਦਿੱਤਾ ਗਿਆ ਹੈ। ਐਸਜੀਪੀਸੀ ਦੇ ਸਾਬਕਾ ਸਕੱਤਰ ਅਤੇ ਮੈਂਬਰ ਭਾਈ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਪਪਲਪ੍ਰੀਤ ਸਿੰਘ ਕੁੱਝ ਦਿਨ ਪਹਿਲਾਂ ਤੋਂ ਹੀ ਪੁਲੀਸ ਕਸਟੱਡੀ ਵਿੱਚ ਸੀ। ਪੁਲੀਸ ਨੇ ਉਸ ਤੋ ਸੱਭ ਕੁੱਝ ਪੁੱਛ ਪੁੱਛਾਕੇ ਹੀ ਕੱਲ ਗ੍ਰਿਫਤਾਰੀ ਦਾ ਡਰਾਮਾ ਕੀਤਾ ਲੱਗਦਾ ਹੈ। ਉਨ੍ਹਾਂ ਦਸਿਆ ਕਿ ਮੇਰੀ ਅੱਜ ਸਵੇਰੇ ਪਪਲਪ੍ਰੀਤ ਸਿੰਘ ਜੀ ਦੀ ਮਾਤਾ ਨਾਲ ਗੱਲ ਹੋਈ ਸੀ। ਜਿਹਨਾਂ ਦੇ ਦੱਸਣ ਮੁਤਾਬਿਕ ਪਪਲਪ੍ਰੀਤ ਸਿੰਘ ਨੂੰ ਉਨ੍ਹਾਂ ਦਾ ਮਾਮਾ ਕੱਪੜੇ ਅਤੇ ਹੋਰ ਜਰੂਰੀ ਸਮਾਨ ਦੇ ਕੇ ਆਇਆ ਹੈ ਅਤੇ ਉਨ੍ਹਾਂ ਮੁਤਾਬਿਕ ਪਪਲਪ੍ਰੀਤ ਸਿੰਘ ਪੂਰੀ ਤਰਾਂ ਚੜ੍ਹਦੀਆਂ ਕਲਾ ਵਿੱਚ ਹੈ। ਉਨ੍ਹਾਂ ਕਿਹਾ ਕਿ ਅਜ ਮਸਲਾ ਇਹ ਨਹੀਂ ਕਿ ਪਪਲਪ੍ਰੀਤ ਸਿੰਘ ਪੇਸ਼ ਹੋਇਆ ਜਾ ਫੜਿਆ ਗਿਆ ਹੈ, ਮਸਲਾ ਇਹ ਹੈ ਕਿ ਸਿੱਖਾਂ ਨੂੰ ਅਤਿਵਾਦੀ, ਵੱਖਵਾਦੀ ਅਤੇ ਦਹਿਸ਼ਤਗਰਦ ਗਰਦਾਨ ਕੇ ਅੰਤਰਰਾਸ਼ਟਰੀ ਪੱਧਰ ਉੱਤੇ ਬਦਨਾਮ ਕਰਨ ਦੀ ਜੋ ਸਰਕਾਰ ਨੇ ਲਹਿਰ ਚਲਾਈ ਹੈ, ਉਸ ਦਾ ਪੰਥ ਨੂੰ ਵਿਰੋਧ ਕਰਨਾ ਚਾਹੀਦਾ ਹੈ। ਜਿਸ ਮਨੁੱਖ ਦੇ ਪਿੱਛੇ ਪੁਲਿਸ ਲੱਗੀ ਹੋਵੇ ਉਸ ਨੇ ਕਿਤੇ ਨਾ ਕਿਤੇ ਪਨਾਹ ਵੀ ਲੈਣੀ ਹੈ ਤੇ ਨਾਲ ਹੀ ਵੇਲੇ ਅਨੁਸਾਰ ਗ੍ਰਿਫਤਾਰ ਹੋਣਾ ਜਾ ਫਿਰ ਸਰੰਡਰ ਵੀ ਕਰਨਾ ਹੀ ਪੈਂਦਾ ਹੈ। ਕਿਸੇ ਦੀ ਗ੍ਰਿਫਤਾਰੀ ਨੂੰ ਜਾ ਸਰੰਡਰ ਕਰਨ ਦੇ ਕਾਰਨ ਕਰਕੇ ਇਹ ਐਲਾਨ



ਕਰਨੇ ਕਿ ਇਹ ਤਾਂ ਸਰਕਾਰ ਦਾ ਹੀ ਬੰਦਾ ਹੈ ਜਾਂ ਸਰਕਾਰੀ ਏਜੰਟ ਹੈ ਇਹ ਪੱਖ ਬਹੁਤ ਦੁਖਦਾਇਕ ਹੈ। ਉਨ੍ਹਾਂ ਕਿਹਾ ਕਿ ਵਿਰੋਧ ਇਸ ਗੱਲ ਦਾ ਹੋਣਾ ਚਾਹੀਦਾ ਹੈ ਕਿ ਸਰਕਾਰ ਦੱਸੇ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੇ ਦੇਸ ਦਾ ਕਿਹੜਾ ਹਿੱਸਾ ਤੋੜ ਦਿੱਤਾ ਜਿਸ ਨਾਲ ਉਹਨਾਂ ਉਪਰ ਐਨਐਸਏ ਲੱਗਾ ਕੇ ਪੰਜਾਬ ਤੋਂ 2500 ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ ਵਿੱਚ ਨਜ਼ਰਬੰਦ ਕੀਤਾ ਜਾ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਇਸ ਧੱਕੇਸ਼ਾਹੀ ਦੇ ਖਿਲਾਫ ਪੰਥ ਨੇ ਇੱਕ ਅਵਾਜ਼ ਹੋ ਕੇ ਇਹਨਾਂ ਸਿੰਘਾ ਦੇ ਹੱਕ ਵਿੱਚ ਹਾਅ ਦਾ ਨਾਹਰਾ ਨਹੀਂ ਮਾਰਿਆ। ਇਹਨਾਂ ਨੂੰ ਨਿਹੱਥੇ ਛੱਡ ਦਿੱਤਾ ਗਿਆ ਅਤੇ ਸਰਕਾਰ ਨੂੰ ਇੱਕ ਤਰ੍ਹਾਂ ਨਾਲ ਸੁਨੇਹਾ ਹੀ ਦਿੱਤਾ ਗਿਆ ਕਿ ਅਸੀਂ ਇਨ੍ਹਾਂ ਨਾਲ ਨਹੀਂ ਹਾਂ ਤੁਸੀਂ ਜੋ ਮਰਜ਼ੀ ਇਨ੍ਹਾਂ ਨਾਲ ਕਰੋ। ਉਨ੍ਹਾਂ ਕਿਹਾ ਕਿ ਜੇ ਅਕਾਲ ਤਖ਼ਤ ਸਾਹਿਬ ਸਮੇਤ ਸਾਰਾ ਪੰਥ ਇਨ੍ਹਾਂ ਦੀ ਪਿੱਠ ਪਿੱਛੇ ਖੜ੍ਹਦਾ ਤਾਂ ਨਾ ਇਨ੍ਹਾਂ ਉਪਰ ਐਨਐਸਏ ਲੱਗਦੀ ਅਤੇ ਨਾ ਹੀ ਇਨ੍ਹਾਂ ਨੂੰ ਸਰਕਾਰ ਅਸਾਮ ਭੇਜਦੀ, ਪੰਥ ਨੂੰ ਸਹੇ ਦਾ ਨਹੀਂ ਰਹੇ ਦੀ ਚਿੰਤਾ ਕਰਨੀ ਚਾਹੀਦੀ ਹੈ।

# ਭਾਰਤੀ ਰਤਨ ਅਤੇ ਗਹਿਣਿਆਂ ਬਾਰੇ ਬ੍ਰਿਟਿਸ਼ ਸ਼ਾਹੀ ਖਜ਼ਾਨੇ ’ਚ ਭੇਜੀਆਂ ਬਸਤੀਵਾਦੀ ਫਾਈਲਾਂ ਤੋਂ ਮਿਲੀ ਜਾਣਕਾਰੀ

ਲੰਡਨ : ਭਾਰਤੀ ਉਪ-ਮਹਾਂਦੀਪ ’ਤੇ ਸ਼ਾਸਨ ਕਰਨ ਵਿਚ ਸਹਾਇਤਾ ਕਰਨ ਵਾਲੇ ਬ੍ਰਿਟਿਸ਼ ਸਰਕਾਰ ਦੇ ਤਤਕਾਲੀ ਵਿਭਾਗ ਇੰਡੀਆ ਆਫਿਸ ਦੇ ਆਰਕਾਈਵਜ਼ ਤੋਂ ਬਸਤੀਵਾਦੀ ਯੁੱਗ ਦੀ ਇਕ ਫਾਈਲ ਵਿਚ ਖੁਲਾਸਾ ਹੋਇਆ ਹੈ ਕਿ ਬਹੁਤ ਸਾਰੇ ਕੀਮਤੀ ਹੀਰੇ ਅਤੇ ਗਹਿਣੇ ਭਾਰਤ ਤੋਂ ਬ੍ਰਿਟਿਸ਼ ਸ਼ਾਹੀ ਖਜ਼ਾਨੇ ਨੂੰ ਭੇਜੇ ਗਏ ਸਨ। ‘ਕਾਸਟ ਆਫ ਦਿ ਕਰਾਊਨ’ ਲੜੀ ਦੇ ਹਿੱਸੇ ਵਜੋਂ ਗਾਰਡੀਅਨ ਅਖ਼ਬਾਰ ਅਗਲੇ ਮਹੀਨੇ ਕਿੰਗ ਚਾਰਲਸ III ਦੀ ਤਾਜਪੋਸ਼ੀ ਤੋਂ ਪਹਿਲਾਂ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਦੌਲਤ ਅਤੇ ਵਿੱਤ ਦੀ ਜਾਂਚ ਕਰ ਰਿਹਾ ਹੈ। ਇਸ ਹਫ਼ਤੇ ਇਕ ਰਿਪੋਰਟ ਵਿਚ ਅਖਬਾਰ ਨੇ ‘ਇੰਡੀਆ ਆਫਿਸ’ ਦੇ ਆਰਕਾਈਵਜ਼ ਤੋਂ 46 ਪੰਨਿਆਂ ਦੀ ਫਾਈਲ ਦਾ ਹਵਾਲਾ ਦਿੱਤਾ ਹੈ।

ਇਸ ਵਿਚ ਕੀਤੀ ਗਈ ਜਾਂਚ ਦਾ ਇਕ ਵੇਰਵਾ ਹੈ ਜਿਸ ਵਿਚ ਮਹਾਰਾਣੀ ਮੈਰੀ (ਮਰਹੂਮ ਮਹਾਰਾਣੀ ਐਲਿਜ਼ਾਬੈਥ II ਦੀ ਦਾਦੀ) ਦੁਆਰਾ ਉਸਦੇ ਸ਼ਾਹੀ ਗਹਿਣਿਆਂ ਦੇ ਸਰੋਤ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੇ ਸੰਦਰਭਾਂ ਵਿੱਚ ਪੰਜਾਬ ਦੇ ਤਤਕਾਲੀ ਮਹਾਰਾਜਾ ਰਣਜੀਤ ਸਿੰਘ ਦੇ ਤਬੇਲੇ ਵਿੱਚ ਘੋੜਿਆਂ ਨੂੰ ਸਜਾਉਣ ਲਈ ਵਰਤੀ ਜਾਣ ਵਾਲੀ ਇੱਕ ਪੰਨਾ ਜੜੀ ਸੋਨੇ ਦੀ ਪੇਟੀ ਹੈ, ਜੋ ਹੁਣ ਕਿੰਗ ਚਾਰਲਸ ਦੇ ਸ਼ਾਹੀ ਸੰਗ੍ਰਹਿ ਦਾ ਹਿੱਸਾ ਹੈ। ਅਖਬਾਰ ਦੀ ਜਾਂਚ ਤੋਂ ਖੁਲਾਸਾ ਹੋਇਆ ਕਿ ‘1912 ਦੀ ਇੱਕ ਰਿਪੋਰਟ ਵਿੱਚ ਦੱਸਦੀ ਹੈ ਕਿ ਕਿਵੇਂ ਚਾਰਲਸ ਦੇ ਸ਼ਾਹੀ ਸੰਗ੍ਰਹਿ ਵਿੱਚ ਇੱਕ ਬੈਲਟ ਸਮੇਤ ਬੇਸ਼ਕੀਮਤੀ ਰਤਨ ਭਾਰਤ ਤੋਂ ਜਿੱਤ ਦੀ ਵਸਤੂ ਦੇ ਰੂਪ ਵਿੱਚ ਲਿਆਂਦੇ ਗਏ ਸਨ ਅਤੇ ਬਾਅਦ



ਵਿੱਚ ਮਹਾਰਾਣੀ ਵਿਕਟੋਰੀਆ ਨੂੰ ਦਿੱਤੇ ਗਏ ਸਨ।’

ਇਸ ਵਿੱਚ ਕਿਹਾ ਗਿਆ ਕਿ ‘ਵਰਣਿਤ ਵਸਤੂਆਂ ਹੁਣ ਬ੍ਰਿਟਿਸ਼ ਸ਼ਾਹੀ ਘਰਾਣੇ ਦੀ ਸੰਪਤੀ ਦੇ ਰੂਪ ਵਿੱਚ ਕਿੰਗ ਦੀ ਮਲਕੀਅਤ ਵਿੱਚ ਹਨ।’ ਬਾਅਦ ਵਿਚ 19ਵੀਂ ਸਦੀ ਦੌਰਾਨ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਨੂੰ ਪੰਜਾਬ ਵੱਲੋਂ ‘ਈਸਟ ਇੰਡੀਆ ਕੰਪਨੀ’ ਨੂੰ ਸੌਂਪਣ ਲਈ ਮਜਬੂਰ ਕੀਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਦੁਆਰਾ ਇਸੇ ਤਰ੍ਹਾਂ ਦੀ ਲੁੱਟ ਦੇ ਨਤੀਜੇ ਵਜੋਂ ਕੋਹਿਨੂਰ ਹੀਰਾ ਮਹਾਰਾਣੀ ਵਿਕਟੋਰੀਆ ਦੇ ਕਬਜ਼ੇ ਵਿੱਚ ਆਇਆ ਸੀ। ਜ਼ਿਕਰਯੋਗ ਹੈ ਕਿ ਕੂਟਨੀਤਕ ਵਿਵਾਦ ਤੋਂ ਬਚਣ ਲਈ 6 ਮਈ ਨੂੰ ਮਹਾਰਾਣੀ ਕੈਮਿਲਾ ਦੀ ਤਾਜਪੋਸ਼ੀ ਦੌਰਾਨ ਕੋਹਿਨੂਰ ਹੀਰੇ ਨਾਲ ਜੜੇ ਤਾਜ ਦੀ ਵਰਤੋਂ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਬਕਿੰਘਮ ਪੈਲੇਸ ਦੇ ਬੁਲਾਰੇ ਨੇ ਅਖ਼ਬਾਰ ਨੂੰ ਦੱਸਿਆ ਕਿ ਗੁਲਾਮੀ ਅਤੇ ਬਸਤੀਵਾਦ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਕਿੰਗ ਚਾਰਲਸ III ਬਹੁਤ ਗੰਭੀਰਤਾ ਨਾਲ ਲੈਂਦਾ ਹੈ।






Dr. Singh is a Dentist with 4 successful clinics in Washington area.

He launched EcoSikh, a global environmental body, in July 2009. EcoSikh is planting 1 million trees in honor of Guru Nanak's 550th Gurpurab and has planted 550 mini-forests (over 300K trees) in Punjab and in India.

2014, He co-founded the National Sikh Campaign to create awareness about the Sikh identity in America by hiring the Obama's and the Bush's media teams.

Dr. Singh has worked with Clinton, Bush and Obama administrations and was instrumental in starting the first celebration of Guru Nanak's Gurpurab at the White House in 2009. He helped make the first documentary on Guru Nanak aired by TV channel PBS nationally in USA.

Dr. Singh was the President of the Interfaith Council of Metropolitan Washington from 1994-1996.

# Announcement in Punjabi

## ਡਾ. ਰਾਜਵੰਤ ਸਿੰਘ ਡੀ.ਡੀ.ਐਸ.

## ਬਤੌਰ ਸਿੱਖ ਅਸੀਂ ਆਪਣੀਂ ਧਰਤੀ-ਮਾਂ ਅਤੇ ਵਾਤਾਵਰਣ ਦੀ ਸੰਭਾਲ ਕਿਵੇਂ ਕਰੀਏ? ਇਸ ਸੰਬੰਧੀ ਗੁਰਬਾਣੀ ਦਾ ਕੀ ਸੁਨੇਹਾ ਹੈ?..

ਇਸ ਵਿਸ਼ੇ ਤੇ ਬਹੁਤ ਹੀ ਗਹਿਰ-ਗੰਭੀਰ ਵਿਚਾਰਾਂ ਆਪ ਜੀ ਨਾਲ ਸਾਂਝੀਆਂ ਕਰਨਗੇ।

### ⚠ ⚠ ⚠ Please Note: ⚠ ⚠ ⚠

Opinions offered on this platform are of the speakers only.

CONVENER may or may not agree with SPEAKERS & bears NO Responsibility.

Please seek permission before Recording, editing, or creating YouTubes.

PLEASE REFRAIN FROM ENTERING ANY NEGATIVE, HURTFUL, HATEFUL, POLITICAL or UNRELATED Comments / YOUTUBES, to Topic of discussion on post-event PLATFORM.

Convener Reserves the right to Refuse participation or Removal of a Participant

. ♦♦♦♦ Humbly ♦♦♦♦

Dr. Jaswant Singh, M.D., F.A.A.N.*, Phoenix, Arizona, CONVENER/FOUNDER PHX. GGVWG

*Retired Board-certified Neurologist. & Author of several books on Diaspora issues 1. "Square Pegs, Round Holes. 2. "Sikhism: Points to Ponder; Perspectives of a Sikh Living Abroad, 3. "One Coin, Two Sides," 4.". Western Mirror, Eastern reflections; 5. Adapting to the Adopted Culture; and 6. Pearls in Pebbles. 7. Lonely in a Crowd: in Publication

A. BOARD MEMBER Advisory Committee Arizona Interfaith Movement B. BOARD MEMBER Phoenix Police Advisory Board C. SELECTED AS One of the Prominent 50 Sikhs of USA. D. 2004 OUTSTANDING CITIZEN by Arizona Asian American Association E. FOUNDER of Free monthly free Dinner at Phoenix Rescue Mission F. SPEAKER Sikh Identity Awareness in Arizona G. FOUNDER/CONVENER PHX GGVWG. H. Key person Langar Experience by AIFM

# ਖ਼ਾਲਸਾ ਪੰਥ ਦੀ ਸਿਰਜਣਾ : ਇਤਿਹਾਸਕ ਪ੍ਰਸੰਗ

*'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'*

ਡਾ. ਜਸਪਾਲ ਸਿੰਘ

1699 ਦੀ ਵਿਸਾਖੀ ਦਾ ਦੁਨੀਆ ਦੇ ਇਤਿਹਾਸ ਵਿਚ ਆਪਣਾ ਨਿਵੇਕਲਾ ਮੁਕਾਮ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਸ ਵਿਸਾਖੀ ਵਾਲੇ ਦਿਨ ਇਕ ਐਸਾ ਇਨਕਲਾਬ ਵਾਪਰਿਆ ਸੀ, ਜਿਸ ਨੇ ਇਤਿਹਾਸ ਦੀ ਬਣਤਰ ਤੇ ਨੁਹਾਰ ਬਦਲ ਦਿੱਤੀ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ ਅਤੇ ਹਿੰਦੁਸਤਾਨੀ ਜਨਤਾ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ। ਇਤਿਹਾਸ ਦੱਸਦਾ ਹੈ ਕਿ ਇਸ ਵਿਸਾਖੀ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਦੇ ਇਕੱਠ ਸਾਹਮਣੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤਲਵਾਰ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਆਪਣੀ ਸੰਗਤ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਹ ਵਿਚਿੱਤਰ ਮੰਗ ਸੁਣ ਕੇ ਇਕ ਵਾਰ ਅਚੰਭਿਤ ਹੋ ਗਿਆ, ਸਨਸਨੀ ਛਾ ਗਈ। ਪਰ ਇਕ ਸਿੱਖ ਉਠਿਆ ਤੇ ਉਸ ਨੇ ਆਪਣਾ ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਖ਼ੂਨ ਨਾਲ ਭਿੱਜੀ ਕਿਰਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਿਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨਾਲ ਤੰਬੂ 'ਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖਿਤਾਬ ਦਿੱਤਾ। ਫਿਰ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ ਵੀ ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖ਼ਾਲਸਾ ਜਥੇਬੰਦੀ ਵਿਚ ਸ਼ਾਮਿਲ ਹੋ ਗਏ। ਸੱਯਦ ਮੁਹੰਮਦ ਲਤੀਫ਼ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ 80 ਹਜ਼ਾਰ ਤੋਂ ਵੱਧ ਲੋਕੀਂ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਨੂੰ ਹੋਰ ਬਾਰੀਕੀ ਨਾਲ ਘੋਖੀਏ ਤਾਂ ਇਹ ਤੱਥ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜੋ ਇਤਿਹਾਸਕ ਚਮਤਕਾਰ 1699 ਦੀ ਵਿਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜੀ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰਤਾ ਨਾਲ ਇਸ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਅਮਲੀ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ। ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ ਇਥੇ ਦੋ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲਾ, ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚਲ ਕੇ ਹਜ਼ਾਰਾਂ ਸਿੱਖਾਂ ਦਾ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਪਹੁੰਚਣਾ, ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਦੋ ਸਦੀਆਂ ਦੇ ਨਿਰੰਤਰ ਪ੍ਰਚਾਰ ਨਾਲ ਫੈਲੀ ਸੀ। ਦੂਜਾ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ 'ਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤੱਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਿਆ ਸੀ। ਸਪੱਸ਼ਟ ਹੈ ਕਿ ਜੋ ਚਮਤਕਾਰ ਵਿਹਾਰਕ ਰੂਪ ਵਿਚ 1699 ਦੀ ਵਿਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ।

ਇਥੇ ਇਹ ਹਕੀਕਤ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋਅ ਕੇ ਅਰਥਪੂਰਨ ਜੀਵਨ ਦੀ ਜਾਚ ਸਿਖਾਉਣਾ ਚਾਹੁੰਦੇ ਸਨ। ਸਾਰੇ ਸ਼ੋਸਿਤ ਸਮਾਜ ਨੂੰ ਰਾਜ-ਸੱਤਾ ਵਿਚ ਆਪਣੀ ਭਾਗੀਦਾਰੀ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਦੀ ਇਸ ਯੋਜਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ:

**ਇਨ ਚਿੜੀਅਨ ਤੇ ਬਾਜ ਤੁੜਾਵੋਂ।**<br>
**ਅਜਾ ਸੁਤਨ ਤੇ ਸ਼ੇਰ ਕੁਰਾਵੋਂ।**<br>
**ਸਿੱਖਨ ਕੋ ਭੁਗਤੈ ਹੋਂ ਰਾਜ।**<br>
**ਤਬੈ ਸਦੈਹੋਂ ਗਰੀਬ ਨਿਵਾਜ।**

ਇਕ ਗੱਲ ਹੋਰ। ਖ਼ਾਲਸਾ ਕੌਣ ਹੈ, ਕੀ ਪਰਿਭਾਸ਼ਾ ਹੈ ਖ਼ਾਲਸੇ ਦੀ? ਇਹ ਸਵਾਲ ਵੀ ਬਹੁਤ ਅਹਿਮ ਹੈ। ਸਾਡੀਆਂ ਇਤਿਹਾਸਕ ਤੇ ਰਵਾਇਤੀ ਲਿਖਤਾਂ ਵਿਚੋਂ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ। 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਇਸ ਸਵਾਲ ਦਾ ਜਵਾਬ ਦੇਣ ਦਾ ਯਤਨ ਬੜੇ ਢੁਕਵੇਂ ਅੰਦਾਜ਼ ਵਿਚ ਕੀਤਾ ਗਿਆ ਹੈ। ਲਿਖਤ ਦੀਆਂ ਸਤਰਾਂ ਇਸ ਤਰ੍ਹਾਂ ਹਨ:

**'ਸੋ ਕਉਨ ਖ਼ਾਲਸਾ ਹੈਨਿ?**<br>
**ਜਿਨ੍ਹੀ ਕਿਨ੍ਹੀਂ ਆਪਣਾ ਤਨ ਮਨ ਧਨੁ**<br>
**ਗੁਰੂ ਸ੍ਰੀ ਅਕਾਲ ਪੁਰਖ ਦੀ ਕਉ ਸਉਪਿਆ ਹੈ**<br>
**ਕਿਸੀ ਬਾਤ ਕਾ ਉਨ ਕਉ ਹਰਖ ਸੋਗ ਨਾਹੀ**<br>
**ਅਰ ਕਿਸੀ ਦੀ ਆਸਾ ਨਹੀਂ ਕਰਤੇ**<br>
**ਅਰ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ**<br>
**ਅਰ ਚਿਤਨਵੀ ਆਪਨੀ ਕਉ**<br>
**ਸ੍ਰੀ ਅਕਾਲ ਪੁਰਖ ਜੀ ਦੇ**<br>
**ਚਰਨਾਰਬਿੰਦ ਬਿਖੈ ਰਖਿਆ ਹੈ'**





ਕਵੀ ਸੈਨਾਪਤੀ ਰਚਿਤ 'ਸ੍ਰੀ ਗੁਰ ਸੋਭਾ' ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ:

**ਖ਼ਾਲਸਾ ਖਾਸ ਕਹਾਵੈ ਸੋਈ,**<br>
**ਜਾ ਕੈ ਹਿਰਦੈ ਭਰਮ ਨ ਹੋਈ।**<br>
**ਭਰਮ ਭੇਖ ਤੇ ਰਹੈ ਨਿਆਰਾ,**<br>
**ਸੋ ਖ਼ਾਲਸਾ ਸਤਿਗੁਰੂ ਹਮਾਰਾ।**

ਭਾਈ ਰਤਨ ਸਿੰਘ ਭੰਗੂ ਨੇ ਖ਼ਾਲਸਾ ਸ਼ਬਦ ਨੂੰ ਨਿਵੇਕਲੀ ਦ੍ਰਿਸ਼ਟੀ ਤੋਂ ਪ੍ਰਭਾਸ਼ਿਤ ਕੀਤਾ ਹੈ। ਉਸ ਅਨੁਸਾਰ ਖ਼ਾਲਸਾ ਪੂਰਨ ਪ੍ਰਭੂਸੱਤਾ ਦਾ ਮਾਲਕ ਹੈ, ਖੁਦਮੁਖਤਿਆਰ ਹੈ। ਕਿਸੇ ਦੀ ਈਨ ਮੰਨਣਾ ਉਸ ਦੇ ਸੁਭਾਅ ਵਿਚ ਸ਼ਾਮਿਲ ਨਹੀਂ। ਉਹ ਆਪ ਖ਼ੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖ਼ੁਦਾਈ ਗੁਣਾਂ ਦਾ ਧਾਰਨੀ ਹੈ:

**ਖ਼ਾਲਸੋ ਹੋਵੈ ਖੁਦ ਖੁਦਾ**<br>
**ਜਿਸ ਖ਼ੂਬੀ ਖ਼ੂਬ ਖੁਦਾਇ।**<br>
**ਆਨ ਨਾ ਮਾਨੈ ਆਨ ਕੀ**<br>
**ਇਕ ਸੱਚੇ ਬਿਨ ਪਾਤਿਸ਼ਾਹਿ।**

ਭਾਈ ਨੰਦ ਲਾਲ ਦੇ 'ਤਨਖਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫਹਿਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ-ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ:

**ਖ਼ਾਲਸਾ ਸੋਇ ਜੋ ਨਿੰਦਾ ਤਿਆਗੈ।**<br>
**ਖ਼ਾਲਸਾ ਸੋਇ ਲੜੈ ਹੋਇ ਆਗੈ।**<br>
**ਖ਼ਾਲਸਾ ਸੋਇ ਪੰਚ ਕੋ ਮਾਰੈ।**<br>
**ਖ਼ਾਲਸਾ ਸੋਇ ਭਰਮ ਕੋ ਸਾੜੈ।**

ਇਸ ਤਰ੍ਹਾਂ ਸਪੱਸ਼ਟ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ 1699 ਦੀ ਵਿਸਾਖੀ 'ਤੇ ਅਨੰਦਪੁਰ ਦੀ ਪਵਿੱਤਰ ਧਰਤੀ ਤੇ, ਸਿੱਖੀ ਦੇ ਬੁਨਿਆਦੀ ਅਸੂਲਾਂ ਅਤੇ ਸਿਧਾਂਤਾਂ ਉੱਪਰ ਵਿਸ਼ਵਾਸ ਰੱਖਣ ਵਾਲਾ, ਭਰਮ-ਭੇਖ ਤੋਂ ਨਿਆਰਾ ਰਹਿ ਕੇ ਆਪਣੇ ਚਿਤ ਨੂੰ ਹਮੇਸ਼ਾ ਅਕਾਲ ਪੁਰਖ ਦੇ ਚਰਨਾਂ ਵਿਚ ਟਿਕਾ ਕੇ ਵਿਲੱਖਣ ਜੀਵਨ ਜਿਊਣ ਵਾਲਾ, ਇਨਕਲਾਬੀ, ਮਰਜੀਵੜਾ, ਖ਼ੁਦਮੁਖਤਿਆਰ ਖ਼ਾਲਸਾ ਪੰਥ ਹੋਂਦ ਵਿਚ ਆਇਆ। ਖ਼ਾਲਸਾ ਪੰਥ ਦੀ ਸਿਰਜਣਾ ਦੇ ਨਿਵੇਕਲੇ ਇਤਿਹਾਸਕ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਲਿਖੀ ਇਹ ਇਬਾਰਤ ਵੀ ਪੜ੍ਹਨ ਵਾਲੀ ਹੈ। ਉਨ੍ਹਾਂ ਦਾ ਕਹਿਣਾ ਹੈ 'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'

ਲੇਖ ਦੇ ਆਖਿਰ ਵਿਚ, ਹਿੰਦੀ ਜਗਤ ਦੇ ਮਹਾਨ ਸਾਹਿਤਕਾਰ, ਹਜਾਰੀ ਪ੍ਰਸ਼ਾਦ ਦਿਵੇਦੀ ਦੀਆਂ ਵੱਡੇ ਮਹੱਤਵ ਵਾਲੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਦਭੁਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ। ਐਸੇ ਹੀ ਲੋਗਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਅਘਟਿਤ ਘਟਨਾ ਘੱਟ ਹੀ ਦੇਖੀ ਗਈ ਹੈ। ਕਾਲ ਦੇ ਰਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।' ਸੁਆਮੀ ਵਿਵੇਕਾਨੰਦ ਨੇ ਵੀ ਖ਼ਾਲਸਾ ਪੰਥ ਦੀ ਸਿਰਜਣਾ ਦੇ ਮਹੱਤਵ ਨੂੰ ਕਲਮ ਬੰਦ ਕਰਦਿਆਂ ਇਸ ਸਚਾਈ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ-'ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਦੀਕਸ਼ਾ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਛਤ ਮਨੁੱਖ ਵਿਚ ਸਵਾ ਲੱਖ ਮਨੁੱਖਾਂ ਦੀ ਸ਼ਕਤੀ ਸੰਚਰਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ, ਇਸ ਵਰਗਾ ਕੋਈ ਹੋਰ ਦ੍ਰਿਸ਼ਟਾਂਤ ਵਿਰਲਾ ਹੀ ਮਿਲੇਗਾ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ।'

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ 13 ਅਪ੍ਰੈਲ 1699
ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ।





ਵਿਸਾਖੀ ਦੇ ਸ਼ੁਭ ਦਿਹਾੜੇ ਦੀਆਂ

ਲੱਖ-ਲੱਖ ਵਧਾਈ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਹੋਤਾ ਹੈ ਚਮ ਮੇਂ ਦੀਦਾਵਰ ਪੈਦਾ

# ਅੰਮ੍ਰਿਤਪਾਲ ਸਿੰਘ ਦੀ ਅਸਲੀਅਤ ਕੀ ਹੈ





ਕੁਲਵੰਤ ਸਿੰਘ 'ਢੇਸੀ'

ਜਦੋਂ ਪੰਜਾਬ ਅਤੇ ਪ੍ਰਦੇਸਾਂ ਵਿਚ ਅੰਮ੍ਰਿਤਪਾਲ ਸਿੰਘ ਦੇ ਨਾਮ ਦੀ ਝੜ੍ਹਾਈ ਹੋ ਰਹੀ ਸੀ ਤਾਂ ਉਸ ਵੇਲੇ ਮੈਂ ਇੱਕ ਲੇਖ ਲਿਖ ਕੇ ਦੱਸਿਆ ਸੀ ਕਿ ਸਿੱਖ ਆਗੂਆਂ ਦੀ ਕਮਜੋਰੀ ਹੈ ਕਿ ਉਹਨਾ ਦੇ ਅੰਧਾਧੁੰਦ ਜਜ਼ਬਾਤ ਹੀ ਉਹਨਾ ਦੇ ਖਿਲਾਫ ਕੰਮ ਕਰਦੇ ਹਨ ਜਿਸ ਤੋਂ ਅੰਮ੍ਰਿਤਪਾਲ ਸਿੰਘ ਨੂੰ ਚੇਤੰਨ ਹੋਣ ਦੀ ਲੋੜ ਹੈ। ਸਿੱਖ ਆਗੂਆਂ ਦੀ ਇਹ ਕਮਜ਼ੋਰੀ ਸਿੱਖ ਵਿਰੋਧੀ ਭਾਰਤੀ ਸਰਕਾਰਾਂ ਦੇ ਬਹੁਤ ਕੰਮ ਆਉਂਦੀ ਰਹੀ ਹੈ ਕਿ ਉਹ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਐਲਾਨ ਕੇ ਭਾਰਤ ਵਿਚ ਬਹੁਗਿਣਤੀ ਦੀ ਵੋਟ ਬਟੋਰਨ ਵਿਚ ਕਾਮਯਾਬ ਹੋ ਜਾਂਦੇ ਹਨ। ਜਿਸ ਵੇਲੇ ਅੰਮ੍ਰਿਤਪਾਲ ਸਿੰਘ ਦੇ ਗਰਮ ਪ੍ਰੋਗਰਾਮ ਮੁਤਾਬਕ ਗੁਰਦੁਆਰਿਆਂ ਵਿਚੋਂ ਕੁਰਸੀਆਂ ਕੱਢ ਕੇ ਸਾੜੀਆਂ ਜਾ ਰਹੀਆਂ ਸਨ ਤਾਂ ਉਸੇ ਵੇਲੇ ਅੰਦਾਜ਼ੇ ਲੱਗਣੇ ਸ਼ੁਰੂ ਹੋ ਗਏ ਸਨ ਕਿ ਇਸ ਆਗੂ ਦੀ ਅਗਵਾਈ ਦਾ ਊਠ ਕਿਸ ਕਰਵਟ ਬਹਿਣ ਵਾਲਾ ਹੈ। 23 ਫਰਵਰੀ 2023 ਨੂੰ ਅਜਨਾਲੇ ਵਿਚ ਪੁਲਿਸ ਥਾਣੇ ਦੇ ਘਿਰਾਓ ਦੌਰਾਨ ਜਦੋਂ ਕੁਝ ਪੁਲਿਸ ਵਾਲੇ ਫੱਟੜ ਹੋ ਗਏ ਤਾਂ ਸਰਕਾਰ ਨੂੰ ਮੌਕਾ ਮਿਲ ਗਿਆ ਕਿ ਉਹ ਇਸ ਆਗੂ ਪ੍ਰਤੀ ਦਹਿਸ਼ਤ ਪੈਦਾ ਕਰਕੇ ਇੱਕ ਵੇਰ ਫੇਰ ਪੰਜਾਬ ਨੂੰ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਤਰਸ 'ਤੇ ਛੱਡ ਦੇਵੇ। ਅੱਜ ਸਾਰੇ ਸੰਸਾਰ ਵਿਚ ਸਿੱਖਾਂ ਵਿਚ ਇਸ ਗੱਲ 'ਤੇ ਬਹੁਤ ਰੋਸ ਹੈ ਕਿ ਪੁਲਿਸ ਅਨੇਕਾਂ ਸਿੱਖ ਨੌਜਵਾਨਾ ਨੂੰ ਚੁੱਕ ਕੇ ਉਹਨਾ 'ਤੇ ਨੈਸ਼ਨਲ ਸਕਿਓਰਿਟੀ ਐਕਟ ਤਹਿਤ ਕੇਸ ਪਾ ਰਹੀ ਹੈ। ਅਨੇਕਾਂ ਨੌਜਵਾਨਾ ਨੂੰ ਅਸਮ ਦੀ ਡਿਬਰੂਗੜ੍ਹ ਜਿਹਲ ਵਿਚ ਭੇਜ ਦਿਤਾ ਗਿਆ ਹੈ ਜਿਹਨਾ ਦੇ ਕੇਸ ਲੜਨ ਲਈ ਸ਼੍ਰੋਮਣੀ ਕਮੇਟੀ ਹਰਕਤ ਵਿਚ ਆਈ ਹੈ।

**ਅਫਵਾਹਾਂ ਦਾ ਬਜ਼ਾਰ ਗਰਮ ਹੈ**

ਕਿਸਾਨ ਮੋਰਚਾ ਫਤਹਿ ਹੋਣ ਮਗਰੋਂ ਭਾਜਪਾ ਦਾ ਤਾਂ ਜਿਵੇਂ ਥੱਲਾ ਹੀ ਲੱਗ ਗਿਆ ਸੀ ਅਤੇ ਸਿੱਖਾਂ ਦਾ ਮਨੋਬਲ ਬਹੁਤ ਬੁਲੰਦ ਹੋ ਗਿਆ ਸੀ। ਉਸ ਵੇਲੇ ਇਹ ਗੱਲ ਸਾਰੇ ਭਾਰਤ ਵਿਚ ਧੁੰਮ ਗਈ ਸੀ ਕਿ ਕਿਸਾਨ ਮੋਰਚੇ ਦੀ ਕਾਮਯਾਬੀ ਮਗਰ ਸਿੱਖਾਂ ਦੀ ਅਗਵਾਈ ਅਤੇ ਯੋਗਦਾਨ ਸੀ। ਉਸੇ ਵੇਲੇ ਇਹ ਅੰਦਾਜ਼ੇ ਵੀ ਲੱਗਣ ਲੱਗ ਪਏ ਸਨ ਕਿ ਭਾਜਪਾ ਆਪਣੀ ਹੋਈ ਬੇਇਜ਼ਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਬਦਲਾ ਲਵੇਗੀ। ਦੇਖਦਿਆਂ ਹੀ ਦੇਖਦਿਆਂ 'ਪੰਜਾਬ ਦੇ ਵਾਰਿਸ' ਜਥੇਬੰਦੀ ਦੇ ਆਗੂ ਭਾਈ ਅਮ੍ਰਿਤਪਾਲ ਸਿੰਘ ਦੀ ਹਰਮਨ ਪਿਆਰਤਾ ਏਨੀ ਵੱਧ ਗਈ ਕਿ ਇੰਞ ਜਾਪਣ ਲੱਗ ਪਿਆ ਜਿਵੇਂ ਕਿ ਸਿੱਖਾਂ ਨੂੰ ਉਹ ਆਗੂ ਮਿਲ ਗਿਆ ਹੋਵੇ ਜਿਸ ਦੀ ਕਿ ਕੌਮ ਨੂੰ ਚਿਰਾਂ ਤੋਂ ਉਡੀਕ ਸੀ ਪਰ ਅਫਸੋਸ ਕਿ ਅੰਮ੍ਰਿਤਪਾਲ ਦੇ ਆਲੇ ਦੁਆਲੇ ਦੇ ਅੰਸਰਾਂ ਜਾਂ ਉਸ ਦੀ ਆਪਣੀ ਕਾਹਲ ਨੇ ਸਰਕਾਰ ਨੂੰ ਉਹ ਬਹਾਨਾ ਦੇ ਦਿੱਤਾ ਜਿਸ ਦੇ ਬਹਾਨੇ ਭਾਰਤੀ ਸਰਕਾਰ ਸਿੱਖਾਂ ਨੂੰ ਮੁੜ ਲੀਡਰਲੈੱਸ ਕਰਨ ਵਿਚ ਕਾਮਯਾਬ ਹੋ ਗਈ।

ਜਿਸ ਦਿਨ ਸ਼ਾਹਕੋਟ ਦੇ ਹਲਕਾ ਮਹਿਤਪੁਰ ਵਿਚ ਅੰਮ੍ਰਿਤਪਾਲ ਦੇ ਗਾਇਬ ਹੋਣ ਦੀਆਂ ਖਬਰਾਂ ਸਨ ਉਸ ਦਿਨ ਮੈਂ ਵੀ ਉਸੇ ਸ਼ਹਿਰ ਵਿਚ ਸਾਂ। ਸ਼ਾਮ ਨੂੰ ਮਹਿਤਪੁਰ ਬੈਂਕ ਵਿਚ ਕੰਮ ਕਰਦੇ ਇੱਕ ਮਿੱਤਰ ਨਾਲ ਗਲ ਕਰਨ ਦਾ ਮੌਕਾ ਮਿਲਿਆ ਜਿਸ ਨੇ ਸਾਰੀ ਕਾਰਵਾਈ ਦਾ ਆਦਿ ਤੋਂ ਅੰਤ ਦੱਸਿਆ। ਇਹ ਸਿੰਘ ਖਾੜਕੂ ਦੌਰ ਵਿਚ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਇਆ ਸੀ ਤੇ ਪੰਥ ਨੂੰ ਪੂਰੀ ਤਰਾਂ ਸਮਰਪਿਤ ਸੀ ਪਰ ਉਸ ਵੇਲੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦੋਂ ਉਸ ਨੇ ਇੱਕ ਚਸ਼ਮਦੀਦ ਮਿੱਤਰ ਦੇ ਹਵਾਲੇ ਨਾਲ ਦੱਸਿਆ ਕਿ ਉਸ ਨੇ ਐਸ ਐਸ ਪੀ ਨੂੰ ਅਫਸਰਾਂ ਨਾਲ ਇਹ ਗੱਲ ਕਰਦਿਆਂ ਸੁਣਿਆ ਕਿ ਅੰਮ੍ਰਿਤਪਾਲ ਸਿੰਘ ਨੂੰ ਕਿਸੇ ਵੀ ਹਾਲਤ ਵਿਚ ਗ੍ਰਿਫਤਾਰ ਨਹੀਂ ਕਰਨਾ। ਇਸ ਤਰਾਂ ਦੀਆਂ ਗੱਲਾਂ ਅਨੇਕਾਂ ਲੋਕ ਕਰਦੇ ਸੁਣੇ ਜਾਂਦੇ ਹਨ। ਕਈ ਤਾਂ ਅੰਮ੍ਰਿਤਪਾਲ ਸਿੰਘ ਦੇ ਕਿਰਦਾਰ 'ਤੇ ਇਸੇ ਕਰਕੇ ਉਂਗਲ ਕਰੀ ਜਾਂਦੇ ਹਨ ਕਿ ਅੱਸੀ ਹਜ਼ਾਰ ਦੀ ਸੀ ਆਰ ਪੀ ਅਤੇ ਲੱਖਾਂ ਪੁਲਸੀਆਂ ਦੇ ਮਗਰ ਪੈਣ ਮਗਰੋਂ ਆਖਿਰ ਅੰਮ੍ਰਿਤਪਾਲ ਸਿੰਘ ਕਿਵੇਂ ਬਚ ਗਿਆ। ਅਨੇਕਾਂ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਹੈ ਕਿ ਉਹ ਗ੍ਰਿਫਤਾਰ ਤਾਂ ਹੋ ਚੁੱਕਾ ਹੈ ਪਰ ਪੁਲਿਸ ਅਜੇ ਦੱਸਦੀ ਨਹੀਂ ਹੈ। ਸੋਸ਼ਲ ਮੀਡੀਏ 'ਤੇ ਇੱਕ ਬਿਆਨ ਕਿਸੇ ਗੁਪਤ ਪੁਲਸੀਏ ਕਹੇ ਜਾਂਦੇ ਵਿਅਕਤੀ ਦਾ ਪੜ੍ਹਨ ਨੂੰ ਵੀ ਮਿਲਿਆ ਜੋ ਕਹਿ ਰਿਹਾ ਸੀ ਕਿ ਉਸ ਨੇ ਅਮ੍ਰਿਤਪਾਲ ਸਿੰਘ ਨੂੰ ਖੁਦ ਗ੍ਰਿਫਤਾਰ ਹੁੰਦੇ ਦੇਖਿਆ ਸੀ ਅਤੇ ਉਸ ਦਾ ਦਾਅਵਾ ਸੀ ਕਿ ਜੇ ਪੁਲਿਸ ਨੇ ਇਸ ਗੱਲ ਦਾ ਇਕਬਾਲ ਨਾ ਕੀਤਾ ਤਾਂ ਉਹ ਆਪਣਾ ਨਾਮ ਜਨਤਕ ਕਰ ਦੇਵੇਗਾ ਭਾਵੇਂ ਕਿ ਇੰਞ ਕਰਦਿਆਂ ਉਸ ਨੂੰ ਨੌਕਰੀ ਤੋਂ ਹੀ ਕਿਓਂ ਨਾ ਹੱਥ ਧੋਣੇ ਪੈ ਜਾਣ।

ਜਿਹਨੀ ਦਿਨੀ ਦੀਪ ਸਿੱਧੂ ਦਾ ਭਰਾ ਮਨਦੀਪ ਸਿੰਘ ਸਿੱਧੂ ਯੂ ਕੇ ਆਇਆ ਸੀ ਤਾਂ ਇਕ ਸਥਾਨਕ ਆਗੂ ਦੇ ਕਹਿਣ 'ਤੇ ਮੈਨੂੰ ਉਸ ਨਾਲ ਭੇਂਟ ਕਰਨ ਦਾ ਮੌਕਾ ਮਿਲਿਆ ਸੀ। ਉਸ ਵੇਲੇ ਉਸ ਦੇ ਮੂੰਹੋਂ ਮੈਂ ਕਿਸੇ ਅਮ੍ਰਿਤਪਾਲ ਨਾਮ ਦੇ ਵਿਅਕਤੀ ਦਾ ਨਾਮ ਨਹੀਂ ਸੀ ਸੁਣਿਆ ਅਤੇ ਮਗਰੋਂ ਜਦੋਂ ਅਮ੍ਰਿਤਪਾਲ ਹਰ ਦਿਲ 'ਤੇ ਛਾ ਗਿਆ ਤਾਂ ਮੇਰੇ ਮਨ ਵਿਚ ਵੀ ਇਹ ਸਵਾਲ ਉਠਿਆ ਸੀ ਕਿ ਆਖ਼ਿਰ ਰਾਤੋ ਰਾਤ ਇਹ ਵਿਅਕਤੀ ਕਿਥੋਂ ਪ੍ਰਗਟ ਹੋ ਗਿਆ ਅਤੇ ਫਿਰ ਦਿਨਾ ਵਿਚ ਹੀ ਆਖਿਰ ਇਹ ਕਿਵੇਂ ਛਾ ਗਿਆ। ਇਹ ਸਾਰਾ ਕੁਝ ਕਹਿਣ ਤੋਂ ਮਤਲਬ ਕੇਵਲ ਏਨਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਸਿੱਖ ਲੀਡਰਸ਼ਿਪ ਦੇ ਤਿਲਕਦੇ ਜਾਣ ਕਰਕੇ ਹੁਣ ਸਾਡਾ ਸੁਭਾਅ ਹੀ ਐਸਾ ਹੋ ਗਿਆ ਹੈ ਕਿ ਅਸੀਂ ਛੇਤੀ ਕੀਤੇ ਕਿਸੇ ਤੇ ਯਕੀਨ ਨਹੀਂ ਕਰਦੇ। ਅੱਜ ਵੀ ਅਫਵਾਹਾਂ ਦਾ ਬਜ਼ਾਰ ਗਰਮ ਹੈ ਅਤੇ ਇਸ ਗੱਲ ਦਾ ਨਿਤਾਰਾ ਕਰਨਾ ਔਖਾ ਹੋ ਰਿਹਾ ਹੈ ਕਿ ਸੱਚ ਕੀ ਹੈ ਅਤੇ ਝੂਠ ਕੀ ਹੈ ਜਾਂ ਸਹੀ ਕੀ ਹੈ ਅਤੇ ਗਲਤ ਕੀ ਹੈ।

**ਆਖਿਰ ਅੰਮ੍ਰਿਤਪਾਲ ਹੈ ਕਿੱਥੇ ?**

18 ਮਾਰਚ 2023 ਨੂੰ ਜਦੋਂ ਤੋਂ ਪੁਲਿਸ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਹਰਕਤ ਵਿਚ ਆਈ ਉਦੋਂ ਤੋਂ ਅੱਜ ਤਕ ਪੁਲਿਸ ਲਗਾਤਾਰ ਇਹ ਹੀ ਕਹਿੰਦੀ ਆਈ ਹੈ ਕਿ ਉਹ ਉਸ ਨੂੰ ਗ੍ਰਿਫਤਾਰ ਕਰਨ ਦੇ ਬਹੁਤ ਨੇੜੇ ਹੈ। ਡੀ ਆਈ ਜੀ ਵਿਪਨ ਸ਼ਰਮਾ ਦੇ ਬਿਆਨ ਮੁਤਾਬਕ ਇਹ ਚੋਰ ਸਿਪਾਹੀ ਦੀ ਖੇਡ ਲਗਾਤਾਰ ਜਾਰੀ ਹੈ। ਅੰਮ੍ਰਿਤਪਾਲ ਸਿੰਘ ਦੇ ਆਪਣੇ ਬਿਆਨਾ ਮੁਤਾਬਕ ਉਹ ਅਕਾਲਪੁਰਖ ਦੀ ਕਿਰਪਾ ਨਾਲ ਪੁਲਿਸ ਘੇਰੇ ਵਿਚੋਂ ਨਿਕਲਦਾ ਰਿਹਾ ਹੈ। ਉਸ ਦੇ ਇਸ ਬਿਆਨ 'ਤੇ ਬਹੁ ਚਾਰਚਿਤ ਭਾਈ ਰਣਜੀਤ ਸਿੰਘ ਢਡਰੀਆਂ ਵਾਲੇ ਨੇ ਬਿਆਨ ਦਿੱਤਾ ਸੀ ਕਿ ਕੋਈ ਅੰਮ੍ਰਿਤਪਾਲ ਤੋਂ ਪੁੱਛੇ ਕਿ ਜਿਹੜੇ ਉਸ ਦੇ ਸਾਥੀ ਗ੍ਰਿਫਤਾਰ ਹੋਏ ਹਨ ਜਾਂ ਹੋ ਰਹੇ ਹਨ ਕੀ ਉਹਨਾ 'ਤੇ ਅਕਾਲ ਪੁਰਖ ਦੀ ਕਿਰਪਾ ਨਹੀਂ ਹੈ? ਢੱਡਰੀਆਂ ਵਾਲੇ ਦੇ ਇਸ ਬਿਆਨ ਮਗਰੋਂ ਕਿਸੇ ਨੇ ਉਸ ਦੀ ਛਬੀਲ ਵਾਲੀ ਵੀਡੀਓ ਪਾਈ ਜਿਸ ਵਿਚ ਉਸ ਨੇ ਬਿਆਨ ਦਿੱਤੇ ਸਨ ਕਿ ਏਨੇ ਮਾਰੂ ਹਮਲੇ ਵਿਚ ਉਹ ਤਾਂ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਬਚ ਨਿਕਲਿਆ ਸੀ ਜਦ ਕਿ ਉਸ ਦਾ ਸਾਥੀ ਭੁਪਿੰਦਰ ਸਿੰਘ ਮਾਰਿਆ ਗਿਆ ਸੀ।

18 ਮਾਰਚ ਨੂੰ ਪੁਲਿਸ ਨੇ ਸ਼ਾਹਕੋਟ ਇਲਾਕੇ ਵਿਚ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਭਾਰੀ ਨਾਕੇਬੰਦੀ ਕੀਤੀ ਹੋਈ ਸੀ। ਉਸ ਵੇਲੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਪ੍ਰੋਗ੍ਰਾਮ ਮੁਕਤਸਰ ਸਾਹਿਬ ਤੋਂ ਖਾਲਸਾ ਵਹੀਰ ਅਰੰਭ ਕਰਨਾ ਸੀ ਅਤੇ ਉਹ ਅੰਮ੍ਰਿਤਪਾਲ ਸਿੰਘ ਦੇ ਪਿੰਡ ਜੱਲੂਪੁਰ ਖੇੜਾ ਤੋਂ ਕਾਫਲੇ ਦੀ ਸ਼ਕਲ ਵਿਚ ਜਾ ਰਹੇ ਸਨ। ਜਿਸ ਵੇਲੇ ਪੁਲਿਸ ਤੇ ਸੀ ਆਰ ਪੀ ਐਫ ਨੇ ਸਾਰੇ ਪੰਜਾਬ ਵਿਚ ਨਾਕੇ ਲਾ ਦਿੱਤੇ ਤਾਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦੇ ਇਹ ਬਿਆਨ ਵਾਰ ਵਾਰ ਆ ਰਿਹਾ ਸੀ ਕਿ ਜਦੋਂ ਪੁਲਿਸ ਨੂੰ ਪਤਾ ਸੀ ਕਿ ਅੰਮ੍ਰਿਤਪਾਲ ਆਪਣੇ ਘਰ ਹੈ ਤਾਂ ਪੁਲਿਸ ਨੇ ਉਥੋਂ ਗ੍ਰਿਫਤਾਰ ਕਿਓਂ ਨਾ ਕਰ ਲਿਆ। ਸ: ਤਰਸੇਮ ਸਿੰਘ ਨੇ ਆਪਣੇ ਪੁੱਤਰ ਦੀ ਜਾਨ ਖਤਰੇ ਵਿਚ ਹੋਣ ਬਾਰੇ ਵੀ ਕਿਹਾ ਸੀ। ਸਾਰੀ ਦੁਨੀਆਂ ਦੇ ਸਿੱਖਾਂ ਦਾ ਇਹ ਹੀ ਖਿਆਲ ਸੀ ਕਿ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਹੋ ਚੁੱਕੀ ਹੈ ਅਤੇ ਉਹ ਪੁਲਿਸ ਹਿਰਾਸਤ ਵਿਚ ਹੈ ਪਰ ਜਦੋਂ ਉਸ ਨੇ ਕਿਸੇ ਅਣਦੱਸੀ ਥਾਂ ਤੋਂ ਆਪਣੇ ਫਰਾਰ ਹੋਣ ਦੀ ਵੀਡੀਓ ਪਾਈ ਤਾਂ ਵੀ ਲੋਕਾਂ ਦਾ ਇਹੀ ਵਿਚਾਰ ਰਿਹਾ ਕਿ ਉਹ ਪੁਲਿਸ ਹਿਰਾਸਤ ਵਿਚ ਪੁਲਿਸ ਦੀ ਦਹਿਸ਼ਤ ਹੇਠ ਹੀ ਇਸ ਤਰਾਂ ਦੀ ਵੀਡੀਓ ਪਾ ਰਿਹਾ ਹੈ। ਇਹੀ ਕਾਰਨ ਸੀ ਕਿ ਦੁਬਾਰ ਫਿਰ ਵੀਡੀਓ ਪਾ ਕੇ ਉਸ ਨੇ ਆਪਣੇ ਅਜ਼ਾਦ ਅਤੇ ਚੜ੍ਹਦੀ ਕਲਾ ਵਿਚ ਹੋਣ ਦਾ ਸੁਨੇਹਾ ਦਿੱਤਾ ਸੀ।

ਫਿਰ ਇੱਕ ਹੋਰ ਅਫਵਾਹ ਆਈ ਕਿ ਅਮ੍ਰਿਤਪਾਲ ਸਿੰਘ ਨਿਪਾਲ ਵਿਚ ਹੈ ਅਤੇ ਉਹ ਬਿਦੇਸ਼ ਭੱਜਣ ਦੀ ਕੋਸ਼ਿਸ਼ ਵਿਚ ਹੈ। ਇਹਨਾ ਅਫਵਾਹਾਂ ਦੇ ਅੰਤਰਗਤ ਪੁਲਿਸ ਨੇ ਲੁਕ ਆਊਟ ਸਰਕੂਲਰ ਜਾਰੀ ਕਰਵਾ ਕੇ ਅੰਮ ?ਰਤਪਾਲ ਸਿੰਘ ਦੇ ਬਿਦੇਸ਼ ਭੱਜਣ ਦੇ ਰਾਹ ਬੰਦ ਕਰ ਦਿੱਤੇ। ਅੰਮ ?ਰਤਪਾਲ ਸਿੰਘ ਦੇ ਰੂਪੋਸ਼ ਹੋਣ ਪਿੱਛੋਂ ਮੀਡੀਏ ਵਿਚ ਇਸ ਗੱਲ ਦੀ ਚਰਚਾ ਹੁੰਦੀ ਰਹੀ ਕਿ ਪੁਲਿਸ ਨੇ ਉਸ ਨੂੰ ਫਰਾਰ ਕਿਵੇਂ ਕਰਾਰ ਦੇ ਦਿੱਤਾ ਜਦ ਕਿ ਉਸ ਦੀ ਤਾਂ ਕੋਈ ਗ੍ਰਿਫਤਾਰੀ ਹੋਈ ਹੀ ਨਹੀਂ ਸੀ। ਇਸ ਕੇਸ ਦੀ ਸਭ ਤੋਂ ਅਜੀਬ ਗੱਲ ਇਹ ਸੀ ਕਿ ਪੁਲਿਸ ਨੇ ਸਿੰਘ ਦੀ ਗ੍ਰਿਫਤਾਰੀ ਨੂੰ ਲੈ ਜੋ ਰੌਲਾ ਰੱਪਾ ਨੋਟਿਸ (Hue and Cry Notice) ਜਾਰੀ ਕਰਵਾਇਆ ਸੀ ਉਸ ਬਾਰੇ ਆਮ ਜਨਤਾ ਵਿਚ ਪਹਿਲੀ ਵਾਰ ਸੁਣਨ ਵਿਚ ਆਇਆ ਸੀ। ਇਸ ਨੋਟਿਸ ਮੁਤਾਬਕ ਪੁਲਿਸ ਨੇ ਆਮ ਲੋਕਾਂ ਤੋਂ ਕਿਸੇ ਬਾਗੀ ਦੀ ਗ੍ਰਿਫਤਾਰੀ ਲਈ ਸਹਿਯੋਗ ਮੰਗਣਾ ਹੁੰਦਾ ਹੈ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਪੁਲਿਸ ਨੇ ਉਸ ਦੇ ਅਨੇਕਾਂ ਛੱਕੀ ਟਿਕਾਣਿਆਂ ਦੀ ਭਾਲ ਤਹਿਤ ਅਨੇਕਾਂ ਗੁਰਦੁਆਰਿਆਂ, ਡੇਰਿਆਂ ਅਤੇ ਘਰਾਂ ਦੀ ਤਲਾਸ਼ੀ ਲਈ ਹੈ ਪਰ ਅਜੇ ਤਕ ਉਹਨਾ ਦੇ ਹੱਥ ਕੁਝ ਨਹੀਂ ਲੱਗਾ। ਇਸ ਭਾਲ ਵਿਚ ਪੁਲਿਸ ਕਦੀ ਯੂ ਪੀ ਦੇ ਪੀਲੀਭੀਤ ਦੇ ਕਿਸੇ ਸੁਰਾਗ ਵਲ ਦੌੜਦੀ ਹੈ ਅਤੇ ਕਦੀ ਹਿਮਾਚਲ ਵਲ, ਕਦੀ ਹਰਿਆਣੇ ਵਲ ਅਤੇ ਕਦੀ ਉੱਤਰਾਖੰਡ ਵਲ ਦੌੜ ਭੱਜ ਕਰ ਰਹੀ ਹੈ ਪਰ ਅਜੇ ਤਕ ਉਸ ਦੇ ਹੱਥ ਕੁਝ ਨਹੀਂ ਲੱਗਾ।

**ਅੰਮ੍ਰਿਤਪਾਲ ਸਿੰਘ ਵਲੋਂ ਸਰਬਤ ਖਾਲਸਾ ਦੀ ਮੰਗ ਨੂੰ ਸਮਰਥਨ ਨਾ ਮਿਲਿਆ**

ਅੰਮ੍ਰਿਤਪਾਲ ਸਿੰਘ ਵਲੋਂ ਜਥੇਦਾਰ ਸ੍ਰੀ ਅਕਾਲ ਤਖਤ ਨੂੰ ਕਿਹਾ ਗਿਆ ਸੀ ਕਿ ਉਹ ਵਿਆਪਕ ਮਸਲਿਆਂ 'ਤੇ ਅਕਾਲ ਤਖਤ ਵਿਖੇ ਸਰਬਤ ਖਾਲਸਾ ਸੱਦਣ ਪਰ ਇਸ ਨੂੰ ਪੰਥਕ ਜਥੇਬੰਦੀਆਂ ਵਲੋਂ ਸਹਿਯੋਗ ਨਾ ਮਿਲਿਆ। ਅਨੇਕਾਂ ਲੋਕਾਂ ਦਾ ਇਹ ਕਹਿਣਾ ਸੀ ਕਿ ਕਿਸੇ ਇੱਕ ਵਿਅਕਤੀ ਦੇ ਕਹਿਣ 'ਤੇ ਸਰਬਤ ਖਾਲਸਾ ਨਹੀਂ ਸੱਦਿਆ ਜਾ ਸਕਦਾ। ਅਨੇਕਾਂ ਲੋਕਾਂ ਦਾ ਇਹ ਵੀ ਖਿਆਲ ਸੀ ਕਿ ਇਸ ਸਦੀ ਵਿਚ ਸੰਨ 1986 ਅਤੇ ਸੰਨ 2015 ਦੌਰਾਨ ਸੱਦੇ ਗਏ ਸਰਬਤ ਖਾਲਸਾ ਇਕੱਠਾਂ ਦੇ ਸਿੱਟਿਆਂ 'ਤੇ ਨਜ਼ਰਸਾਨੀ ਕਰਨੀ ਜਰੂਰੀ ਹੈ ਜਦ ਕਿ ਕੁਝ ਲੋਕ ਇਹ ਵੀ ਕਹਿ ਰਹੇ ਸਨ ਕਿ ਪੰਥ ਦੁਬਿਧਾ ਵਿਚ ਹੈ ਕਿ ਉਹ ਬਾਦਲਕਿਆਂ ਦੇ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਾਨਤਾ ਦੇਵੇ ਜਾਂ ਫਿਰ ਭਾਈ ਜਗਤਾਰ ਸਿੰਘ ਹਵਾਰਾ ਦੀ ਜਥੇਦਾਰੀ ਨੂੰ। ਇਹ ਵੀ ਚੇਤੇ ਰਹੇ ਕਿ 26 ਜਨਵਰੀ 1986 ਨੂੰ ਸੱਦੇ ਗਏ ਸਰਬਤ ਖਾਲਸਾ ਵਲੋਂ ਜਿਸ ਪੰਥਕ ਕਮੇਟੀ ਦਾ ਐਲਾਨ ਕੀਤਾ ਸੀ ਉਸ ਕਮੇਟੀ ਨੇ 29 ਅਪ੍ਰੈਲ 1986 ਨੂੰ ਖਾਲਿਸਤਾਨ ਐਲਾਨਨਾਮਾ ਜਾਰੀ ਕੀਤਾ ਸੀ ਜਿਸ ਮੁਤਾਬਕ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਵਿੱਢਿਆ ਜਾਣਾ ਸੀ। ਅੰਮ੍ਰਿਤਪਾਲ ਸਿੰਘ ਵੀ ਖਾਲਿਸਤਾਨ ਦਾ ਖੁਲ੍ਹ ਕੇ ਹਿਮਾਇਤੀ ਸੀ ਅਤੇ ਇਸੇ ਕਾਰਨ ਕਰਕੇ ਸਰਕਾਰ ਉਸ ਨੂੰ ਵਲਣ ਵਿਚ ਮੌਕੇ ਦੀ ਤਾਕ ਵਿਚ ਸੀ।

ਚੇਤੇ ਰਹੇ ਕਿ ਸੰਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਕੁਝ ਬਾਗੀ ਧਿਰਾਂ ਵਲੋਂ ਅਮ੍ਰਿਸਰ ਦੇ ਪਿੰਡ ਚੱਬੇਵਾਲ ਵਿਚ ਇੱਕ ਸਰਬਤ ਖਾਲਸਾ ਸੱਦਿਆ ਸੀ ਜਿਸ ਵਿਚ ਭਾਰੀ ਜਨਤਕ ਇਕੱਠ ਹੋਇਆ ਅਤੇ ਉਸ ਇਕੱਠ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਜਦੋਂ ਭਾਈ ਜਗਤਾਰ ਸਿੰਘ ਹਵਾਰਾ ਦੇ ਨਾਮ ਦਾ ਐਲਾਨ ਹੋਇਆ ਸੀ ਤਾਂ ਪੰਥ ਵਿਚ ਜੋਸ਼ ਠਾਠਾਂ ਮਾਰਨ ਲੱਗ ਪਿਆ ਸੀ ਪਰ ਇਸ ਇਕੱਠ ਮਗਰੋਂ ਇਸਦੇ ਆਗੂਆਂ ਵਲੋਂ ਕੋਈ ਠੋਸ ਭੂਮਿਕਾ ਨਾ ਨਿਭਾਈ ਜਾਣ ਕਰਕੇ ਇਸ ਨੂੰ ਬਾਦਲਕਿਆਂ ਦੇ ਜਥੇਦਾਰ ਦੇ ਬਦਲ ਵਜੋਂ ਮਾਨਤਾ ਨਾ ਮਿਲ ਸਕੀ।

**ਯੋਗ ਆਗੂ ਦੀ ਉਡੀਕ**

ਸਿੱਖ ਪੰਥ ਨੂੰ ਮੁੜ ਇੱਕ ਯੋਗ ਆਗੂ ਦੀ ਉਡੀਕ ਹੈ ਜੋ ਕਿ ਭਾਈ ਅੰਮ੍ਰਿਤਪਾਲ ਸਿੰਘ ਵਾਂਗ ਲੋਕਾਂ ਦੇ ਦਿਲਾਂ 'ਤੇ ਛਾ ਜਾਵੇ ਅਤੇ ਆਪਣੀ ਯੋਗ ਅਗਵਾਈ ਦੇ ਕੇ ਪੰਥਕ ਹਿੱਤਾਂ ਦੀ ਤਰਜਮਾਨੀ ਕਰੇ। ਪਰ ਪਹਿਲੀਆਂ ਭਾਰਤੀ ਸਰਕਾਰਾਂ ਵਾਂਗ ਹੀ ਭਾਜਪਾ ਦੀ ਇਹ ਪੁਰਜ਼ੋਰ ਕੋਸ਼ਿਸ਼ ਹੈ ਕਿ ਕਿਸੇ ਵੀ ਕੀਮਤ 'ਤੇ ਕੌਮ ਦੀ ਅਗਵਾਈ ਕਿਸੇ ਵੀ ਯੋਗ ਆਗੂ ਨੂੰ ਨਹੀਂ ਕਰਨ ਦੇਣੀ ਕਿਓਂਕਿ ਭਾਜਪਾ ਨੂੰ ਪਤਾ ਹੈ ਕਿ ਅੱਜ ਹਰ ਸਿੱਖ ਦੇ ਹਿਰਦੇ ਵਿਚ ਬਗਾਵਤ ਦਾ ਲਾਵਾ ਉੱਬਲ ਰਿਹਾ ਹੈ ਜੋ ਕਿ ਜਦੋਂ ਵੀ ਜਲਵਾਗਰ ਹੋ ਗਿਆ ਤਾਂ ਭਾਰਤੀ ਹਾਕਮਾਂ ਵਲੋਂ ਪਾਏ ਗਏ ਗੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਕੌਮ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਲਵੇਗੀ।

# ਬਿਸ਼ਨੋਈ ਦੀ ਇੰਟਰਵਿਊ ਬਠਿੰਡਾ ਜੇਲ੍ਹ 'ਚ ਹੀ ਹੋਈ: ਬਲਕੌਰ ਸਿੰਘ



ਮਾਨਸਾ : ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਵਾਲੀ ਵੀਡੀਓ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਹੀ ਬਣੀ ਹੈ। ਉਨ੍ਹਾਂ ਕਿਹਾ ਕਿ ਜਦੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਪਹਿਲੀ ਵੀਡੀਓ ਜਾਰੀ ਹੋਈ ਤਾਂ ਪੰਜਾਬ ਦੇ ਡੀਜੀਪੀ ਨੇ ਸਪੱਸ਼ਟੀਕਰਨ ਦੇ ਕੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਗੈਂਗਸਟਰਾਂ ਨੇ ਬੁਲੰਦ ਹੌਸਲਿਆਂ ਸਦਕਾ ਅਗਲੇ ਹੀ ਦਿਨ ਬਿਸ਼ਨੋਈ ਦੀ ਇੱਕ ਹੋਰ ਇੰਟਰਵਿਊ ਜਾਰੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਲਾਰੈਂਸ ਨੂੰ ਹੀਰੋ ਤੇ ਰਾਸ਼ਟਰਵਾਦੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਮੂਸੇਵਾਲਾ ਦੇ ਅਸਲੀ ਕਾਤਲਾਂ ਨੂੰ ਹਾਲੇ ਤੱਕ ਨਹੀਂ ਫੜਿਆ ਗਿਆ ਤੇ ਪੰਜਾਬ ਸਰਕਾਰ ਇਸ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਬਲਕੌਰ ਸਿੰਘ ਨੇ ਕਿਹਾ ਕਿ ਅੱਜ ਸ਼ੁਭਦੀਪ ਸਿੰਘ ਦੇ ਰਿਲੀਜ਼ ਹੋਏ ਨਵੇਂ ਗੀਤ 'ਮੇਰਾ ਨਾਂ' ਨੂੰ ਉਸ ਦੇ ਪ੍ਰਸ਼ੰਸਕਾਂ ਵੱਲੋਂ ਬੇਹਿਸਾਬ ਪਿਆਰ ਦਿੱਤਾ ਗਿਆ ਹੈ ਤੇ ਇਹੀ ਗੱਲ ਉਨ੍ਹਾਂ ਲਈ ਸਭ ਤੋਂ ਵੱਡੀ ਹਿੰਮਤ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਗੀਤਾਂ ਦਾ ਵੱਡਾ ਭੰਡਾਰ ਉਨ੍ਹਾਂ ਕੋਲ ਹੈ ਅਤੇ ਪੜਾਅ ਦਰ ਪੜਾਅ ਇਹ ਗੀਤ ਰਿਲੀਜ਼ ਕੀਤੇ ਜਾਣਗੇ ਤਾਂ ਜੋ ਸ਼ੁਭਦੀਪ ਦੇ ਪ੍ਰਸ਼ੰਸਕਾਂ ਨੂੰ ਉਸ ਦੀ ਆਵਾਜ਼ ਸੁਣਦੀ ਰਹੇ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦਾ ਗੀਤ 'ਜਾਂਦੀ ਵਾਰ' ਹਾਲੇ ਕਾਨੂੰਨੀ ਪ੍ਰਕਿਰਿਆ ਵਿੱਚ ਹੈ, ਉਮੀਦ ਹੈ ਕਿ ਉਸ ਨੂੰ ਆਉਂਦੇ ਦਿਨਾਂ ਵਿੱਚ ਰਿਲੀਜ਼ ਕੀਤਾ ਜਾ ਸਕੇਗਾ।

# ਸਿੱਖਾਂ ਵਿਚ ਫੁੱਟ ਵਧੇਗੀ ਤਾਂ ਪ੍ਰਭਾਵ ਹੋਰ ਘਟੇਗਾ

*ਦਿੱਲੀ ਕਮੇਟੀ ਦਾ ਨਗਰ ਕੀਰਤਨ ਸ੍ਰੀ ਅੰਮ੍ਰਿਤਸਰ ਤੋਂ ਦਿੱਲੀ ਵੱਲ ਤੇ ਸ਼੍ਰੋਮਣੀ ਕਮੇਟੀ ਦਾ ਨਗਰ ਕੀਰਤਨ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਵੱਲ ਨਿਕਲ ਰਿਹਾ ਹੈ। ਸਿੱਖਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਤੱਕ ਉਹ ਆਪਣਾ ਇਕ ਸਾਂਝਾ ਨਿਸ਼ਾਨਾ ਤੇ ਸਾਂਝਾ ਵਿਰੋਧੀ ਨਹੀਂ ਚੁਣ ਲੈਂਦੇ, ਉਹ ਖ਼ਵਾਰ ਹੀ ਹੁੰਦੇ ਰਹਿਣਗੇ।*



ਸ੍ਰ. ਹਰਮੀਤ ਸਿੰਘ ਕਾਲਾ



ਐਡਵੋਕੇਟ ਹਰਜਿੰਦਰ ਸਿੰਘ ਧਾਮੀ

**ਹਰਜਿੰਦਰ ਸਿੰਘ ਲਾਲ**

**'ਯੇ ਜਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ,**
**ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ'**

ਮੁਜੱਫ਼ਰ ਵਾਰਸੀ ਦਾ ਇਹ ਸ਼ਿਅਰ ਵਾਰ-ਵਾਰ ਯਾਦ ਆਇਆ ਜਦੋਂ ਅੱਜ ਦਾ ਕਾਲਮ ਲਿਖਣ ਲੱਗਿਆਂ ਮੇਰਾ ਧਿਆਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਲੀ ਫ਼ਤਹਿ ਦਿਵਸ ਸੰਬੰਧੀ ਵੱਖੋ-ਵੱਖਰਾ ਨਗਰ ਕੀਰਤਨ ਕੱਢਣ ਵੱਲ ਗਿਆ। ਸਚਾਈ ਇਹੀ ਹੈ ਕਿ ਜੇ ਲਾਲ ਕਿਲ੍ਹੇ 'ਤੇ ਕਬਜ਼ੇ ਤੋਂ ਬਾਅਦ ਸਿੱਖ ਜਰਨੈਲਾਂ ਨੂੰ ਆਪਸੀ ਫੁੱਟ ਤੋਂ ਬਾਅਦ ਬਣੇ ਹਾਲਾਤ ਨੂੰ ਸੰਭਾਲਦਿਆਂ ਇਕ ਸਮਝੌਤੇ ਤਹਿਤ ਦਿੱਲੀ ਛੱਡਣੀ ਨਾ ਪੈਂਦੀ ਅਤੇ ਇਕ ਸਿੱਖ ਰਾਜ ਦੀ ਸਥਾਪਨਾ ਕਰਨ ਵਿਚ ਉਹ ਸਫਲ ਹੋ ਜਾਂਦੇ ਤਾਂ ਇਤਿਹਾਸ ਕੁਝ ਹੋਰ ਹੁੰਦਾ। ਸ਼ਾਇਦ ਭਾਰਤ ਕਦੇ ਅੰਗਰੇਜ਼ਾਂ ਦਾ ਗੁਲਾਮ ਹੀ ਨਾ ਹੁੰਦਾ। ਪਰ ਪਲਾਂ ਦੀ ਗ਼ਲਤੀ ਦੀ ਸਜ਼ਾ ਕਈ ਵਾਰ ਸਦੀਆਂ ਤੱਕ ਭੁਗਤਣੀ ਪੈਂਦੀ ਹੈ। ਦਿੱਲੀ ਫ਼ਤਹਿ ਦਿਵਸ ਕੋਈ ਇਕ ਦਿਨ ਦੀ ਕਰਾਮਾਤ ਨਹੀਂ ਸੀ। ਸਿੱਖਾਂ ਵਲੋਂ ਦਿੱਲੀ ਦੀ ਫ਼ਤਹਿ ਉਨ੍ਹਾਂ ਦੀ ਏਕਤਾ ਅਤੇ ਇਕੱਠ ਦਾ ਸਬੂਤ ਸੀ, ਜੋ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਤੋਂ ਸਿੱਖਾਂ ਦੇ ਹਥਿਆਰਬੰਦ ਹੋਣ ਤੋਂ ਬਾਅਦ ਲਗਾਤਾਰ ਚੱਲ ਰਹੀ ਜੱਦੋ-ਜਹਿਦ ਦਾ ਇਕ ਵੱਡਾ ਸਿਖ਼ਰ ਸੀ।

ਇਤਿਹਾਸ ਗਵਾਹ ਹੈ ਕਿ 11 ਮਾਰਚ, 1783 ਨੂੰ ਮੁਗਲ ਸਲਤਨਤ ਦੇ ਚਿੰਨ੍ਹ ਲਾਲ ਕਿਲ੍ਹੇ 'ਤੇ ਖਾਲਸਾਈ ਨਿਸ਼ਾਨ ਸਾਹਿਬ ਝੁਲਾਉਣ ਤੱਕ ਸਿੱਖਾਂ ਨੇ ਦਿੱਲੀ 'ਤੇ 1764 ਤੋਂ ਲੈ ਕੇ ਕਈ ਹਮਲੇ ਕੀਤੇ। 1 ਫਰਵਰੀ, 1764 ਵਿਚ ਬਾਬਾ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਅਤੇ ਕੁਝ ਹੋਰ ਸਿੱਖ ਜਰਨੈਲਾਂ ਨੇ ਯਮਨਾ ਪਾਰ ਕਰਕੇ ਸਹਾਰਨਪੁਰ 'ਤੇ ਹਮਲਾ ਕੀਤਾ ਸੀ ਅਤੇ ਆਪਣਾ ਅਧਿਕਾਰ ਜਮਾ ਲਿਆ ਸੀ। 1767 ਵਿਚ ਜਦੋਂ ਅਹਿਮਦਸ਼ਾਹ ਅਬਦਾਲੀ ਆਪਣੀਆਂ ਫ਼ੌਜਾਂ ਲੈ ਕੇ ਭਾਰਤ ਆਇਆ ਤਾਂ ਸਿੱਖਾਂ ਕੋਲੋਂ 1764 ਵਿਚ ਹਾਰ ਚੁੱਕੇ ਨਵਾਬ ਨਸੀਬ-ਓ-ਦੀਨ-ਦੌਲਾ ਨੇ ਅਬਦਾਲੀ ਤੋਂ ਸੁਰੱਖਿਆ ਮੰਗੀ। ਅਬਦਾਲੀ ਦਾ ਜਰਨੈਲ ਜਹਾਨ ਖ਼ਾਨ 80 ਹਜ਼ਾਰ ਦੀ ਫ਼ੌਜ ਲੈ ਕੇ ਚੜ੍ਹਿਆ। ਬਾਬਾ ਬਘੇਲ ਸਿੰਘ ਨੇ ਹੋਰ ਸਿੱਖ ਮਿਸਲਾਂ ਦੀ ਮਦਦ ਨਾਲ ਇਹ ਲੜਾਈ ਵੀ ਜਿੱਤੀ। ਭਾਵੇਂ ਇਸ ਵਿਚ ਸਿੱਖਾਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਤੇ ਬਾਬਾ ਬਘੇਲ ਸਿੰਘ ਜੋ ਕਰੋੜਸਿੰਘੀਆ ਮਿਸਲ ਦੇ ਮੁਖੀ ਸਨ, ਵੀ ਜ਼ਖ਼ਮੀ ਹੋ ਗਏ ਸਨ। ਫਿਰ ਠੀਕ ਹੋਣ ਤੋਂ ਬਾਅਦ ਬਾਬਾ ਬਘੇਲ ਸਿੰਘ ਨੇ ਸਾਰੀਆਂ ਸਿੱਖ ਮਿਸਲਾਂ ਨੂੰ ਚਿੱਠੀ ਲਿਖ ਕੇ ਕੁਝ ਸਿਰਕੱਢ ਜਰਨੈਲਾਂ ਨੂੰ ਨਾਲ ਲੈ ਕੇ ਦਿੱਲੀ 'ਤੇ ਪਹਿਲਾ ਹਮਲਾ ਕੀਤਾ। ਸਿੱਖ ਫ਼ੌਜਾਂ ਸ਼ਾਹਦਰਾ ਤੱਕ ਪਹੁੰਚੀਆਂ, ਪਰ ਸੈਨਿਕ ਦ੍ਰਿਸ਼ਟੀ ਤੋਂ ਹਾਲਾਤ ਅਨੁਕੂਲ ਨਾ ਸਮਝਦੇ ਹੋਏ ਸਿੱਖ ਫ਼ੌਜਾਂ ਅਮੀਰਾਂ ਤੇ ਨਵਾਬਾਂ ਕੋਲੋਂ ਨਜ਼ਰਾਨਾ ਲੈ ਕੇ ਪੰਜਾਬ ਪਰਤ ਆਈਆਂ।

ਦਿੱਲੀ 'ਤੇ ਦੂਸਰਾ ਸਿੱਧਾ ਹਮਲਾ 15 ਜੁਲਾਈ, 1775 ਨੂੰ ਕੀਤਾ ਗਿਆ। ਇਸ ਵਿਚ ਵੀ ਕਈ ਮਿਸਲਾਂ ਦੀ ਸਾਂਝੀ ਫ਼ੌਜ ਸ਼ਾਮਲ ਸੀ। ਪਰ ਇਸ ਵਾਰ ਵੀ ਸਿੱਖ ਫ਼ੌਜ ਹਾਲਾਤ ਨੂੰ ਧਿਆਨ ਵਿਚ ਰੱਖਦੀ ਹੋਈ 25 ਜੁਲਾਈ, 1775 ਨੂੰ ਵਾਪਸ ਪਰਤ ਆਈ। ਜਦੋਂ 11 ਅਪ੍ਰੈਲ, 1776 ਨੂੰ ਦਿੱਲੀ ਦੇ ਵਜ਼ੀਰ ਨੇ ਆਪਣੇ ਭਰਾ ਅਬਦੁਲ ਕਾਸਿਮ ਨੂੰ ਸਹਾਰਨਪੁਰ ਦਾ ਫ਼ੌਜਦਾਰ ਬਣਾ ਦਿੱਤਾ ਤਾਂ ਸਿੱਖਾਂ ਨੂੰ ਰਾਖੀ ਲਈ ਖਿਰਾਜ਼ ਦੇਣ ਵਾਲੇ ਸਹਾਰਨਪੁਰ ਦੇ ਸੂਬੇਦਾਰ ਜ਼ਾਬਤਾ ਖ਼ਾਨ ਵਲੋਂ ਮਦਦ ਮੰਗੇ ਜਾਣ 'ਤੇ ਸਿੱਖ ਉਸ ਦੀ ਮਦਦ ਨੂੰ ਗਏ ਤੇ ਵਜ਼ੀਰ ਦਾ ਭਰਾ ਮਾਰਿਆ ਗਿਆ।

ਫਿਰ 12 ਅਪ੍ਰੈਲ, 1781 ਵਿਚ ਬਾਬਾ ਬਘੇਲ ਸਿੰਘ ਨੇ ਦਿੱਲੀ ਦੇ ਨੇੜੇ ਬਾਘਪਤ 'ਤੇ ਹਮਲਾ ਕੀਤਾ ਅਤੇ ਸ਼ਾਹਦਰਾ ਤੇ ਪੜਪੜਗੰਜ ਤੱਕ ਪੁੱਜ ਗਏ, ਜਿੱਥੇ ਵਕਤ ਦੇ ਮੁਗਲ ਬਾਦਸ਼ਾਹ ਨੇ ਸਿੱਖਾਂ ਨਾਲ ਇਕ ਸੰਧੀ ਕੀਤੀ ਕਿ ਗੰਗਾ-ਯਮਨਾ ਦੇ ਵਿਚਕਾਰਲੇ ਇਲਾਕੇ ਦੀ ਆਮਦਨ ਦਾ 8ਵਾਂ ਹਿੱਸਾ ਸਿੱਖਾਂ ਨੂੰ ਦਿੱਤਾ ਜਾਇਆ ਕਰੇਗਾ। ਪਰ ਇਹ ਸੰਧੀ ਛੇਤੀ ਹੀ ਟੁੱਟ ਗਈ।

8 ਮਾਰਚ, 1783 ਨੂੰ ਸਿੱਖ ਫ਼ੌਜਾਂ ਦਿੱਲੀ ਵਿਚ ਦਾਖਲ ਹੋ ਗਈਆਂ ਤੇ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲ੍ਹੇ 'ਤੇ ਕਾਬਜ਼ ਵੀ ਹੋ ਗਈਆਂ। ਇਸ ਜਿੱਤ ਤੋਂ ਬਾਅਦ ਸਿੱਖ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਪਰ ਇਹ ਗੱਲ ਦੂਸਰੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਨੂੰ ਮਨਜ਼ੂਰ ਨਹੀਂ ਹੋਈ। ਇਸ ਲਈ ਸਿੱਖਾਂ ਵਿਚ ਫੁੱਟ ਪੈ ਗਈ। ਬਾਬਾ ਬਘੇਲ ਸਿੰਘ ਨੇ ਆਪਸੀ ਫੁੱਟ ਕਾਰਨ ਇਹ ਸਮਝ ਲਿਆ ਸੀ ਕਿ ਉਹ ਫ਼ੌਜੀ ਤਾਕਤ ਅਨੁਸਾਰ ਦਿੱਲੀ 'ਤੇ ਸਫਲਤਾ ਨਾਲ ਰਾਜ ਕਰਨ ਦੇ ਸਮਰੱਥ ਨਹੀਂ ਹਨ। ਇਸ ਲਈ ਉਨ੍ਹਾਂ ਨੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਵਲੋਂ ਕੀਤੀ ਸੁਲਾਹ ਦੀ ਪੇਸ਼ਕਸ਼ ਪ੍ਰਵਾਨ ਕਰ ਲਈ। ਨਤੀਜੇ ਵਜੋਂ ਦਿੱਲੀ ਵਿਚ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਤੇ ਦਿੱਲੀ ਵਿਚ 7 ਗੁਰਦੁਆਰਾ ਸਾਹਿਬ ਉਸਾਰੇ ਗਏ। ਸਿੱਖਾਂ ਨੂੰ ਸ਼ਾਹ ਆਲਮ ਨੇ 10 ਲੱਖ ਰੁਪਏ ਦਾ ਨਜ਼ਰਾਨਾ ਦਿੱਤਾ ਅਤੇ ਉਸ ਦੇ ਦਰਬਾਰ ਵਿਚ ਦੀਵਾਨ ਲਖਪਤ ਰਾਏ ਸਿੱਖਾਂ ਦਾ ਦੂਤ (ਪ੍ਰਤੀਨਿਧ) ਬਣ ਗਿਆ। ਸ਼ਾਹ ਆਲਮ ਨੇ ਬਾਬਾ ਬਘੇਲ ਸਿੰਘ ਨਾਲ ਮੁਲਾਕਾਤ ਵਿਚ ਕਈ ਹੋਰ ਤੋਹਫ਼ਿਆਂ ਤੋਂ ਇਲਾਵਾ ਰਾਇਸੀਨਾ ਪਿੰਡ ਦੀ ਕਈ ਸੌ ਏਕੜ ਜ਼ਮੀਨ ਵੀ ਭੇਟ ਕੀਤੀ। ਜਿਥੇ ਅੱਜਕਲ੍ਹ ਪਾਰਲੀਮੈਂਟ ਤੇ ਰਾਸ਼ਟਰਪਤੀ ਭਵਨ ਆਦਿ ਉਸਰੇ ਹੋਏ ਹਨ।

ਇਹ ਇਤਿਹਾਸ ਲਿਖਣ ਦਾ ਮਤਲਬ ਸਿਰਫ਼ ਇਹ ਹੈ ਕਿ ਸਿੱਖਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਜਦੋਂ ਉਹ ਇਕੱਠੇ ਹੋ ਕੇ ਲੜੇ ਉਹ ਜਿੱਤਦੇ ਰਹੇ ਹਨ ਤੇ ਜਦੋਂ-ਜਦੋਂ ਉਨ੍ਹਾਂ ਵਿਚ ਫੁੱਟ ਪਈ ਤਾਂ ਜਿੱਤ ਵੀ ਹਾਰ ਵਿਚ ਬਦਲ ਜਾਂਦੀ ਰਹੀ ਹੈ। ਸੱਚਾਈ ਤਾਂ ਇਹੀ ਹੈ ਕਿ ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਵੀ ਸਿੱਖਾਂ ਦੀ ਆਪਸੀ ਫੁੱਟ ਕਾਰਨ ਹੀ ਗਿਆ ਸੀ। ਹੁਣ ਵੀ ਸਿੱਖ ਆਪਸ ਵਿਚ ਹੀ ਲੜ ਰਹੇ ਹਨ, ਨਹੀਂ ਤਾਂ 2 ਨਗਰ ਕੀਰਤਨ ਇਕ-ਦੂਸਰੇ ਤੋਂ ਬਿਲਕੁਲ ਉਲਟੀ ਦਿਸ਼ਾ ਵਿਚ ਸਿੱਖਾਂ ਦੀਆਂ ਦੋ ਚੁਣੀਆਂ ਕਮੇਟੀਆਂ ਕਿਉਂ ਕੱਢਦੀਆਂ? ਦਿੱਲੀ ਕਮੇਟੀ ਦਾ ਨਗਰ ਕੀਰਤਨ ਸ੍ਰੀ ਅੰਮ੍ਰਿਤਸਰ ਤੋਂ ਦਿੱਲੀ ਵੱਲ ਤੇ ਸ਼੍ਰੋਮਣੀ ਕਮੇਟੀ ਦਾ ਨਗਰ ਕੀਰਤਨ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਵੱਲ ਨਿਕਲ ਰਿਹਾ ਹੈ। ਸਿੱਖਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਤੱਕ ਉਹ ਆਪਣਾ ਇਕ ਸਾਂਝਾ ਨਿਸ਼ਾਨਾ ਤੇ ਸਾਂਝਾ ਵਿਰੋਧੀ ਨਹੀਂ ਚੁਣ ਲੈਂਦੇ, ਉਹ ਖ਼ਵਾਰ ਹੀ ਹੁੰਦੇ ਰਹਿਣਗੇ। ਜਿਨ੍ਹਾਂ ਹਾਲਤਾਂ ਵਿਚੋਂ ਸਿੱਖ ਪੰਥ ਇਸ ਵੇਲੇ ਲੰਘ ਰਿਹਾ ਹੈ, ਉਸ ਨੂੰ ਵੇਖਦਿਆਂ ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਇਕਬਾਲ ਅਜ਼ੀਮ ਦੇ ਇਸ ਸ਼ਿਅਰ ਨੂੰ ਪੜ੍ਹਨ ਤੇ ਸਮਝਣ ਦਾ ਯਤਨ ਕਰਨ।

**ਅਪਣੇ ਮਰਕਜ਼ ਸੇ ਅਗਰ ਦੂਰ ਨਿਕਲ ਜਾਓਗੇ॥**
**ਖ਼ਵਾਬ ਹੋ ਜਾਓਗੇ, ਅਫ਼ਸਾਨੋਂ ਮੇ ਢਲ ਜਾਓਗੇ॥**
**ਦੇ ਰਹੇ ਹੈਂ ਤੁਮਹੇ ਜੋ ਲੋਗ ਰਿਫ਼ਾਕਤ ਕਾ ਫ਼ਰੇਬ,**
**ਓਨਕੀ ਤਾਰੀਖ਼ ਪੜ੍ਹੋਗੇ ਤੋ ਦਹਿਲ ਜਾਓਗੇ॥**

**ਇਤਿਹਾਸ ਦੁਬਾਰਾ ਲਿਖਣ ਦੀਆਂ ਕੋਸ਼ਿਸ਼ਾਂ?**

**ਮਿਟਤੀ ਨਹੀਂ ਤਾਰੀਖ ਸੇ ਕੋਈ ਭੀ ਇਬਾਰਤ,**
**ਤਾਰੀਖ਼ ਲਿਖੇਗੀ ਕਿ ਲਿਖਾ ਕਾਟ ਰਹੇ ਹੈਂ॥**

ਰਾਸ਼ਟਰੀ ਸਿੱਖਿਆ ਖੋਜ ਤੇ ਟਰੇਨਿੰਗ ਕੌਂਸਲ (ਐਨ.ਸੀ.ਈ.ਆਰ.ਟੀ.) ਵਲੋਂ ਸਕੂਲਾਂ ਦੇ ਪਾਠਕ੍ਰਮ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਨੂੰ ਫਿਰਕੂ ਨੁਕਤਾ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ। ਕਈ ਵਿਸ਼ਿਆਂ ਖਾਸ ਕਰ ਇਤਿਹਾਸ ਦੀਆਂ ਕਿਤਾਬਾਂ ਵਿਚੋਂ ਕਈ ਵਿਸ਼ੇ ਉਡਾਏ ਹੀ ਜਾ ਰਹੇ ਹਨ। ਖਾਸ ਕਰ ਮੁਸਲਿਮ ਰਾਜਿਆਂ ਤੇ ਬਾਦਸ਼ਾਹਾਂ ਦੇ ਦੌਰ ਦਾ ਇਤਿਹਾਸ, ਲੋਕਤੰਤਰ ਨੂੰ ਚੁਣੌਤੀਆਂ ਜਿਹੇ ਵਿਸ਼ੇ ਅਤੇ ਹੋਰ ਵੀ ਬਹੁਤ ਕੁਝ ਜੋ ਆਰ.ਐਸ.ਐਸ. ਅਤੇ ਭਾਜਪਾ ਨੂੰ ਸੂਤ ਨਹੀਂ ਬੈਠਦਾ ਬਦਲਿਆ ਜਾ ਰਿਹਾ ਹੈ। ਕੁਝ ਹਟਾਇਆ ਜਾ ਰਿਹਾ ਹੈ ਤੇ ਕੁਝ ਨਵਾਂ ਪਾਇਆ ਵੀ ਜਾ ਰਿਹਾ ਹੈ। ਪਰ ਇਸ ਤਰ੍ਹਾਂ ਕਿਤਾਬਾਂ ਵਿਚੋਂ ਕੁਝ ਹਟਾ ਦੇਣ ਨਾਲ ਸ਼ਹਿਰਾਂ ਅਤੇ ਥਾਵਾਂ ਦੇ ਨਾਂਅ ਬਦਲ ਦੇਣ ਨਾਲ ਵੀ ਅਸਲ ਵਿਚ ਇਤਿਹਾਸ ਨਹੀਂ ਬਦਲਦਾ ਸਗੋਂ ਅਸਲੀ ਇਤਿਹਾਸ ਵਿਚ ਇਹ ਵੀ ਦਰਜ ਹੋ ਜਾਂਦਾ ਹੈ ਕਿ ਕਿਸ ਰਾਜੇ ਜਾਂ ਪ੍ਰਧਾਨ ਮੰਤਰੀ ਦੇ ਰਾਜ ਵਿਚ ਇਹ ਇਤਿਹਾਸ ਬਦਲਿਆ ਗਿਆ ਸੀ।

**ਕੇਜਰੀਵਾਲ ਨੇ ਸੁਰ ਕਿਉਂ ਬਦਲੀ?**

ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵਿਰੋਧੀ ਦਲਾਂ ਨਾਲ ਮਿਲ ਕੇ ਨਾ ਚੱਲਣ ਦੇ ਐਲਾਨ ਤੋਂ ਕੁਝ ਖਿੜਕਦੇ ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਪਾਰਟੀ ਦੇ ਪ੍ਰਤੀਨਿਧ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਵਲੋਂ ਬੁਲਾਈ ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿਚ ਵੀ ਸ਼ਾਮਿਲ ਹੋਏ ਹਨ ਤੇ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਇਸ ਵਾਰ 2024 ਵਿਚ ਦੇਸ਼ ਵਿਚ ਕੁਝ ਥਾਵਾਂ 'ਤੇ ਕੇਜਰੀਵਾਲ ਭਾਵੇਂ ਵਿਰੋਧੀ ਦਲਾਂ ਨਾਲ ਸਿੱਧਾ ਸਮਝੌਤਾ ਨਾ ਵੀ ਕਰਨ ਪਰ ਕਈ ਥਾਵਾਂ 'ਤੇ ਦੋਸਤਾਨਾ ਲੜਾਈ ਤੇ ਜਿੱਤਣ ਵਾਲੇ ਉਮੀਦਵਾਰਾਂ ਦੀ ਮਦਦ ਦਾ ਗੁਪਤ ਸਮਝੌਤਾ ਕਰ ਸਕਦੇ ਹਨ। ਚਰਚਾ ਹੈ ਕਿ ਉਹ ਇਹ ਵੀ ਸਮਝ ਰਹੇ ਹਨ ਕਿ ਸ਼ਰਾਬ ਘੁਟਾਲੇ ਦਾ ਸੇਕ ਕਿਸੇ ਵੇਲੇ ਵੀ ਉਨ੍ਹਾਂ ਤੱਕ ਪਹੁੰਚ ਸਕਦਾ ਹੈ ਤੇ ਉਹ ਨਹੀਂ ਚਾਹੁੰਦੇ ਕਿ ਅਜਿਹੀ ਸਥਿਤੀ ਵਿਚ ਉਹ ਇਕੱਲੇ ਰਹਿ ਜਾਣ ਤੇ ਉਨ੍ਹਾਂ ਦੇ ਹੱਕ ਵਿਚ ਕੋਈ ਹਾਅ ਦਾ ਨਾਅਰਾ ਵੀ ਨਾ ਮਾਰੇ।

ਪਰ ਇਥੇ ਸਵਾਲ ਉੱਠਦਾ ਹੈ ਕਿ ਇਕ ਪਾਸੇ ਤਾਂ ਆਪ ਤੇ ਭਾਜਪਾ ਦੋਵਾਂ ਨੂੰ ਹੀ ਆਰ.ਐਸ.ਐਸ. ਦਾ ਖੱਬਾ ਤੇ ਸੱਜਾ ਹੱਥ ਸਮਝਿਆ ਜਾਂਦਾ ਹੈ, ਤਾਂ ਫਿਰ ਭਾਜਪਾ 'ਆਪ' ਨੇਤਾਵਾਂ ਪਿਛੇ ਹੱਥ ਧੋ ਕੇ ਕਿਉਂ ਪੀ ਹੋਈ ਹੈ? ਕੁਝ ਲੋਕਾਂ ਦਾ ਕਹਿਣਾ ਹੈ ਕਿ ਅਸਲ ਵਿਚ ਭਾਵੇਂ ਕੇਜਰੀਵਾਲ ਕਈ ਵਾਰ ਭਾਜਪਾ ਨਾਲੋਂ ਵੀ ਜ਼ਿਆਦਾ ਜ਼ੋਰ ਨਾਲ ਆਰ.ਐਸ.ਐਸ. ਦੀ ਸੋਚ ਦਾ ਸਮਰਥਨ ਕਰਦੇ ਹਨ ਪਰ ਅਸਲ ਗੱਲ ਇਹ ਹੈ ਕਿ ਕੇਜਰੀਵਾਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ-ਦੂਜੇ ਦੇ ਸਮਰਥਕ ਨਹੀਂ ਹਨ। ਪ੍ਰਧਾਨ ਮੰਤਰੀ ਕਦੇ ਵੀ ਨਹੀਂ ਚਾਹੁਣਗੇ ਕਿ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਏਨੀ ਮਜ਼ਬੂਤ ਹੋ ਜਾਵੇ ਕਿ ਕੱਲ੍ਹ ਨੂੰ ਉਹ ਭਾਜਪਾ ਤੇ ਉਨ੍ਹਾਂ ਲਈ ਹੀ ਕੋਈ ਚੁਣੌਤੀ ਬਣ ਜਾਵੇ। ਇਸ ਲਈ ਜੇਕਰ 'ਆਪ' ਅਤੇ ਭਾਜਪਾ ਦੋਵੇਂ ਆਰ.ਐਸ.ਐਸ. ਸਮਰਥਕ ਹੋਣ ਵੀ, ਤਦ ਵੀ ਉਨ੍ਹਾਂ ਵਿਚ ਆਪਸੀ ਟਕਰਾਅ ਤਾਂ ਬਣਿਆ ਹੀ ਰਹੇਗਾ।

# ਬੇ-ਜ਼ੁਬਾਨ ਮਮਤਾ ਦੇ ਲੋਹੜੇ ਤੇ ਮੇਰਾ ਘੋਰ ਪਛਤਾਵਾ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268
tsdupalpuri@yahoo.com

ਦੋਸਤੋ ਇੱਕ ਦਿਨ ਮੈਂ ਘੋਰ ਉਦਾਸੀ ਤੇ ਪਛਤਾਵੇ ਕਾਰਨ ਗਮਗੀਨ ਰਿਹਾ। ਮੇਰੀਆਂ ਅੱਖਾਂ ਮੋਹਰੇ, ਆਪਣੇ ਬੱਚੇ ਨੂੰ ਬਚਾਉਣ ਲਈ ਬੇਵੱਸ, ਤੜਫਦੇ, ਕੁਰਲਾਉਂਦੇ ਤੋਤਾ-ਤੋਤੀ ਦਾ ਜੋੜਾ ਘੁੰਮਦਾ ਹੀ ਰਿਹਾ!

ਕਹਿੰਦੇ ਦੁੱਖ ਵੰਡਾਇਆਂ ਘਟ ਜਾਂਦਾ ਹੈ। ਇਸ ਕਰਕੇ ਤੁਹਾਡੇ ਨਾਲ ਦਿਲ ਹੌਲਾ ਕਰਨ ਲਈ ਲਿਖਣ ਲੱਗਾ ਹਾਂ।

ਸਾਡੇ ਘਰ ਦੇ ਬਗਲ ਦੇ ਬਾਹਰ ਸੁੱਕੀ ਤੇ ਬੋਦੀ ਹੋਈ ਖੜ੍ਹੀ ਡੇਕ ਦੇ ਉਤਲੇ ਹਿੱਸੇ ਵਿੱਚ ਚੁੰਝਾਂ ਨਾਲ ਖੋਦ ਖੋਦ ਕੇ ਤੋਤਿਆਂ ਨੇ ਘੁਰਨਾ ਆਲ੍ਹਣਾ ਬਣਾਇਆ ਹੋਇਆ ਹੈ ਜਿੱਥੇ ਉਹ ਸਾਰਾ ਦਿਨ 'ਟਰਰ, ਟਰਰ, ਟੈਂਅ ਟੈਂਅ' ਦੀ ਰੌਣਕ ਲਾਈ ਰੱਖਦੇ ਹਨ।

ਅੱਜ ਸਵੇਰੇ ਸੁਵਖਤੇ ਮੈਂ ਰੋਜ ਵਾਂਗ ਆਪਣੇ ਚੁਬਾਰੇ 'ਚ ਜਾ ਕੇ ਸਹਿਜ ਪਾਠ ਕਰਨ ਲੱਗਾ। ਹਾਲੇ ਦਸ ਕੁ ਮਿੰਟ ਹੀ ਹੋਏ ਸਨ ਕਿ ਥੱਲੇ ਡੇਕ ਉੱਤੇ ਤੋਤੇ, ਸੈਰ੍ਹਕਾਂ ਤੇ ਹੋਰ ਜਨੌਰ ਇਉਂ ਰੌਲਾ ਪਾਉਣ ਲੱਗੇ ਜਿਵੇਂ ਆਮ ਤੌਰ 'ਤੇ ਉਹ ਸੱਪ ਨਿਕਲੇ ਤੋਂ ਬਚਾਅ ਲਈ ਕੁੱਝ ਵੱਖਰੀਆਂ ਅਵਾਜਾਂ ਕੱਢਦੇ ਹੁੰਦੇ ਨੇ। ਮੈਂ ਇਹ ਸੋਚ ਕੇ ਪਾਠ ਕਰਨਾਂ ਜਾਰ੍ਹੀ ਰੱਖਿਆ ਕਿ ਡੇਕ ਥੱਲੇ ਕੋਈ ਕੁੱਤਾ ਜਾਂ ਬਿੱਲੀ ਆਈ ਹੋਣੀ ਐਂ! ਪਰ ਹੇਠਾਂ ਜਨੌਰਾਂ ਦਾ ਚੀਕ-ਚਿਹਾੜਾ ਵੱਧਦਾ ਜਾਂਦਾ ਸੁਣਕੇ ਮੈਂ ਸ਼ਬਦ-ਸਮਾਪਤੀ ਕੀਤੀ ਤੇ ਪੌੜੀਆਂ ਉੱਤਰ ਆਇਆ!

ਡੇਕ 'ਤੇ ਤੋਤਿਆਂ ਦੇ ਖੁੱਡ-ਆਲ੍ਹਣੇ ਦੇ ਮੋਹਰੇ ਤੋਤਿਆਂ ਸਮੇਤ ਕਈ ਹੋਰ ਪਰਿੰਦੇ ਫੜ-ਫੜਾਉਂਦੇ, ਕੁਰਲਾਹਟ ਮਚਾਉਂਦੇ ਹੋਏ ਇਉਂ ਤਰਲੇ ਕਰ ਰਹੇ ਸਨ ਜਿਵੇਂ ਉਹ ਖੁੱਡ 'ਚ ਵੜੇ ਕਿਸੇ ਦੁਸ਼ਮਣ ਜਾਨਵਰ ਨੂੰ ਬਾਹਰ ਧੂਅ ਲਿਆਉਣਾ ਚਾਹ ਰਹੇ ਹੋਣ! ਪਰ ਵਿਚਾਰਿਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ!!

ਇਨ੍ਹਾਂ ਪਲਾਂ ਵਿੱਚ ਹੀ ਮੈਂ ਦੇਖਿਆ ਕੋਈ ਭੂਸਲੀ ਜਿਹੀ ਪੂਛ ਵਾਲਾ ਜਾਨਵਰ ਖੁੱਡ 'ਚ ਵੜਿਆ ਹੈ ਕਿਉਂ ਕਿ ਚੱਪਾ ਕੁ ਪੂਛ ਅੰਦਰ ਨੂੰ ਜਾਂਦੀ ਮੇਰੀ ਨਜ਼ਰ ਪੈ ਗਈ ਸੀ!

ਕਾਹਲੀ ਨਾਲ ਮੈਂ ਲੰਮੀਂ ਢਾਂਗੀ ਚੱਕਣ ਦੌੜਿਆ। ਜਿਉਂ ਹੀ ਮੈਂ ਢਾਂਗੀ 'ਤਾਂਹ ਨੂੰ ਉਲਾਰੀ, ਤੋਤਿਆਂ ਦਾ ਇੱਕ ਨਿੱਕਾ ਜਿਹਾ ਬੋਟ ਮੂੰਹ 'ਚ ਚੁੱਕੀ ਇੱਕ ਮੋਟਾ ਸਾਰਾ ਨਿਉਲਾ ਖੁੱਡ 'ਚੋਂ ਬਾਹਰ ਨਿਕਲ ਕੇ ਲਪਰ ਲਪਰ ਕਰਦਾ ਥੱਲੇ ਉੱਤਰ ਗਿਆ! ਸਾਰੇ ਪਰਿੰਦੇ ਰੋ-ਕੁਰਲਾ ਕੇ ਹੰਭ ਗਏ ਤੇ ਏਧਰ-ਓਧਰ ਉਡ ਗਏ!! ਉੱਥੇ ਰਹਿ ਗਏ ਅਭਾਗੇ ਤੋਤਾ-ਤੋਤੀ!!!

ਨਿਉਲੇ ਦੇ ਮੂੰਹ 'ਚ ਬੋਟ ਦੀ ਲਟਕਦੀ ਧੌਣ ਮੋਹਰੇ ਨਿੱਕੀ ਜਿਹੀ ਬਣੀ ਲਾਲ ਚੁੰਝ ਅਤੇ ਪਾਸਿਆਂ 'ਤੇ ਨਿੱਕਲੇ ਨਿੱਕੇ ਨਿੱਕੇ ਹਰੇ ਖੰਭ ਦੇਖ ਕੇ ਮੇਰਾ ਕਲੇਜਾ ਬਾਹਰ ਆਉਣ ਨੂੰ ਕਰੇ!

ਮੈਂ ਬਹੁਤ ਪਛਤਾਇਆ ਕਿ ਜੇਕਰ ਮੈਂ ਪਹਿਲਾਂ ਹੀ ਹੇਠ ਆ ਜਾਂਦਾ ਤਾਂ ਡੇਕ ਦੇ ਤਣ ?ਹੇ 'ਤੇ ਚੜ੍ਹਦੇ ਨਿਉਲੇ ਨੂੰ ਭਜਾ ਦਿੰਦਾ! ਤੋਤਿਆਂ ਦਾ ਬੱਚਾ ਬਚ ਜਾਂਦਾ, ਪਰ!

ਆਪਣਾ ਬੱਚਾ ਗੁਆ ਕੇ ਤੋਤਾ-ਤੋਤੀ ਵਿਚਾਰੇ ਸ਼ਾਮ ਤੱਕ ਆਪਣੇ ਖੁੱਡ-ਆਲ੍ਹਣੇ ਦੇ ਉੱਪਰ-ਹੇਠ, ਸੱਜੇ-ਖੱਬੇ ਕਦੇ ਅੰਦਰ ਨੂੰ ਇਉਂ ਗਰਦਣਾ ਘੁਮਾ ਘੁਮਾ ਦੇਖਦੇ ਰਹੇ ਜਿਵੇਂ ਉਹ ਆਪਣੇ ਬੋਟ ਨੂੰ ਲੱਭ ਰਹੇ ਹੋਣ..!

ਦੂਰੋਂ ਉਨ੍ਹਾਂ ਦੀਆਂ ਫੋਟੋਆਂ ਲੈਂਦਿਆਂ ਮੈਂ ਸੋਚਿਆ ਕਿ ਉਹ ਸਵੇਰ ਦੇ ਚੋਗਾ ਚੁਗਣ ਵੀ ਨਹੀਂ ਗਏ ਹੋਣੇ। ਇਹ ਸੋਚ ਕੇ ਮੈਂ ਥੋੜ੍ਹਾ ਜਿਹਾ ਆਟਾ ਆਪਣੇ ਬਗਲ ? ਦੀ ਕੰਧ ਉੱਤੇ ਸੁੱਟਿਆ ਪਰ ਮੈਂ ਤਾਕੀ ਵਿੱਚ ਖਲੋ ਕੇ ਦੇਖਿਆ ਕਿ ਦੁਖੀ ਤੋਤੇ ਤੋਤੀ ਨੇ ਆਟੇ ਵੱਲ੍ਹ ਦੇਖਿਆ ਵੀ ਨਹੀਂ! ਆਪਣਾ ਰੋ ਰਿਹਾ ਦਿਲ ਵਰਾਉਣ ਲਈ ਮੈਂ ਤਾਂ 'ਜੀਆ ਕਾ ਆਹਾਰ ਜੀਅ ਖਾਣਾ ਏਹੁ ਕਰੇਇ॥' ਵਾਲੇ ਸ਼ਬਦ ਦੀ ਵਿਚਾਰ ਕਰਦਾ ਰਿਹਾ ਪਰ



ਰਹਿ ਰਹਿ ਕੇ ਮੇਰੇ ਮਨ 'ਚ ਆਈ ਜਾਵੇ ਕਿ ਚੋਗਾ ਉਡੀਕਦੇ ਤੋਤਿਆਂ ਦੇ ਬੋਟ ਲਾਗੇ ਜਾ ਕੇ ਜਦ ਨਿਉਲੇ ਨੇ ਆਪਣਾ ਖੂੰਨੀਂ ਮੂੰਹ ਅੱਡਿਆ ਹੋਵੇ ਗਾ ਤਦ! ਉਫ!!

ਦੋਸਤੋ ਇਸ ਕਰੁਣਾਮਈ ਬ੍ਰਿਤਾਂਤ ਦੀਆਂ ਕੁੱਝ ਉਦਾਸ ਫੋਟੋਆਂ ਤੁਹਾਡੀ ਨਜ਼ਰ ਕਰ ਰਿਹਾ ਹਾਂ।


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਵਿਸਾਖੀ ਅਤੇ ਖਾਲਸਾ ਪੰਥ ਦੇ ਸਾਜਨਾ ਦਿਵਸ
ਦੀ ਆਪ ਸਭ ਨੂੰ ਲੱਖ-ਲੱਖ ਵਧਾਈ ਹੋਵੇ ਜੀ
ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ ॥
CHARKHA'S
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ



ਵੇਚ ਵੱਟ ਕੇ ਕਣਕਾਂ ਕਿਸਾਨ,
ਚੰਗੇ ਪੈਸੇ ਕਮਾਉਂਦਾ ਏ
ਫਿਰ ਵੈਸਾਖੀ ਦਾ ਤਿਓਹਾਰ
ਬੜੇ ਚਾਵਾਂ ਨਾਲ ਮਨਾਉਂਦਾ ਏ।
ਖਾਲਸਾ ਪੰਥ ਦੇ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
Best Western
Holiday Inn Express & Suites
ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

# ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਹੋਏ ਗੁਰਮਤਿ ਸਮਾਗਮ

## –ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਜਾਏ ਅਲੌਕਿਕ ਜਲੌਅ





ਅੰਮ੍ਰਿਤਸਰ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਵੱਡੀ ਗਿਣਤੀ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨੌਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਗੁਰਮਤਿ ਸਮਾਗਮ ਕੀਤੇ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਵੀ ਗੁਰਬਾਣੀ ਕੀਰਤਨ ਕੀਤਾ।

ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਜਲੌ ਸਜਾਏ ਗਏ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ’ਤੇ ਦੀਪਮਾਲਾ ਵੀ ਕੀਤੀ ਗਈ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਮਾਂਗਾਸਰਾਏ, ਬਾਬਾ ਸੁੱਚਾ ਸਿੰਘ, ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ ਸਾਹਿਬ, ਮੈਨੇਜਰ ਸ. ਬਘੇਲ ਸਿੰਘ, ਸ. ਨਰਿੰਦਰ ਸਿੰਘ, ਸ. ਸਤਨਾਮ ਸਿੰਘ, ਗ੍ਰੰਥੀ ਭਾਈ ਗੁਰਦੀਪ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਗੁਰਸੇਵਕ ਸਿੰਘ, ਪ੍ਰਚਾਰਕ ਭਾਈ ਤਰਸੇਮ ਸਿੰਘ ਆਦਿ ਹਾਜਰ ਸਨ।







San Francisco International Airport California ਵਿਖੇ ਅਮਰੀਕਾ ਪ੍ਰਚਾਰ ਫੇਰੀ ਤੋਂ ਵਾਪਸੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ

### ਗੁਰੂ ਸਾਹਿਬ ਦੀ ਬੇਮਿਸਾਲ ਹਿੰਮਤ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ : ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਰਮ, ਮਨੁੱਖੀ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੀ ਰਾਖੀ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਵਾਲੇ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਉਹਨਾਂ ਨੂੰ ਨਮਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੇਮਿਸਾਲ ਸਾਹਸ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਨਿਆਂ ਪ੍ਰਤੀ ਉਹਨਾਂ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ।



ਉਹਨਾਂ ਨੇ ਟਵੀਟ ਕੀਤਾ, “ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਹਨਾਂ ਅੱਗੇ ਸੀਸ ਝੁਕਾਉਂਦਾ ਹਾਂ। ਗੁਰੂ ਸਾਹਿਬ ਜੀ ਦੀ ਬੇਮਿਸਾਲ ਹਿੰਮਤ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਆਪ ਜੀ ਦੀ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ’ਤੇ ਦਿੱਤੇ ਗਏ ਆਪਣੇ ਭਾਸ਼ਣ ਨੂੰ ਵੀ ਸਾਂਝਾ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਿੱਕਾ ਅਤੇ ਡਾਕ ਟਿਕਟ ਵੀ ਜਾਰੀ ਕੀਤੀ ਸੀ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ 14 ਅਪ੍ਰੈਲ ਨੂੰ ਚਾਂਗਸਾਰੀ ਵਿਖੇ ਏਮਜ਼ ਦਾ ਉਦਘਾਟਨ ਕਰਨਗੇ



ਗੁਹਾਟੀ : ਚਾਂਗਸਾਰੀ ਵਿਖੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਦਾ ਇੱਕ ਦ੍ਰਿਸ਼ ਜਿਸਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ 14 ਅਪ੍ਰੈਲ, 2023 ਨੂੰ ਗੁਹਾਟੀ ਵਿੱਚ ਕਰਨਗੇ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ ਕੀਨੋ ਬਡੋ ਕਲੂ ਮਹਿ ਸਾਕਾ॥ ਸਾਧਨ ਹੇਤਿ ਇਤੀ ਜਿਨਿ ਕਰੀ ਸੀਸ ਦੀਆ ਪਰ ਸੀ ਨਾ ਉਚਰੀ॥

# ਰੱਖਿਆ ਮੰਤਰੀ ਰਾਜਨਾਥ ਸਿੰਘ ਗੁਰਦੁਆਰਾ ਸੀਸਗੰਜ ਸਾਹਿਬ ਨਤਮਸਤਕ





ਨਵੀਂ ਦਿੱਲੀ : ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਅੱਜ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਗੁਰੂ ਘਰ ਵਿੱਚ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਸਣੇ ਹੋਰਨਾਂ ਨੇ ਇਸ ਮੌਕੇ ਸ੍ਰੀ ਰਾਜਨਾਥ ਸਿੰਘ ਨੂੰ ਸਿਰੋਪਾਓ ਅਤੇ ਸਿਰੀ ਸਾਹਿਬ ਦੇ ਕੇ ਸਨਮਾਨਿਆ। ਇਸ ਮੌਕੇ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਅੱਗੇ ਸੀਸ ਨਿਵਾਉਂਦੇ ਹਨ। ਉਨ੍ਹਾਂ ਕਿਹਾ ਕਿ ਜ਼ੁਲਮ ਅਤੇ ਅਨਿਆਂ ਖ਼ ?ਲਾਫ਼ ਉਨ੍ਹਾਂ ਦਾ ਸੰਘਰਸ਼ ਸਾਨੂੰ ਸਦੀਆਂ ਤੱਕ ਪ੍ਰੇਰਦਾ ਰਹੇਗਾ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਆਸ਼ੀਰਵਾਦ ਮਿਲਿਆ ਹੈ। ਉਨ੍ਹਾਂ ਨੇ ਸਨਮਾਨ ਲਈ ਦਿੱਲੀ ਗੁਰਦੁਆਰਾ ਕਮੇਟੀ ਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

# ਦੇਸ਼ 'ਚ ਬਾਘਾਂ ਦੀ ਗਿਣਤੀ ਵਧ ਕੇ 3167 ਹੋਈ-ਮੋਦੀ

ਚਾਮਰਾਜਨਗਰ, ਮੈਸੂਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਨਾਟਕ ਦੇ ਬਾਂਦੀਪੁਰ 'ਚ 'ਟਾਈਗਰ ਰੱਖ' ਵਿਚ ਐਤਵਾਰ ਸਵੇਰੇ ਜੰਗਲ ਸਫਾਰੀ ਦਾ ਲੁਤਫ ਲਿਆ। ਉਹ 'ਪ੍ਰਾਜੈਕਟ ਟਾਈਗਰ' ਦੇ 50 ਸਾਲ ਪੂਰੇ ਹੋਣ ਮੌਕੇ ਕਰਵਾਏ ਸਮਾਗਮ ਦੇ ਸਿਲਸਿਲੇ ਵਿਚ ਚਾਮਰਾਜਨਗਰ ਪੁੱਜੇ ਸਨ। ਪ੍ਰਧਾਨ ਮੰਤਰੀ ਦਾ ਫਰੰਟਲਾਈਨ ਫੀਲਡ ਸਟਾਫ਼ ਅਤੇ ਰਿਜ਼ਰਵ ਸਰਗਰਮੀਆਂ ਵਿਚ ਸ਼ਾਮਿਲ ਸਵੈ ਸਹਾਇਤਾ ਗਰੁੱਪਾਂ ਨਾਲ ਗੱਲਬਾਤ ਕਰਨ ਦੀ ਵੀ ਪ੍ਰੋਗਰਾਮ ਸੀ। ਬਾਂਦੀਪੁਰ ਦੀ ਟਾਈਗਰ ਰੱਖ ਅਸਲ ਵਿਚ ਚਾਮਰਾਜਨਗਰ ਜ਼ਿਲ੍ਹੇ ਦੇ ਗੁੰਦਲੁਪੇਟ ਤਾਲੁਕ ਵਿਚ ਮੈਸੂਰ ਜ਼ਿਲ੍ਹੇ ਦੇ ਐਚ.ਡੀ. ਕੋਟੇ ਅਤੇ ਨੰਜਨਗੁਡ ਤਾਲੁਕ ਵਿਚ ਸਥਿਤ ਹੈ। ਉਨ੍ਹਾਂ ਨੇ ਸਫਾਰੀ ਦੌਰਾਨ ਲਗਪਗ 20 ਕਿਲੋਮੀਟਰ ਦਾ ਸਫ਼ਰ ਖੁੱਲ੍ਹੀ ਜੀਪ ਵਿਚ ਤੈਅ ਕੀਤਾ। ਮੋਦੀ ਨੇ ਟਵੀਟ ਕਰਦੇ ਹੋਏ ਲਿਖਿਆ ਕਿ ਸਵੇਰ ਦਾ ਸਮਾਂ ਸੁੰਦਰ ਬਾਂਦੀਪੁਰ ਟਾਈਗਰ ਰੱਖ ਵਿਚ ਬਤੀਤ ਕੀਤਾ ਅਤੇ ਭਾਰਤ ਵਿਚ ਜੀਵ ਜੰਤੂਆਂ ਦੇ ਜੰਗਲੀ ਜੀਵਨ, ਕੁਦਰਤੀ ਸੁੰਦਰਤਾ ਅਤੇ ਵਿਲੱਖਣਤਾ ਦੀ ਝਲਕ ਦੇਖੀ ਗਈ। ਸੂਬੇ ਦੇ ਵਣ ਵਿਭਾਗ ਅਨੁਸਾਰ 19 ਫਰਵਰੀ 1941 ਨੂੰ ਇਕ ਸਰਕਾਰੀ ਨੋਟੀਫਿਕੇਸ਼ਨ ਤਹਿਤ ਤਤਕਾਲੀਨ ਵੇਣੂਗੋਪਾਲ ਵਣ ਜੀਵ ਪਾਰਕ ਦੇ ਜੰਗਲੀ ਖੇਤਰ ਦੇ ਜ਼ਿਆਦਾਤਰ ਹਿੱਸੇ ਨੂੰ ਲੈ ਕੇ ਇਕ ਰਾਸ਼ਟਰੀ ਪਾਰਕ ਬਣਾਇਆ ਗਿਆ ਸੀ। ਜਾਣਕਾਰੀ ਅਨੁਸਾਰ 1985 ਵਿਚ ਇਸ ਰਾਸ਼ਟਰੀ ਪਾਰਕ ਦਾ ਵਿਸਥਾਰ ਕੀਤਾ ਗਿਆ, ਜਿਸ ਨਾਲ ਇਸ ਦਾ ਖੇਤਰਫਲ ਵਧ ਕੇ 874 ਵਰਗ ਕਿਲੋਮੀਟਰ ਹੋ ਗਿਆ ਅਤੇ ਇਸ ਦਾ ਨਾਂਅ ਬਾਂਦੀਪੁਰ ਰਾਸ਼ਟਰੀ ਪਾਰਕ ਰੱਖ ਦਿੱਤਾ ਗਿਆ। ਮੌਜੂਦਾ ਸਮੇਂ ਵਿਚ ਬਾਂਦੀਪੁਰ ਟਾਈਗਰ ਰੱਖ 912.04 ਵਰਗ ਕਿਲੋਮੀਟਰ ਖੇਤਰ ਵਿਚ ਫੈਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਵਾਤਾਵਰਨ ਅਤੇ ਅਰਥਵਿਵਸਥਾ ਵਿਚਕਾਰ ਟਕਰਾਅ ਵਿਚ ਵਿਸ਼ਵਾਸ ਨਹੀਂ ਰੱਖਦਾ ਪਰ ਦੋਵਾਂ ਵਿਚ ਸਹਿ-ਹੋਂਦ ਨੂੰ ਮਹੱਤਵ ਦਿੰਦਾ ਹੈ। ਸ਼ੇਰਾਂ ਵਰਗੀਆਂ ਵੱਡੀਆਂ ਬਿੱਲੀਆਂ ਦੀ ਰੱਖਿਆ ਅਤੇ ਬਚਾਅ ਲਈ 'ਇੰਟਰਨੈਸ਼ਨਲ ਬਿੱਗ ਕੈਟਸ ਅਲਾਇੰਸ (ਆਈ.ਬੀ.ਸੀ.ਏ.) ਨੂੰ ਸ਼ੁਰੂ ਕਰਨ ਸਮੇਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਗਲੀ ਜੀਵਨ ਦੀ ਰੱਖਿਆ ਕਰਨਾ ਇਕ ਵਿਸ਼ਵ ਪੱਧਰੀ ਮੁੱਦਾ ਹੈ। ਪ੍ਰਧਾਨ ਮੰਤਰੀ ਕਰਨਾਟਕ ਸਟੇਟ ਓਪਨ ਯੂਨੀਵਰਸਿਟੀ ਵਿਚ 'ਟਾਈਗਰ ਪ੍ਰਾਜੈਕਟ ਦੇ 50 ਸਾਲ ਦੀ ਯਾਦਗਾਰ' ਪ੍ਰੋਗਰਾਮ ਦਾ ਉਦਘਾਟਨ ਕਰਨ ਤੋਂ ਬਾਅਦ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਸ਼ੇਰਾਂ ਦੇ ਪਰਿਵਾਰ ਵੱਡੇ ਹੋ ਰਹੇ ਹਨ ਅਤੇ 2022 ਤੱਕ ਭਾਰਤ 'ਚ ਸ਼ੇਰਾਂ ਦੀ ਗਿਣਤੀ 3167 ਹੋ ਗਈ ਸੀ। ਜਾਣਕਾਰੀ ਅਨੁਸਾਰ 2006 ਵਿਚ ਸ਼ੇਰਾਂ ਦੀ ਗਿਣਤੀ 1411, 2010 ਵਿਚ 1706, 2014 ਵਿਚ 2226 ਅਤੇ 2018 ਵਿਚ 2967 ਸੀ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਟਾਈਗਰ ਦੀ ਸਫਲਤਾ ਕੇਵਲ ਭਾਰਤ ਲਈ ਨਹੀਂ ਸਗੋਂ ਪੂਰੇ ਵਿਸ਼ਵ ਲਈ ਮਾਣ ਵਾਲੀ ਗੱਲ ਹੈ।

ਪ੍ਰਧਾਨ ਮੰਤਰੀ ਨੇ ਤਾਮਿਲਨਾਡੂ ਦੇ ਨੀਲਗਿਰੀਸ ਦੇ ਪਹਾੜੀ ਜ਼ਿਲ੍ਹੇ ਦੇ ਮੁਦੂਮਲਾਈ 'ਚ ਹਾਥੀ ਕੈਂਪ ਦਾ ਵੀ ਦੌਰਾ ਕੀਤਾ। ਉਨ੍ਹਾਂ ਨੇ ਇੱਥੇ ਟਾਈਗਰ ਰੱਖ ਦੇ ਥੇਪਕਾਡੂ ਕੈਂਪ ਵਿਚ ਕੁਝ ਹਾਥੀਆਂ ਨੂੰ ਗੰਨੇ ਵੀ ਖੁਆਏ। ਇਹ ਉਹੀ ਹਾਥੀ ਕੈਂਪ ਹੈ ਜਿੱਥੇ ਆਸਕਰ ਜੇਤੂ ਫਿਲਮ 'ਦ ਐਲੀਫੈਂਟ ਵਿਪਸਰਜ਼' ਵਾਲਾ ਰਘੂ ਹਾਥੀ ਵੀ ਰਹਿੰਦਾ ਹੈ। ਪ੍ਰਧਾਨ ਮੰਤਰੀ ਨੇ ਹਾਥੀ ਦੇ ਬੱਚੇ ਰਘੂ ਨੂੰ ਪਾਲਣ ਵਾਲੇ ਆਦਿਵਾਸੀ ਜੋੜੇ ਬੇਲੀ ਅਤੇ ਬੋਮਨ ਨਾਲ ਵੀ ਗੱਲਬਾਤ ਕੀਤੀ।










ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਸਾਡੇ ਕਲੀਨਿਕ ਵਿਚ ਕਿਸੇ ਵੀ ਕਿਸਮ ਦੇ ਇਮੀਗ੍ਰੇਸ਼ਨ ਨਾਲ ਸਬੰਧਤ ਤੁਸੀਂ ਚੈਕਅਪ ਕਰਵਾ ਸਕਦੇ ਹੋ। ਇਥੇ ਡੀਐਮਵੀ ਸਕੂਲ ਵਾਸਤੇ ਫਿਜ਼ੀਕਲ ਚੈਕਅਪ

Yes, Dr. Manbir Singh is accepting new patients at this office.

OFFICE HOURS

| | Open | Lunch | Close |
|---|---|---|---|
| Mon | 8.00am | 12.00-1.00 pm | 5.00 pm |
| Tue | 8.00am | 12.00-1.00 pm | 5.00 pm |
| Wed | 8.00am | 12.00-1.00 pm | 5.00 pm |
| Thu | 8.00am | 12.00-1.00 pm | 5.00 pm |
| Fri | 8.00am | 12.00-1.00 pm | 5.00 pm |

733 3rd Street, McFarland, CA 93250

**PHONE : (661) 792-3097**

We perform truck drivers physical and immigration physical from macfarland & Bakersfield Locations

**Tel 661 792 3097**



ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਦੇ ਸੇਵਾਦਾਰ, ਹਰ ਸਮੇਂ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕੇ ਉਘੇ ਸਿੱਖ ਆਗੂ ਕੈਲੀਫੋਰਨੀਆ ਦੇ ਪ੍ਰਸਿੱਧ ਡਾਕਟਰ

# ਡਾ. ਮਨਬੀਰ ਸਿੰਘ

(MD) Bakersfield

# ਅਤੇ ਸਮੂਹ ਪਰਿਵਾਰ


ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ,
ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ



# ਸਿੱਖੀ ਦੀ ਆਨ, ਬਾਨ ਅਤੇ ਸ਼ਾਨ ਦਸਤਾਰ

**ਸਾਨੂੰ ਦਸਤਾਰ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਸ ਦਾ ਦਿਲੋਂ ਆਦਰ ਕਰਨਾ ਚਾਹੀਦਾ ਹੈ। ਇਹ ਹੀ ਸਾਡੀ ਆਨ, ਬਾਨ, ਸ਼ਾਨ ਅਤੇ ਮਾਣ ਹੈ।**

ਪ੍ਰੋ. ਅੱਛਰੂ ਸਿੰਘ

ਦਸਤਾਰ, ਜਿਸ ਨੂੰ ਪੱਗ ਅਤੇ ਪਗੜੀ ਆਦਿ ਵੀ ਕਿਹਾ ਜਾਂਦਾ ਹੈ, ਸਿੱਖੀ ਦੀ ਵਿਲੱਖਣ ਪਛਾਣ ਹੋਣ ਦੇ ਨਾਲ-ਨਾਲ, ਇਸ ਦੀ ਆਨ, ਬਾਨ ਅਤੇ ਸ਼ਾਨ ਵੀ ਹੈ ਸਰਦਾਰ ਦਾ ਸ਼ਾਬਦਿਕ ਅਰਥ ਪ੍ਰਧਾਨ, ਮੁਖੀਆ, ਚੌਧਰੀ, ਆਗੂ ਅਤੇ ਸ਼ਿਰੋਮਣੀ ਆਦਿ ਹੁੰਦਾ ਹੈ। ਦਸਤਾਰ ਮੂਲ ਰੂਪ ਵਿਚ ਫਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਸੰਧੀ ਛੇਦ ਦਸਤ-ਏ-ਯਾਰ ਭਾਵ ਪਰਮਾਤਮਾ ਦਾ ਹੱਥ ਬਣਦਾ ਹੈ। ਸਿਰ 'ਤੇ ਸਜੀ ਦਸਤਾਰ ਨਾਲ ਹੀ ਮਨੁੱਖ ਆਪਣੇ ਆਪ ਨੂੰ ਸਰਦਾਰ ਕਹਾਉਣ ਦਾ ਹੱਕਦਾਰ ਬਣਦਾ ਹੈ ਸਿੱਖ ਗੁਰੂ ਸਾਹਿਬਾਨਾਂ ਦੁਆਰਾ ਸਾਨੂੰ ਬਖ਼ਸ਼ੀ ਗਈ ਦਸਤਾਰ ਸਦਕਾ ਹੀ ਅਸੀਂ ਆਪਣੇ ਆਪ ਨੂੰ ਸਰਦਾਰ ਕਹਾਉਣ ਦੇ ਹੱਕਦਾਰ ਹੋਏ ਹਾਂ ਅਤੇ ਵਿਸ਼ਵ ਭਰ ਵਿਚ ਸਾਡੀ ਵਿਲੱਖਣ ਪਛਾਣ ਬਣੀ ਹੈ ਜਦ ਦਸਤਾਰ ਦੇ ਨਾਲ-ਨਾਲ ਉੱਚਾ-ਸੁੱਚਾ ਕਿਰਦਾਰ, ਸੇਵਾ ਭਾਵਨਾ, ਸੁਹਿਰਦਤਾ, ਤਿਆਗ ਭਾਵਨਾ ਅਤੇ ਨਿਮਰਤਾ ਆਦਿ ਗੁਣ ਪੈਦਾ ਹੋ ਜਾਂਦੇ ਹਨ ਤਾਂ ਅਸੀਂ ਸਹੀ ਅਰਥਾਂ ਵਿਚ ਸਰਦਾਰ ਕਹਾਉਣ ਦੇ ਹੱਕਦਾਰ ਹੋ ਜਾਂਦੇ ਹਾਂ ਸਾਡੇ ਵਿਚ ਕਰਤੂਤਿ ਪਸੂ ਕੀ ਮਾਨਸ ਜਾਤਿ ਵਾਲੀ ਕੋਈ ਗੱਲ ਨਹੀਂ ਰਹਿੰਦੀ ਅਤੇ ਅਸੀਂ ਸਹੀ ਅਰਥਾਂ ਵਿਚ ਇਨਸਾਨ ਬਣ ਜਾਂਦੇ ਹਾਂ ਸਿਆਣੇ ਕਹਿੰਦੇ ਹਨ ਕਿ ਮਨੁੱਖ ਦੀ ਪਹਿਚਾਣ ਉਸ ਦੀ ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ ਨਾਲ ਹੀ ਬਣਦੀ ਹੈ

ਸਿਰ 'ਤੇ ਪਗੜੀ ਸਜਾਉਣਾ ਸਾਡੇ ਪੰਜਾਬੀ ਅਤੇ ਬਹੁਤ ਹੱਦ ਤਕ ਭਾਰਤੀ ਸਭਿਆਚਾਰ ਦਾ ਇਕ ਅਨਿਖੜਵਾਂ ਅੰਗ ਰਿਹਾ ਹੈ। ਸਾਡੇ ਰਾਜੇ ਮਹਾਰਾਜੇ ਆਪਣੇ ਸਿਰਾਂ 'ਤੇ ਕਲਗੀ ਜਾਂ ਤਾਜ ਪਹਿਨਦੇ ਦਿਖਾਏ ਜਾਂਦੇ ਹਨ ਤੇ ਕਿਸੇ ਵੀ ਵਿਅਕਤੀ ਦੇ ਸਿਰ 'ਤੇ ਸਜੀ ਹੋਈ ਦਸਤਾਰ ਇਕ ਤਰ੍ਹਾਂ ਨਾਲ ਉਸ ਦੇ ਸਿਰ 'ਤੇ ਸਜਿਆ ਹੋਇਆ ਤਾਜ ਹੀ ਸਮਝਿਆ ਜਾਂਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਤਾਜ ਜਾਂ ਮੁਕਟ ਕੇਸਾਂ ਨੂੰ ਪਿੱਛੇ ਸੁੱਟ ਕੇ ਨੰਗੇ ਸਿਰ 'ਤੇ ਟੋਪੀ ਵਾਂਗ ਪਹਿਨਿਆਂ ਜਾਂਦਾ ਹੈ ਜਦਕਿ ਕਲਗੀ ਖ਼ੂਬਸੂਰਤ ਪੰਜਾਬੀ, ਰਾਜਪੂਤੀ ਜਾਂ ਮਰਾਠੀ ਪਗੜੀ ਉੱਪਰ ਲੰਮੀ ਡੋਰ ਨਾਲ ਪਹਿਨੀ ਜਾਂਦੀ ਹੈ। ਵੈਸੇ ਵੀ ਕਿਸੇ ਵਿਅਕਤੀ ਪ੍ਰਤੀ ਆਪਣੇ ਸਤਿਕਾਰ ਦਾ ਪ੍ਰਗਟਾਵਾ ਕਰਨ ਲਈ ਅਸੀਂ ਆਪਣਾ ਸਿਰ ਢਕ ਲੈਂਦੇ ਹਾਂ। ਸੱਭਿਆਚਾਰਕ ਭਿੰਨਤਾ ਦੀ ਮਿਸਾਲ ਦੇਖੋ-ਯੂਰਪੀਨ ਲੋਕ ਕਿਸੇ ਪ੍ਰਤੀ ਆਪਣੇ ਸਤਿਕਾਰ ਦਾ ਪ੍ਰਗਟਾਵਾ ਆਪਣਾ ਹੈਟ ਉਤਾਰ ਕੇ ਕਰਦੇ ਹਨ! ਪੰਜਾਬ ਵਿਚ ਸਿਰਾਂ ਉੱਪਰ ਪਗੜੀ ਕੇਵਲ ਸਿੱਖ ਲੋਕ ਹੀ ਨਹੀਂ ਸਗੋਂ ਬਹੁਗਿਣਤੀ ਬਾਕੀ ਫਿਰਕਿਆਂ ਦੇ ਲੋਕ ਵੀ ਬੰਨ੍ਹਦੇ ਰਹੇ ਹਨ ਤੇ ਵਿਆਹ-ਸ਼ਾਦੀਆਂ ਵਿਚ ਤਾਂ ਹਿੰਦੂ ਪਰਿਵਾਰਾਂ ਦੇ ਮੁਖੀ ਮਰਦ ਹੁਣ ਤਕ ਵੀ ਆਪਣੇ ਸਿਰਾਂ ਉੱਪਰ ਪਗੜੀਆਂ ਸਜਾਉਂਦੇ ਹਨ। ਸਿੱਖ ਪਰਿਵਾਰਾਂ ਵਿਚ ਪੱਗ ਨੂੰ ਅਣਖ, ਇੱਜ਼ਤ, ਜ਼ਿੰਮੇਵਾਰੀ ਅਤੇ ਸ਼ਾਨ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। ਕਿਸੇ ਦੇ ਪੈਰੀਂ ਪੱਗ ਧਰਨ ਦਾ ਭਾਵ ਹੁੰਦਾ ਹੈ ਬਿਲਕੁਲ ਹੀ ਨਿਵ ਜਾਣਾ ਜਾਂ ਮਿੰਨਤ ਕਰਨੀ। ਪੱਗ ਨੂੰ ਦਾਗ ਜਾਂ ਲਾਜ ਲਾਉਣ ਤੋਂ ਭਾਵ ਹੁੰਦਾ ਹੈ ਘੋਰ ਅਪਮਾਨ ਕਰਨਾ। ਪੱਗ ਦੇਣ ਤੋਂ ਭਾਵ ਹੁੰਦਾ ਹੈ ਜ਼ਿੰਮੇਵਾਰੀ ਸੌਂਪਣਾ। ਸਾਰੇ ਹੀ ਸਿੱਖ ਗੁਰੂ ਆਪਣੇ ਸਿਰਾਂ 'ਤੇ ਦਸਤਾਰ ਸਜਾਉਂਦੇ ਸਨ ਅਤੇ ਆਪਣੇ ਜਾਨਸ਼ੀਨ ਨੂੰ ਗੱਦੀ ਦੇਣ ਸਮੇਂ ਉਸ ਨੂੰ ਦਸਤਾਰ ਨਾਲ ਨਿਵਾਜਦੇ ਸਨ। ਮਾਤਾ ਜਾਂ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਲੜਕੇ ਜਾਂ ਲੜਕਿਆਂ ਦੇ ਸਿਰ ਪੱਗ ਬੰਨ੍ਹਾਈ ਜਾਂਦੀ ਹੈ ਜਿਸ ਦਾ ਭਾਵ ਹੁੰਦਾ ਹੈ ਕਿ ਇਸ ਤੋਂ ਬਾਅਦ ਮ੍ਰਿਤਕ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਲੜਕੇ ਜਾਂ ਲੜਕਿਆਂ ਨੇ ਉਠਾਉਣੀ ਹੈ। ਜੇਕਰ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਵੇ ਤੇ ਉਸ ਨੂੰ ਉਸਦੇ ਦਿਓਰ ਜਾਂ ਕਿਸੇ ਹੋਰ ਮਰਦ ਦੇ ਲੜ ਲਾਉਣਾ ਹੋਵੇ ਤਾਂ ਉਸ ਨੂੰ ਪੱਗ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਰਿਸ਼ਤਾ ਸਥਾਪਤ ਕਰਨ ਨੂੰ ਚਾਦਰ ਪਾਉਣੀ ਜਾਂ ਕਰੇਵਾ ਕਰਨਾ ਵੀ ਕਿਹਾ ਜਾਂਦਾ ਹੈ। ਪੱਗ ਰੋਲਣ ਤੋਂ ਸਿੱਧਾ ਭਾਵ ਇੱਜ਼ਤ ਰੋਲਣਾ ਹੁੰਦਾ ਹੈ।

ਪੱਗਾਂ ਮਲਮਲ, ਵਾਇਲ ਜਾਂ ਰੁਬੀਆ ਵਾਇਲ ਦੀਆਂ ਹੁੰਦੀਆਂ ਹਨ। ਪੱਗਾਂ ਨੂੰ ਸਿਰਾਂ ਉੱਪਰ ਬੇਤਰਤੀਬੇ ਜਿਹੇ ਢੰਗ ਨਾਲ ਵੀ ਲਪੇਟ ਲਿਆ ਜਾਂਦਾ ਹੈ ਤੇ ਪੇਚ ਕੇ ਵੀ ਬੰਨ੍ਹ ?ਆ ਜਾਂਦਾ ਹੈ। ਪਹਿਲਾਂ ਪੱਗਾਂ ਨੂੰ ਘਰਾਂ ਵਿਚ ਜਾਂ ਲਲਾਰੀਆਂ ਤੋਂ ਮਾਵਾ ਦਿਵਾ ਕੇ ਬੰਨ੍ਹਣ ਦਾ ਰਿਵਾਜ ਸੀ। ਮਾਵਾ ਦਿੱਤੀ ਪੱਗ ਨੂੰ ਪਾਣੀ ਦੇ ਛਿੱਟੇ ਮਾਰ ਕੇ ਬੰਨ੍ਹ ਲਿਆ ਜਾਂਦਾ ਸੀ ਤੇ ਫਿਰ ਕਈ ਕਈ ਦਿਨ ਉਸ ਨੂੰ ਟੋਪੀ ਵਾਂਗ ਹੀ ਮੁੜ ਸਿਰ 'ਤੇ ਧਰ ਲਿਆ ਜਾਂਦਾ ਸੀ। ਇਹ ਪੱਗਾਂ ਇਕਹਿਰੇ ਪਨ੍ਹੇ ਦੀਆਂ ਹੁੰਦੀਆਂ ਸਨ ਅਤੇ ਇਨ੍ਹਾਂ ਦੀ ਲੰਬਾਈ ਪੰਜ ਕੁ ਗਜ਼ ਜਾਂ ਮੀਟਰ ਹੁੰਦੀ ਸੀ। ਕੁਝ ਸਮੇਂ ਬਾਅਦ ਰੁਬੀਆ ਵਾਇਲ ਜਾਂ ਪਿਓਰ ਵਾਇਲ ਦੀਆਂ ਪੱਗਾਂ ਦਾ ਰਿਵਾਜ ਸ਼ੁਰੂ ਹੋ ਗਿਆ। ਇਨ੍ਹਾਂ ਪੱਗਾਂ ਦੀ ਲੰਬਾਈ 7 ਮੀਟਰ ਜਾਂ ਇਸ ਤੋਂ ਵੱਧ ਹੁੰਦੀ ਹੈ ਅਤੇ ਇਨ੍ਹਾਂ ਦੇ ਵਿਚਕਾਰ ਸੀਣ ਪਾ ਕੇ ਇਨ੍ਹਾਂ ਨੂੰ ਦੂਹਰੇ ਪਨ੍ਹੇ ਦੀਆਂ ਕਰ ਲਿਆ ਜਾਂਦਾ ਹੈ। ਇਨ੍ਹਾਂ ਨੂੰ ਮਾਵਾ ਦਿਵਾਉਣ ਦੀ ਲੋੜ ਨਹੀਂ ਹੁੰਦੀ ਅਤੇ ਇਨ੍ਹਾਂ ਨੂੰ ਅਕਸਰ ਹਰ ਰੋਜ਼ ਹੀ ਬੰਨ੍ਹਣਾ ਪੈਂਦਾ ਹੈ।



ਕਿਸੇ ਸਮੇਂ ਚੀਰੇ (ਲਹਿਰੀਏ ਵਾਲੀਆਂ ਪੱਗਾਂ) ਜਾਂ ਛਾਪੇਦਾਰ ਪੱਗਾਂ ਬੰਨ੍ਹਣ ਦਾ ਰਿਵਾਜ ਵੀ ਪ੍ਰਚੱਲਿਤ ਰਿਹਾ ਹੈ ਜੋ ਹੁਣ ਕਾਫੀ ਘਟ ਚੁੱਕਾ ਹੈ। ਇਹ ਪੱਗਾਂ ਵਧੇਰੇ ਕਰਕੇ ਪਾਕਿਸਤਾਨ ਦੇ ਪੋਠੋਹਾਰ ਅਤੇ ਕੁਝ ਹੋਰ ਇਲਾਕਿਆਂ ਵਿਚੋਂ ਆਏ ਲੋਕ ਬੰਨ੍ਹਦੇ ਸਨ ਅਤੇ ਉਹ ਇਨ੍ਹਾਂ ਨੂੰ ਬੰਨ੍ਹਦੇ ਵੀ ਵਿਸ਼ੇਸ਼ ਅੰਦਾਜ਼ ਵਿਚ ਸਨ। ਇਹ ਲੋਕ ਇੱਕ ਦੂਜੇ ਨੂੰ ਵਧੇਰੇ ਕਰਕੇ ਭਰਾ ਜੀ ਜਾਂ ਭਾਪਾ ਜੀ ਕਹਿ ਕੇ ਸੰਬੋਧਨ ਕਰਦੇ ਸਨ ਜਿਸ ਕਾਰਨ ਇਧਰਲੇ ਪੰਜਾਬ ਵਿਚ ਉਨ੍ਹਾਂ ਨੂੰ ਭਾਪਾ ਜਾਂ ਭਾਪੇ ਕਿਹਾ ਜਾਣ ਲੱਗ ਪਿਆ। ਪਟਿਆਲਾ ਸ਼ਾਹੀ ਪੱਗ ਪੂਰੇ ਪੰਜਾਬ ਭਰ ਵਿਚ ਪ੍ਰਸਿੱਧ ਹੈ। ਮੇਲਿਆਂ-ਮੁਸਾਹਬਿਆਂ ਵਿਚ ਗੱਭਰੂ ਤੁਰਲੇ ਜਾਂ ਸ਼ਮਲੇ ਵਾਲੀਆਂ ਪੱਗਾਂ ਵੀ ਬੰਨ੍ਹ ਕੇ ਜਾਂਦੇ ਰਹੇ ਹਨ। ਸਟੇਜਾਂ 'ਤੇ ਭੰਗੜਾ ਪਾ ਰਹੇ ਗੱਭਰੂਆਂ ਦੇ ਸਿਰਾਂ 'ਤੇ ਅੱਜ ਵੀ ਤੁਰਲ੍ਹੇ ਵਾਲੀਆਂ ਪੱਗਾਂ ਦੇਖੀਆਂ ਜਾ ਸਕਦੀਆਂ ਹਨ। ਟੌਰੇ ਵਾਲੀ ਪੱਗ ਜਾਂ ਤਾਂ ਬਿਲਕੁਲ ਸਧਾਰਨ ਤੇ ਜਾਂ ਫਿਰ ਵੈਲੀ ਸੁਭਾਅ ਦੇ ਲੋਕਾਂ ਦੇ ਸਿਰਾਂ ਉੱਪਰ ਦੇਖੀ ਜਾ ਸਕਦੀ ਸੀ। ਗੁਰੂ ਕੀ ਲਾਡਲੀ ਫ਼ੌਜ ਵਜੋਂ ਜਾਣੇ ਜਾਂਦੇ ਨਿਹੰਗ ਸਿੰਘਾਂ ਦੀਆਂ ਪੱਗਾਂ ਆਪਣੇ ਵਡੇਰੇ ਰੂਪ ਅਤੇ ਅਕਾਰ ਕਾਰਨ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੀਆਂ ਹਨ। ਨਾਮਧਾਰੀ ਸੰਪਰਦਾਇ ਦੇ ਸ਼ਰਧਾਲੂ ਚਿੱਟੇ ਰੰਗ ਦੀਆਂ ਗੁਲਾਈਦਾਰ ਪੱਗਾਂ ਬੰਨ੍ਹਦੇ ਹਨ। ਬਜ਼ਾਰ ਵਿਚ ਅਨੇਕ ਰੰਗਾਂ ਦੀਆਂ ਪੱਗਾਂ ਉਪਲਬਧ ਹਨ ਅਤੇ ਹਰ ਕੋਈ ਆਪਣੀ ਪਸੰਦ ਅਨੁਸਾਰ ਰੰਗਾਂ ਦੀ ਚੋਣ ਕਰ ਸਕਦਾ ਹੈ।





ਪੱਗ ਮੁੱਖ ਤੌਰ 'ਤੇ ਜਨਤਕ ਅਤੇ ਉਪਚਾਰਕ ਪਹਿਰਾਵਾ ਹੈ ਅਤੇ ਕੰਮ-ਕਾਜ 'ਤੇ ਜਾਣ ਸਮੇਂ ਜਾਂ ਕਿਸੇ ਸਮਾਗਮ ਆਦਿ ਵਿਚ ਸ਼ਾਮਿਲ ਹੋਣ ਸਮੇਂ ਇਸ ਦਾ ਸਿਰ 'ਤੇ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਅੱਜ-ਕੱਲ੍ਹ ਛੋਟੇ ਬੱਚੇ ਸਿਰਾਂ ਉਪਰ ਤਣੀਆਂ ਵਾਲੇ ਪਟਕੇ ਬੰਨ੍ਹ ਕੇ ਬਾਹਰ ਜਾਂਦੇ ਹਨ ਪਰ ਸਾਡੇ ਸਮੇਂ ਅਜਿਹੇ ਪਟਕਿਆਂ ਦਾ ਰਿਵਾਜ ਨਹੀਂ ਹੁੰਦਾ ਸੀ ਅਤੇ ਅਸੀਂ ਜਦ ਤਕ ਪੱਗ ਬੰਨ੍ਹਣੀ ਨਹੀਂ ਸਿੱਖੇ, ਆਪਣੇ ਜੂੜਿਆਂ ਉਪਰ ਰੁਮਾਲ ਹੀ ਬੰਨ੍ਹਦੇ ਸੀ। ਕਦੀ-ਕਦੀ ਸਾਡੇ ਪਿਤਾ ਜੀ ਜਾਂ ਚਾਚਾ ਜੀ ਸਾਡੇ ਸਿਰਾਂ 'ਤੇ ਪੱਗ ਵੀ ਬੰਨ੍ਹ ਦਿੰਦੇ ਸਨ ਤੇ ਇਹ ਪੱਗ ਜਾਂ ਤਾਂ ਪਿਤਾ ਜੀ ਦੀ ਕਿਸੇ ਪੁਰਾਣੀ ਪੱਗ ਦਾ ਟੋਟਾ ਹੁੰਦੀ ਸੀ ਅਤੇ ਜਾਂ ਸਾਡੀ ਮਾਤਾ ਜੀ ਦੀ ਕੋਈ ਮੋਟੀ ਜਿਹੀ ਚੁੰਨੀ। ਘਰਾਂ ਵਿਚ ਮਰਦ ਆਪਣੇ ਸਿਰਾਂ ਉੱਪਰ ਦੋ ਢਾਈ ਮੀਟਰ ਦੇ ਪਟਕੇ, ਸਿਰੋਪੇ ਜਾਂ ਸਧਾਰਨ ਪਰਨੇ ਹੀ ਬੰਨ੍ਹ ਕੇ ਕੰਮ ਚਲਾਉਂਦੇ ਹਨ ਅਤੇ ਇਨ੍ਹਾਂ ਪਰਨਿਆਂ ਨੂੰ ਸਾਫ਼ਾ ਜਾਂ ਸਾਫ਼ੀ ਵੀ ਕਿਹਾ ਜਾਂਦਾ ਹੈ। ਭਾਰ ਆਦਿ ਚੁੱਕਣ ਸਮੇਂ ਸਿਰ 'ਤੇ ਭਾਰੀ ਕੱਪੜੇ ਦਾ ਮੰਡਾਸਾ ਵੀ ਮਾਰ ਲਿਆ ਜਾਂਦਾ ਹੈ। ਛੋਟੇ ਬੱਚਿਆਂ ਦਾ ਠੰਢ ਤੋਂ ਬਚਾਅ ਕਰਨ ਲਈ ਕੱਪੜੇ ਦੇ ਚੌਰਸ ਟੋਪੇ ਬਣਾਏ ਜਾਂਦੇ ਸਨ। ਇਹ ਟੋਪੇ ਸਿਲਾਈ ਜਾਣਦੀਆਂ ਔਰਤਾਂ ਅਕਸਰ ਘਰ ਵਿਚ ਹੀ ਸਿਉਂ ਲੈਂਦੀਆਂ ਸਨ। ਮੈਂ ਆਪਣੀ ਮਾਤਾ ਨੂੰ ਅਜਿਹੇ ਬਥੇਰੇ ਟੋਪੇ ਬਣਾਉਂਦੇ ਹੋਏ ਦੇਖਿਆ ਹੈ। ਕੁਝ ਵੱਡੇ ਬੱਚੇ ਆਪਣੇ ਸਿਰਾਂ ਉੱਪਰ ਬਜ਼ਾਰੂ ਗੁਲੂਬੰਦ ਜਾਂ ਮਫਲਰ ਵੀ ਲਪੇਟ ਲੈਂਦੇ ਸਨ। ਸਿਰ ਉੱਪਰ ਕੋਈ ਨਾ ਕੋਈ ਕੱਪੜਾ ਲਪੇਟਣਾ ਧੂੜ-ਮਿੱਟੀ ਅਤੇ ਠੰਢ-ਠੁੱਕਰ ਤੋਂ ਬਚਾਅ ਲਈ ਅੱਜ ਵੀ ਜ਼ਰੂਰੀ ਸਮਝਿਆ ਜਾਂਦਾ ਹੈ। ਬਹੁਤ ਸਾਰੇ ਸਿੱਖ ਪਰਿਵਾਰਾਂ ਵਿਚ ਲੜਕੇ ਦੀ ਬਚਪਨ ਵਿਚ ਦਸਤਾਰਬੰਦੀ ਦੀ ਰਸਮ ਕੀਤੀ ਜਾਂਦੀ ਹੈ। ਪਹਿਲੀ ਪੱਗ ਅਕਸਰ ਬੱਚੇ ਦੇ ਨਾਨਕੇ ਲੈ ਕੇ ਆਉਂਦੇ ਹਨ।

ਸਾਨੂੰ ਦਸਤਾਰ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਸ ਦਾ ਦਿਲੋਂ ਆਦਰ ਕਰਨਾ ਚਾਹੀਦਾ ਹੈ। ਇਹ ਹੀ ਸਾਡੀ ਆਨ, ਬਾਨ, ਸ਼ਾਨ ਅਤੇ ਮਾਣ ਹੈ।





ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ




## ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ

ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Jugraj Singh Sahota
President United Sports Club USA



Narinder Singh Sahota
Joint Finance Secretary
United Sports Club USA

## J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


# ਜਲ੍ਹਿਆਂਵਾਲੇ ਬਾਗ ਦਾ ਹਿਰਦੇ ਵਲੂੰਧਰਨ ਵਾਲਾ ਖ਼ੂਨੀ ਸਾਕਾ

ਪ੍ਰਿਥੀਪਾਲ ਸਿੰਘ ਮਾੜੀਮੇਘਾ

*ਬਾਗ ਦੇ ਖ਼ੂਨੀ ਕਾਂਡ ਦਾ ਪਿਛੋਕੜ ਇਹ ਹੈ ਕਿ ਉਸ ਵਕਤ ਲੋਕ ਬੜੇ ਰੋਹ ਵਿਚ 'ਰੌਲਟ ਕਾਨੂੰਨ' ਵਿਰੁੱਧ ਲੜ ਰਹੇ ਸਨ ਅਤੇ ਦੇਸ਼ ਭਰ 'ਚੋਂ ਲੜਾਈ ਦਾ ਕੇਂਦਰ ਸੀ ਅੰਮ੍ਰਿਤਸਰ। ਅੰਗਰੇਜ਼ ਹਾਕਮ ਰੌਲਟ ਕਾਨੂੰਨ ਲਾਗੂ ਕਰਕੇ ਆਜ਼ਾਦੀ ਦਾ ਅੰਦੋਲਨ ਕੁਚਲਣਾ ਚਾਹੁੰਦੇ ਸਨ। ਰੌਲਟ ਕਾਨੂੰਨ ਏਨਾ ਜਨ ਘਾਤਕ ਸੀ ਕਿ ਇਸ ਕਾਨੂੰਨ ਵਿਰੁੱਧ ਕਿਸੇ ਨੂੰ ਵੀ ਦਲੀਲ, ਵਕੀਲ ਤੇ ਅਪੀਲ ਕਰਨ ਦਾ ਅਧਿਕਾਰ ਨਹੀਂ ਸੀ। ਡਾ: ਸਤਿਆਪਾਲ ਤੇ ਡਾ: ਸੈਫੂਦੀਨ ਕਿਚਲੂ ਦੀ ਅਗਵਾਈ ਹੇਠ 1919 ਦੇ ਫਰਵਰੀ, ਮਾਰਚ ਤੇ ਅਪ੍ਰੈਲ ਮਹੀਨਿਆਂ ਵਿਚ ਹਜ਼ਾਰਾਂ ਲੋਕਾਂ ਨੇ ਕਾਨੂੰਨ ਵਿਰੋਧੀ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਸੀ।*










ਪੰਜਾਬ ਦੇ ਇਤਿਹਾਸ ਵਿਚ 13 ਅਪ੍ਰੈਲ ਦਾ ਦਿਨ ਬਹੁਤ ਮਹੱਤਵਪੂਰਨ ਹੈ। ਇਸ ਦਿਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਧਰਮਾਂ-ਜਾਤਾਂ ਦੇ ਲੋਕਾਂ ਦਾ ਮਹਾਨ ਇਕੱਠ ਕਰਕੇ ਇਕੋ ਬਾਟੇ (ਬਰਤਨ) ਵਿਚੋਂ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ, ਮੁਗ਼ਲ ਜ਼ਾਲਮਾਂ ਨਾਲ ਟੱਕਰ ਲੈਣ ਵਾਸਤੇ ਜਾਤ-ਪਾਤ, ਛੂਆ-ਛਾਤ ਅਤੇ ਊਚ-ਨੀਚ ਦੇ ਭੇਦ-ਭਾਵ ਤੋਂ ਮੁਕਤ ਇਕ ਖਾਲਸਾ ਫੌਜ ਤਿਆਰ ਕੀਤੀ ਸੀ। ਇਸੇ ਹੀ ਦਿਨ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਹਿਰਦੇ ਵਲੂੰਧਰਨ ਵਾਲਾ ਖ਼ੂਨੀ ਕਾਂਡ ਵਾਪਰਿਆ ਸੀ। ਵਿਸਾਖੀ ਦਾ ਇਹ ਪਵਿੱਤਰ ਦਿਨ ਬੜਾ ਖੁਸ਼ੀਆਂ ਭਰਪੂਰ ਹੁੰਦਾ ਹੈ। ਇਸ ਦਿਨ-ਤਿਉਹਾਰ 'ਤੇ ਫਸਲਾਂ ਪੱਕ ਕੇ ਸਾਂਭਣ ਦੇ ਯੋਗ ਹੋ ਜਾਂਦੀਆਂ ਹਨ। ਮੇਰੀ ਇਬਾਰਤ ਵਿਚ ਸਿਰਫ ਜਲ੍ਹਿਆਂਵਾਲੇ ਬਾਗ ਦੇ ਦੁਖਾਂਤ ਦਾ ਹੀ ਵਰਨਣ ਕੀਤਾ ਗਿਆ ਹੈ।

ਜਲ੍ਹਿਆਂਵਾਲਾ ਬਾਗ ਸਿੱਖਾਂ ਦੇ ਪ੍ਰਸਿੱਧ ਸਥਾਨ ਹਰਿਮੰਦਰ ਸਾਹਿਬ ਦੇ ਨਜ਼ਦੀਕ ਹੈ। ਖ਼ੂਨੀ ਕਾਂਡ ਵਾਪਰਨ ਵੇਲੇ ਬਾਗ ਉੱਚੀਆਂ ਇਮਾਰਤਾਂ ਅਤੇ ਕੰਧਾਂ ਵਿਚ ਘਿਰਿਆ ਹੋਇਆ ਸੀ ਤੇ ਹੁਣ ਵੀ ਉਸੇ ਤਰ੍ਹਾਂ ਹੈ। ਬਾਗ ਦੇ ਅੰਦਰ ਜਾਨ ਲਈ ਤਿੰਨ ਜਾਂ ਚਾਰ ਭੀੜੇ ਜਿਹੇ ਰਸਤੇ ਸਨ। ਬਾਗ ਵਿਚ ਇਕ ਖੂਹ ਅਤੇ ਸਮਾਧ ਹੈ। ਹੁਣ ਇਹ ਦੋਵੇਂ ਥਾਵਾਂ ਸ਼ਹੀਦੀ ਸਥਾਨ ਕਰਕੇ ਜਾਣੀਆਂ ਜਾਂਦੀਆਂ ਹਨ।

ਬਾਗ ਦੇ ਖ਼ੂਨੀ ਕਾਂਡ ਦਾ ਪਿਛੋਕੜ ਇਹ ਹੈ ਕਿ ਉਸ ਵਕਤ ਲੋਕ ਬੜੇ ਰੋਹ ਵਿਚ 'ਰੌਲਟ ਕਾਨੂੰਨ' ਵਿਰੁੱਧ ਲੜ ਰਹੇ ਸਨ ਅਤੇ ਦੇਸ਼ ਭਰ 'ਚੋਂ ਲੜਾਈ ਦਾ ਕੇਂਦਰ ਸੀ ਅੰਮ੍ਰਿਤਸਰ। ਅੰਗਰੇਜ਼ ਹਾਕਮ ਰੌਲਟ ਕਾਨੂੰਨ ਲਾਗੂ ਕਰਕੇ ਆਜ਼ਾਦੀ ਦਾ ਅੰਦੋਲਨ ਕੁਚਲਣਾ ਚਾਹੁੰਦੇ ਸਨ। ਰੌਲਟ ਕਾਨੂੰਨ ਏਨਾ ਜਨ ਘਾਤਕ ਸੀ ਕਿ ਇਸ ਕਾਨੂੰਨ ਵਿਰੁੱਧ ਕਿਸੇ ਨੂੰ ਵੀ ਦਲੀਲ, ਵਕੀਲ ਤੇ ਅਪੀਲ ਕਰਨ ਦਾ ਅਧਿਕਾਰ ਨਹੀਂ ਸੀ। ਡਾ: ਸਤਿਆਪਾਲ ਤੇ ਡਾ: ਸੈਫੂਦੀਨ ਕਿਚਲੂ ਦੀ ਅਗਵਾਈ ਹੇਠ 1919 ਦੇ ਫਰਵਰੀ, ਮਾਰਚ ਤੇ ਅਪ੍ਰੈਲ ਮਹੀਨਿਆਂ ਵਿਚ ਹਜ਼ਾਰਾਂ ਲੋਕਾਂ ਨੇ ਕਾਨੂੰਨ ਵਿਰੋਧੀ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਸੀ। ਲੋਕ ਰੋਹ ਨੂੰ ਦਬਾਉਣ ਵਾਸਤੇ ਬਰਤਾਨਵੀ ਹਕੂਮਤ ਨੇ 29 ਮਾਰਚ, 1919 ਨੂੰ ਪਹਿਲਾਂ ਡਾ: ਸਤਿਆਪਾਲ ਤੇ ਫਿਰ 4 ਅਪ੍ਰੈਲ ਨੂੰ ਡਾ: ਸੈਫੂਦੀਨ ਕਿਚਲੂ ਤੇ ਹੋਰ ਆਗੂਆਂ 'ਤੇ ਪਾਬੰਦੀ ਲਾ ਦਿੱਤੀ ਕਿ ਉਹ ਜਲਸਿਆਂ ਵਿਚ ਬੋਲ ਅਤੇ ਅਖ਼ਬਾਰਾਂ-ਰਸਾਲਿਆਂ ਵਿਚ ਲਿਖ ਨਹੀਂ ਸਕਦੇ। ਇਸ ਪਾਬੰਦੀ ਦੇ ਵਿਰੋਧ ਵਿਚ 6 ਅਪ੍ਰੈਲ ਨੂੰ ਅੰਮ੍ਰਿਤਸਰ ਸਮੇਤ ਪੰਜਾਬ ਭਰ ਵਿਚ ਬੜੀ ਜ਼ਬਰਦਸਤ ਹੜਤਾਲ ਹੋਈ ਸੀ। 9 ਅਪ੍ਰੈਲ ਨੂੰ ਹਿੰਦੂਆਂ ਦਾ ਪ੍ਰਸਿੱਧ ਤਿਉਹਾਰ ਰਾਮਨੌਮੀ ਸੀ। ਸ਼ਹਿਰ ਵਿਚ ਪੂਰੀਆਂ ਰੌਣਕਾਂ ਸਨ। ਦੁਕਾਨਾਂ ਸਜੀਆਂ ਹੋਈਆਂ ਸਨ। ਨੇੜਲੇ ਪਿੰਡਾਂ ਦੇ ਲੋਕ ਵੀ ਸ਼ਹਿਰ ਵਿਚ ਆਏ ਹੋਏ ਸਨ। ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਨੇ ਰਾਮਨੌਮੀ ਵਾਲੇ ਦਿਨ ਸ਼ਹਿਰ ਵਿਚ ਸਾਂਝੇ ਤੌਰ 'ਤੇ ਜਲੂਸ ਕੱਢਿਆ। ਇਕੱਠਿਆਂ ਨੇ ਲੰਗਰ ਛਕੇ। ਛਬੀਲਾਂ 'ਤੇ ਇਕ-ਦੂਜੇ ਹੱਥੋਂ ਪਾਣੀ ਲੈ-ਲੈ ਪੀਤਾ। ਆਪਸੀ ਟੋਪੀਆਂ ਵਟਾ ਕੇ ਹਿੰਦੂ ਤੇ ਮੁਸਲਮਾਨਾਂ ਨੇ ਏਕਤਾ ਦਾ ਇਜ਼ਹਾਰ ਕੀਤਾ। ਹਿੰਦੂ, ਸਿੱਖ ਤੇ ਮੁਸਲਿਮ ਏਕਤਾ ਨੂੰ ਦੇਖ ਕੇ ਅੰਗਰੇਜ਼ ਹਾਕਮ ਅੱਗ ਦੇ ਭੰਬੂਕੇ ਵਾਂਗੂੰ ਮਚ ਉਠੇ।

10 ਅਪ੍ਰੈਲ ਨੂੰ ਅੰਗਰੇਜ਼ ਅਫਸਰ ਡੀ. ਸੀ. ਨੇ ਡਾ: ਸਤਿਆਪਾਲ ਤੇ ਡਾ: ਸੈਫੂਦੀਨ ਕਿਚਲੂ ਨੂੰ ਆਪਣੀ ਕੋਠੀ ਵਿਚ ਸੱਦ ਕੇ ਧੋਖੇ ਨਾਲ ਗ੍ਰਿਫ਼ਤਾਰ ਕਰ ਲਿਆ। ਦੋਵਾਂ ਨੂੰ ਅੰਮ੍ਰਿਤਸਰ ਤੋਂ ਦੂਰ ਧਰਮਸ਼ਾਲਾ ਵਿਚ ਲਿਜਾ ਕੇ ਨਜ਼ਰਬੰਦ ਕਰ ਦਿੱਤਾ। ਗ੍ਰਿਫਤਾਰੀ ਦੀ ਖ਼ਬਰ ਸਾਰੇ ਸ਼ਹਿਰ ਵਿਚ ਅੱਗ ਵਾਂਗ ਫੈਲ ਗਈ। ਲੋਕ ਸਾਰੇ ਕਾਰੋਬਾਰ ਬੰਦ ਕਰਕੇ ਐਚਸੈਨ ਪਾਰਕ (ਤਿਕੋਨੀ, ਨੇੜੇ ਭੰਡਾਰੀ ਪੁਲ) ਵਿਚ ਇਕੱਤਰ ਹੋ ਗਏ। ਲੋਕਾਂ ਵਿਚ ਬੜਾ ਰੋਹ ਸੀ। ਪਾਰਕ ਤੋਂ ਹਜ਼ੂਮ, ਰਤਨ ਚੰਦ ਰੱਤੂ ਤੇ ਬੁੱਗਾ ਦੀ ਅਗਵਾਈ ਹੇਠ ਡੀ. ਸੀ. ਨੂੰ ਮਿਲਣ ਵਾਸਤੇ ਪੌੜੀਆਂ ਵਾਲੇ ਪੁਲ ਨੂੰ ਤੁਰ ਪਿਆ। ਲੋਕ ਪੁਲ ਪਾਰ ਕਰ ਰਹੇ ਸਨ ਤੇ ਅੱਗੋਂ ਫੌਜ ਨੇ ਗੋਲੀ ਚਲਾ ਦਿੱਤੀ। 5-6 ਲੋਕ ਮਾਰੇ ਗਏ। ਲੋਕ ਫਿਰ ਐਚਸੈਨ ਪਾਰਕ ਵਿਚ ਆ ਗਏ। ਲੋਕ ਜਲੂਸ ਦੀ ਸ਼ਕਲ ਵਿਚ ਭੰਡਾਰੀ ਪੁਲ ਨੂੰ ਤੁਰ ਪਏ। ਪੁਲਿਸ ਨੇ ਜਲੂਸ ਨੂੰ ਰੋਕ ਲਿਆ। ਲੋਕ ਇਕ ਵਾਰ ਰੁਕਣ ਤੋਂ ਬਾਅਦ ਫਿਰ ਤੁਰ ਪਏ। ਜਦੋਂ ਲੋਕ ਪੁਲ ਪਾਰ ਕਰਨ ਲੱਗੇ ਤਾਂ ਅੱਗੋਂ ਫੌਜ ਨੇ ਫਿਰ ਗੋਲੀਆਂ ਚਲਾ ਦਿੱਤੀਆਂ। ਜਲੂਸ ਦੀਆਂ ਕਤਾਰਾਂ ਦੇ ਅਗਲੇ ਬੰਨਿਓਂ 22 ਦੇ ਕਰੀਬ ਲੋਕ ਮਾਰੇ ਗਏ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ। ਲੋਕ ਰੋਹ ਵਿਚ ਆ ਗਏ ਅਤੇ ਭੀੜ ਬੇਕਾਬੂ ਹੋ ਗਈ। ਲੋਕਾਂ ਨੂੰ ਜਿਹੜਾ ਵੀ ਅੰਗਰੇਜ਼ ਨਜ਼ਰ ਆਇਆ, ਉਸ ਨੂੰ ਲੋਕਾਂ ਨੇ ਕੁਟਾਪਾ ਚਾੜ੍ਹ ਦਿੱਤਾ। ਕੁਝ ਅੰਗਰੇਜ਼ ਮਾਰੇ ਵੀ ਗਏ। ਲੋਕਾਂ ਨੇ ਸਰਕਾਰੀ ਦਫ਼ਤਰਾਂ ਦੀ ਲੁੱਟ-ਖਸੁੱਟ ਵੀ ਕੀਤੀ।

ਪੰਜਾਬ ਦਾ ਗਵਰਨਰ ਜਨਰਲ ਸਰ ਮਾਈਕਲ ਓਡਵਾਇਰ ਅਤੇ ਫੌਜ ਦਾ ਮੁਖੀ ਜਨਰਲ ਬ੍ਰਿਗੇਡੀਅਰ ਡਾਇਰ ਦੋਵੇਂ ਹੀ ਅੰਗਰੇਜ਼ੀ ਹਾਕਮ ਬੜੇ ਕਾਇਰ ਸਨ। ਅੰਗਰੇਜ਼ੀ ਹਕੂਮਤ ਨੇ 10 ਅਪ੍ਰੈਲ, 1919 ਦੀ ਸ਼ਾਮ ਨੂੰ ਅੰਮ੍ਰਿਤਸਰ ਸ਼ਹਿਰ ਫੌਜ ਦੇ ਹਵਾਲੇ ਕਰ ਦਿੱਤਾ। ਬ੍ਰਿਗੇਡੀਅਰ ਡਾਇਰ ਨੇ ਕਮਾਨ ਸੰਭਾਲਦਿਆਂ ਸਾਰ ਹੀ ਸ਼ਹਿਰ ਦਾ ਬਿਜਲੀ-ਪਾਣੀ ਬੰਦ ਕਰ ਦਿੱਤਾ। ਸਾਰੇ ਲਾਂਘਿਆਂ 'ਤੇ ਸਖ਼ਤ ਪਹਿਰੇ ਲਾ ਦਿੱਤੇ। ਟਾਂਗੇ ਤੇ ਹੋਰ ਵਾਹਨ ਸ਼ਹਿਰ ਵਿਚ ਵੜਨ 'ਤੇ ਪਾਬੰਦੀ ਲਾ ਦਿੱਤੀ। ਇਥੋਂ ਤੱਕ ਕਿ ਰੇਲ ਦੀਆਂ ਸਾਧਾਰਨ ਦਰਜੇ ਦੀਆਂ ਟਿਕਟਾਂ ਵੀ ਬੰਦ ਕਰ ਦਿੱਤੀਆਂ, ਤਾਂ ਜੋ ਆਮ ਲੋਕ ਅੰਮ੍ਰਿਤਸਰ ਆ ਨਾ ਸਕਣ। ਡਾਇਰ ਤੇ ਡੀ. ਸੀ. ਨੇ ਲੋਕਾਂ ਵਿਚ ਦਹਿਸ਼ਤ ਪੈਦਾ ਕਰਨ ਵਾਸਤੇ ਸ਼ਹਿਰ ਵਿਚ ਫਲੈਗ ਮਾਰਚ ਕਰਕੇ ਮੁਨਿਆਦੀ ਕਰ ਦਿੱਤੀ ਕਿ ਸ਼ਹਿਰ ਵਿਚ ਜਲਸੇ-ਜਲੂਸ ਕੱਢਣ 'ਤੇ ਪੂਰਨ ਮਨਾਹੀ ਹੈ। ਇਥੋਂ ਤੱਕ ਮਨਾਹੀ ਸੀ ਕਿ ਸ਼ਾਮੀਂ 8 ਵਜੇ ਤੋਂ ਬਾਅਦ ਜੇ ਕੋਈ ਵਿਅਕਤੀ ਨਜ਼ਰ ਆਇਆ ਤਾਂ ਗੋਲੀ ਮਾਰ ਦਿੱਤੀ ਜਾਵੇਗੀ। ਮਨਾਹੀ ਦੇ ਬਾਵਜੂਦ ਕੁਝ ਉਤਸ਼ਾਹੀ ਨੌਜਵਾਨਾਂ ਨੇ ਸ਼ਹਿਰ ਵਿਚ ਫਿਰ ਕੇ ਜਲਸੇ ਦੀ ਤਿਆਰੀ ਕਰ ਲਈ ਅਤੇ 13 ਅਪ੍ਰੈਲ, 1919 ਦੀ ਸ਼ਾਮ ਨੂੰ ਜਲ੍ਹਿਆਂਵਾਲੇ ਬਾਗ ਵਿਚ 20 ਹਜ਼ਾਰ ਦੇ ਕਰੀਬ ਲੋਕਾਂ ਦੀ ਭੀੜ ਜੁੜ ਗਈ। ਬਾਗ ਵਾਲੀ ਬਹੁਤੀ ਥਾਂ ਲੋਕਾਂ ਨਾਲ ਭਰੀ ਹੋਈ ਸੀ। ਲੋਕਾਂ ਦੀ ਮੁੱਖ ਮੰਗ ਸੀ ਕਿ ਡਾ: ਸਤਿਆਪਾਲ ਤੇ ਡਾ: ਸੈਫੂਦੀਨ ਕਿਚਲੂ ਨੂੰ ਰਿਹਾਅ ਕੀਤਾ ਜਾਵੇ ਅਤੇ ਰੌਲਟ ਕਾਨੂੰਨ ਵਾਪਸ ਹੋਵੇ। ਜਲਸਾ ਪੁਰਅਮਨ ਚੱਲ ਰਿਹਾ ਸੀ ਤੇ ਜਨਰਲ ਡਾਇਰ ਫੌਜ ਦੀ ਟੁਕੜੀ ਲੈ ਕੇ ਬਾਗ ਦੇ ਅੰਦਰ ਦਾਖਲ ਹੋ ਗਿਆ। ਬਾਗ ਦਾ ਰਸਤਾ ਤੰਗ ਹੋਣ ਕਰਕੇ ਵੱਡੀਆਂ ਤੋਪਾਂ ਅੰਦਰ ਨਾ ਆ ਸਕੀਆਂ। ਸਿਪਾਹੀਆਂ ਨੇ ਆਉਂਦੇ ਸਾਰ ਹੀ ਬੰਦੂਕਾਂ ਦੀਆਂ ਨਾਲੀਆਂ ਲੋਕਾਂ ਵੱਲ ਤਾਣ ਲਈਆਂ। ਜਨਰਲ ਡਾਇਰ ਦੇ ਹੁਕਮ 'ਤੇ ਸਿਪਾਹੀਆਂ ਨੇ ਲੋਕਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਲੋਕ ਜਿਹੜੇ ਪਾਸੇ ਵੀ ਦੌੜਦੇ ਸਨ, ਸਿਪਾਹੀ ਉਧਰ ਨੂੰ ਗੋਲੀਆਂ ਚਲਾਉਣ ਲੱਗ ਪੈਂਦੇ ਸਨ। ਪਲਾਂ ਵਿਚ ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ। ਲੋਕਾਂ ਦੇ ਮਾਸ ਦੀਆਂ ਬੋਟੀਆਂ ਦੂਰ-ਦੂਰ ਤੱਕ ਖਿੱਲਰ ਗਈਆਂ। ਲੋਕਾਂ ਨੇ ਆਪਣੇ ਬਚਾਅ ਵਾਸਤੇ ਖੂਹ ਵਿਚ ਛਾਲਾਂ ਮਾਰੀਆਂ ਤੇ ਖੂਹ ਵੀ ਲਾਸ਼ਾਂ ਨਾਲ ਭਰ ਗਿਆ। ਬਾਗ ਵਿਚ ਲਾਸ਼ਾਂ ਦੇ ਢੇਰ ਲੱਗ ਗਏ ਸਨ। ਬਹੁਤ ਸਾਰੇ ਲੋਕ ਭੱਜ-ਦੌੜ ਵਿਚ ਇਕ-ਦੂਜੇ ਦੇ ਥੱਲੇ ਆ ਕੇ ਮਾਰੇ ਗਏ ਸਨ। ਜ਼ਖ਼ਮੀਆਂ ਨੂੰ ਕੋਈ ਬਚਾਉਣ ਵਾਲਾ ਨਹੀਂ ਸੀ। ਇਸ ਖ਼ੂਨੀ ਸਾਕੇ ਵਿਚ 1000 ਤੋਂ ਉੱਪਰ ਲੋਕ ਮਾਰੇ ਗਏ ਸਨ ਅਤੇ ਜ਼ਖ਼ਮੀ ਇਸ ਤੋਂ ਵੀ ਵਧੇਰੇ ਸਨ। ਬਾਗ ਵਿਚ ਉਸ ਵਕਤ ਅਜਿਹੇ ਖੌਫਨਾਕ ਹਾਲਾਤ ਸਨ ਕਿ ਲੋਕਾਂ ਨੂੰ ਚਾਰੇ ਪਾਸੇ ਮੌਤ ਹੀ ਮੌਤ ਨਜ਼ਰ ਆ ਰਹੀ ਸੀ।

ਇਸ ਖ਼ੂਨੀ ਕਾਂਡ ਤੋਂ ਬਾਅਦ ਲੋਕਾਂ ਦੇ ਰੋਹ ਨੂੰ ਦਬਾਉਣ ਵਾਸਤੇ ਅੰਗਰੇਜ਼ ਹਾਕਮਾਂ ਨੇ ਸਾਰੇ ਪੰਜਾਬ ਵਿਚ ਮਾਰਸ਼ਲ-ਲਾਅ ਲਾ ਦਿੱਤਾ। ਮਾਰਸ਼ਲ-ਲਾਅ ਦੌਰਾਨ ਲੋਕਾਂ ਨੂੰ ਢਿੱਡ-ਪਰਨੇ ਰੀਂਗ ਕੇ ਚੱਲਣ ਦੀ ਸਜ਼ਾ ਦਿੱਤੀ ਗਈ ਸੀ। ਵਕੀਲਾਂ ਤੋਂ ਕੁਲੀਆਂ ਵਾਲਾ ਕੰਮ ਕਰਾਇਆ ਗਿਆ ਸੀ। ਅੰਗਰੇਜ਼ਾਂ ਦਾ ਇਹ ਕਹਿਰ ਲੋਕਾਂ ਨੂੰ 8 ਦਿਨ ਸਹਿਣਾ ਪਿਆ ਸੀ। ਮਾਰਸ਼ਲ ਲਾਅ ਦੇ ਅਧੀਨ ਪੰਜਾਬ ਵਿਚ 115 ਲੋਕਾਂ ਨੂੰ ਮੌਤ ਦੀ ਸਜ਼ਾ, 200 ਨੂੰ ਉਮਰ ਕੈਦ ਅਤੇ 200 ਦੇ ਕਰੀਬ ਲੋਕਾਂ ਨੂੰ ਕੁਝ ਘੱਟ ਸਜ਼ਾਵਾਂ ਹੋਈਆਂ ਸਨ।

ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਕਾਂਡ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ 21 ਸਾਲ ਬਾਅਦ 13 ਮਾਰਚ, 1940 ਨੂੰ ਸਰਮਾਈਕਲ ਓਡਵਾਇਰ ਨੂੰ ਕੈਕਸਟਨ, ਹਾਲ ਲੰਡਨ ਵਿਖੇ ਮਾਰ ਕੇ ਲਿਆ ਸੀ।



ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
Law office of Anthony Nwosu
(209) 481-7750



SIKH
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ,
ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
Kuldip Singh Kang
Sewa Singh Bhinder
CAPITAL
Accounting & Tax Services
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
PH : 530-669-5780 Fax : 530-669-5775
Cell : 530-908-9386 Cell : 530-405-6020



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਪਵਿੱਤਰ ਵਿਸਾਖੀ ਉਪਰ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ



ਕਮਿਊਨਟੀ ਦੇ ਨਿਸ਼ਕਾਮ ਸੇਵਕ ਕੈਲੀਫੋਰਨੀਆ ਦੇ ਨੌਜਵਾਨ ਸਿੱਖ ਆਗੂ ਅਤੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦਵਾਰਾ ਸਾਹਿਬ ਸਟਾਕਟਨ ਕੈਲੀਫੋਰਨੀਆਂ ਦੇ ਸਾਬਕਾ ਖਜ਼ਾਨਚੀ ਅਤੇ ਸਾਬਕਾ ਵਾਈਸ ਪ੍ਰਧਾਨ

## ਸ: ਪ੍ਰਮਪ੍ਰੀਤ ਸਿੰਘ ਨਿੱਝਰ ਅਤੇ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਨੰਬਰਦਾਰ ਸ.ਜਸਵੰਤ ਸਿੰਘ ਨਿੱਝਰ ਅਤੇ ਸਮੂਹ ਨਿੱਝਰ ਪਰਿਵਾਰ








ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ

ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)

ਬਲਵਿੰਦਰ ਸਿੰਘ ਮਿੰਟੂ ਚੀਮਾ
ਨੈਸ਼ਨਲ ਪੈਨਲ ਮੈਂਬਰ

ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ

ਰਫਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ

ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ



ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ

ਕੁਲਵੰਤ ਸਿੰਘ

ਸਮਰਜੀਤ ਸਿੰਘ
ਚੀਫ ਐਗਜੇਕਟਿਵ ਮੈਂਬਰ


ਲਵਦੀਪ ਸਿੰਘ
ਸਹਾਇਕ ਖਜਾਨਚੀ

ਤਰਨਜੀਤ ਸਿੰਘ
ਚੀਫ ਐਗਜੇਕਟਿਵ ਮੈਂਬਰ

ਗੁਰਮੀਤ ਸਿੰਘ
ਯੁਬਾਸਿਟੀ ਵਾਈਸ ਪ੍ਰਧਾਨ

ਸੁਖਬੀਰ ਸਿੰਘ ਗਿੱਲ
ਮੀਡੀਆ ਇੰਚਾਰਜ

ਵਿਕਰਮਜੀਤ ਸਿੰਘ
ਐਗਜੇਕਟਿਵ ਮੈਂਬਰ



ਚਰਨਜੀਤ ਸਿੰਘ ਧਾਲੀਵਾਲ

ਗੁਰਵਿੰਦਰ ਸਿੰਘ

ਜਸਕਰਨ ਸਿੰਘ

ਨਿਰਮਲ ਸਿੰਘ

ਪਰਮਜੀਤ ਸਿੰਘ ਧਾਲੀਵਾਲ

ਰਾਜਦੀਪ ਸਿੰਘ

ਸੰਦੀਪ ਸਿੰਘ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118

# ਵਿਸਾਖੀ ਦਾ ਤਿਉਹਾਰ: ਇਤਿਹਾਸ ਅਤੇ ਮਹੱਤਵ



ਪੰਜਾਬ ਅਤੇ ਇਸਦੇ ਨੇੜਲੇ ਰਾਜਾਂ ਵਿੱਚ ਵਿਸਾਖੀ ਪ੍ਰਸਿੱਧ ਅਤੇ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੈ। ਇਹ ਇੱਕ ਮੌਸਮੀ ਤਿਉਹਾਰ ਹੈ, ਜੋ ਵਿਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ ਹੈ, ਜਿਸ ਨੂੰ 'ਵਿਸਾਖੀ' ਕਿਹਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਮਹੱਤਵ ਰੱਖਦਾ ਹੈ। ਇਸ ਤਿਉਹਾਰ ਨਾਲ ਜੁੜੀਆਂ ਮਹੱਤਵਪੂਰਣ ਇਤਿਹਾਸਕ ਘਟਨਾਵਾਂ ਨੇ ਲੋਕਾਂ ਦੇ ਜੀਵਨ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਤ ਕੀਤਾ ਹੈ। ਇਹ ਪਿੰਡਾਂ ਅਤੇ ਸ਼ਹਿਰਾਂ ਦੇ ਦਰਿਆਵਾਂ, ਸਰੋਵਰਾਂ ਅਤੇ ਤਲਾਬਾਂ ਦੇ ਕਿਨਾਰਿਆਂ ਅਤੇ ਧਾਰਮਿਕ ਸਥਾਨਾਂ ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕਿਸਾਨ ਭਾਈਚਾਰਾ ਇਸ ਤਿਉਹਾਰ ਨੂੰ ਹਾੜ੍ਹੀ ਦੀ ਫਸਲ ਦੀ ਪਕਾਈ ਦੀ ਖੁਸ਼ੀ ਵਿਚ ਮਨਾਉਂਦਾ ਹੈ। ਕਿਸਾਨਾਂ ਦੀਆਂ ਬਹੁਤ ਸਾਰੀਆਂ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਜ਼ਰੂਰਤਾਂ ਇਸ ਹਾੜ੍ਹੀ ਦੀ ਫਸਲ ਨਾਲ ਜੁੜੀਆਂ ਹੁੰਦੀਆਂ ਹਨ। ਵਿਸਾਖੀ ਦਾ ਤਿਉਹਾਰ 'ਗਿੱਧਾ ਅਤੇ ਭੰਗੜਾ' ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ। ਇਸ ਲਈ ਪੰਜਾਬੀ ਲੋਕ ਖੁਸ਼ੀ-ਖੁਸ਼ੀ ਇਸ ਦਿਨ ਗਿੱਧਾ ਅਤੇ ਭੰਗੜਾ ਪਾਉਂਦੇ ਹਨ ਅਤੇ ਵੱਖ-ਵੱਖ ਥਾਵਾਂ ਤੇ ਹੋਣ ਵਾਲੇ ਵਿਸਾਖੀ ਮੇਲਿਆਂ ਵਿਚ ਹਿੱਸਾ ਲੈਂਦੇ ਹਨ।

ਇਹ ਦਿਨ ਸਿੱਖ ਇਤਿਹਾਸ ਵਿਚ ਖ਼ਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖ਼ਾਲਸਾ ਪੰਥ' ਦੀ ਸਥਾਪਨਾ ਕੀਤੀ ਸੀ। ਜਦੋਂ ਮੁਗਲ ਸ਼ਾਸਕ ਔਰੰਗਜੇਬ ਦਾ ਅੱਤਿਆਚਾਰ, ਬੇਇਨਸਾਫੀ ਅਤੇ ਜੁਲਮ ਸਿਖਰਾਂ ਤੇ ਸੀ, ਤਾਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਅਤੇ ਅਨਿਆਂ ਵਿਰੁੱਧ ਦਿੱਲੀ ਦੀ ਚਾਂਦਨੀ ਚੌਂਕ ਵਿਖੇ ਆਪਣੀ ਸ਼ਹਾਦਤ ਦਿੱਤੀ। ਇਸ ਤੋਂ ਬਾਅਦ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਤੋਂ ਪੀੜਤ ਆਮ ਵਰਗ ਦੇ ਲੋਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਆਮ ਲੋਕਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਤੌਰ ਤੇ ਬਰਾਬਰ ਅਤੇ ਮਜ਼ਬੂਤ ਬਣਾਇਆ। ਖਾਲਸਾ ਪੰਥ ਦੇ ਗਠਨ ਤੋਂ ਬਾਅਦ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਨੂੰ ਬਹੁਤ ਠੇਸ ਪਹੁੰਚੀ ਸੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਇਤਿਹਾਸ ਵਿਚ 'ਆਪੇ ਗੁਰ ਚੇਲਾ' ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਗੁਰੂ ਜੀ ਨੇ ਪਹਿਲਾਂ ਆਪਣੇ ਸੇਵਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਬਣਾਇਆ, ਫਿਰ ਆਪ ਉਨ੍ਹਾਂ ਦੇ ਹਥੋਂ ਅੰਮ੍ਰਿਤ ਛਕ ਕੇ ਖੁਦ ਸਿੰਘ ਸਜੇ ਅਤੇ ਗੁਰੂ ਅਤੇ ਚੇਲੇ ਵਿਚਲੇ ਪਾੜੇ ਨੂੰ ਦੂਰ ਕਰ ਦਿੱਤਾ। ਇਸੇ ਤਰ੍ਹਾਂ ਵਿਸਾਖੀ ਵਾਲੇ ਦਿਨ ਸਿੱਖ ਧਰਮ ਨਾਲ ਜੁੜੀ ਇਕ ਹੋਰ ਘਟਨਾ ਹੈ। 1857 ਦੀ ਵਿਸਾਖੀ ਦੇ ਦਿਨ ਬਾਬਾ ਰਾਮ ਸਿੰਘ ਨਾਮਧਾਰੀ ਨੇ ਸੁਧਾਰ ਲਹਿਰ ਸ਼ੁਰੂ ਕੀਤੀ, ਜਿਸ 'ਤੇ ਬ੍ਰਿਟਿਸ਼ ਸਰਕਾਰ ਨੇ ਨਜ਼ਰ ਰੱਖੀ। ਸਾਲ 1860 ਵਿਚ ਜਦੋਂ ਬਾਬਾ ਰਾਮ ਸਿੰਘ ਜੀ ਵਿਸਾਖੀ ਮਨਾਉਣ ਲਈ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਵੇਖਿਆ ਕਿ ਬ੍ਰਿਟਿਸ਼ ਸਰਕਾਰ ਨੇ ਬਹੁਤ ਸਾਰੀਆਂ ਪਾਬੰਦੀਆਂ



ਡਾ: ਸੰਦੀਪ ਸਿੰਘ ਮੁੰਡੇ
9413652646

ਲਗਾਈਆਂ ਹੋਈਆਂ ਹਨ।ਅਜਿਹੀਆਂ ਪਾਬੰਦੀਆਂ ਉਨ੍ਹਾਂ ਦੀ ਸਹਿਣਸ਼ੀਲਤਾ ਤੋਂ ਬਾਹਰ ਸਨ, ਇਸ ਲਈ ਉਨ੍ਹਾਂ ਨੇ ਇਸ ਦੇ ਵਿਰੁੱਧ ਬਗ਼ਾਵਤ ਕੀਤੀ, ਜਿਸਦੇ ਨਤੀਜੇ ਵਜੋਂ 'ਕੂਕਾ ਅੰਦੋਲਨ' ਹੋਇਆ।ਇਸ ਸਮੇਂ ਸੂਰਮਿਆਂ ਨੇ ਬ੍ਰਿਟਿਸ਼ ਸਰਕਾਰ ਅੱਗੇ ਝੁਕਣ ਦੀ ਬਜਾਏ ਆਪਣੀ ਸ਼ਹਾਦਤ ਦੇਣਾ ਚੰਗਾ ਸਮਝਿਆ।

ਵਿਸਾਖੀ ਦਾ ਦਿਨ ਉਨ੍ਹਾਂ ਬਹਾਦਰ ਯੋਧਿਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਸਾਲ 1919 ਦੇ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਖੇ ਇਕ ਖ਼ੂਨੀ ਕਤਲੇਆਮ ਹੋਇਆ ਸੀ। ਇਸ ਦਿਨ ਬ੍ਰਿਟਿਸ਼ ਸਰਕਾਰ ਨੇ ਦੇਸ਼ ਦੀ ਆਜ਼ਾਦੀ ਦੀ ਕਾਮਨਾ ਕਰਨ ਵਾਲੇ ਹਜ਼ਾਰਾਂ ਨਿਹੱਥੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋਏ ਸਨ। ਸ਼ਹੀਦ ਅਤੇ ਜ਼ਖਮੀ ਹੋਏ ਲੋਕਾਂ 'ਚ ਸਾਰੇ ਧਰਮਾਂ ਦੇ ਆਦਮੀ, ਬੱਚੇ, ਬਜੁਰਗ ਅਤੇ ਔਰਤਾਂ ਸ਼ਾਮਲ ਸਨ। ਇਸ ਲਈ ਵਿਸਾਖੀ ਦਾ ਦਿਨ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦ ਸਪੂਤਾਂ ਦੀਆਂ ਵਿਲੱਖਣ ਕੁਰਬਾਨੀਆਂ ਨੂੰ ਯਾਦ ਦਿਵਾਉਂਦਾ ਹੈ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਭਾਰਤ ਦੇ ਦੂਜੇ ਰਾਜਾਂ ਵਿਚ ਵਸਦੇ ਲੋਕ ਵੀ ਰਵਾਇਤੀ ਤੌਰ 'ਤੇ ਵਿਸਾਖੀ ਨੂੰ ਮਨਾਉਂਦੇ ਹਨ। ਭਾਰਤੀ ਮਿਥਿਹਾਸਕ ਕਥਾਵਾਂ ਵਿੱਚ, ਵਿਸਾਖੀ ਦੇ ਦਿਨ ਨਹਾਉਣਾ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਰਿਸ਼ੀ ਵਿਆਸ ਨੇ ਪਹਿਲੀ ਵਾਰ ਬ੍ਰਹਮਾ ਦੁਆਰਾ ਰਚਿਤ ਚਾਰ ਵੇਦਾਂ ਦਾ ਪਾਠ ਕੀਤਾ ਸੀ। ਇਸ ਦਿਨ ਰਾਜਾ ਜਨਕ ਨੇ ਇਕ ਮਹਾਨ ਯੱਗ ਕੀਤਾ, ਜਿਸ ਵਿਚ ਅਵਧੂਤ ਅਧਾਵਾ ਨੇ ਰਾਜੇ ਨੂੰ ਗਿਆਨ ਦਿੱਤਾ। ਵਿਸਾਖੀ ਤੋਂ ਇੱਕ ਦਿਨ ਬਾਅਦ 14 ਅਪ੍ਰੈਲ ਤੋਂ ਮਨੀਪੁਰੀ, ਨੇਪਾਲੀ ਅਤੇ ਬੰਗਾਲੀ ਲੋਕ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹਨ। ਹਿੰਦੂ ਧਰਮ ਦੇ ਲੋਕ ਇਸ ਦਿਨ ਇਸ਼ਨਾਨ, ਭੋਗ ਅਤੇ ਪੂਜਾ ਅਰਚਨਾ ਕਰਦੇ ਹਨ। ਕਿਹਾ ਜਾਂਦਾ ਹੈ ਕਿ ਦੇਵੀ ਗੰਗਾ ਹਜ਼ਾਰਾਂ ਸਾਲ ਪਹਿਲਾਂ ਇਸ ਦਿਨ ਧਰਤੀ ਤੇ ਆਈ ਸੀ। ਹਿੰਦੂ ਧਰਮ ਦੇ ਲੋਕ ਉਸ ਦੇ ਸਨਮਾਨ ਵਿਚ ਰਵਾਇਤੀ ਪਵਿੱਤਰ ਇਸ਼ਨਾਨ ਲਈ ਗੰਗਾ ਦੇ ਕਿਨਾਰੇ ਇਕੱਠੇ ਹੁੰਦੇ ਹਨ। ਕੇਰਲਾ ਵਿਚ ਇਸ ਤਿਉਹਾਰ ਨੂੰ 'ਵਿਸ਼ੂ' ਕਿਹਾ ਜਾਂਦਾ ਹੈ। ਇਸ ਦਿਨ ਲੋਕ ਨਵੇਂ ਕੱਪੜੇ ਖਰੀਦਦੇ ਹਨ ਅਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਸ ਦਿਨ 'ਵਿਸ਼ੂ ਕਾਨੀ' ਸਜਾਈ ਜਾਂਦੀ ਹੈ, ਜਿਸ ਨੂੰ ਫੁੱਲਾਂ, ਫਲ, ਅਨਾਜ, ਕਪੜੇ, ਸੋਨੇ ਆਦਿ ਨਾਲ ਸਜਾਇਆ ਜਾਂਦਾ ਹੈ ਅਤੇ ਸਵੇਰੇ ਜਲਦੀ ਉੱਠ ਕੇ ਉਸ ਦੇ ਦਰਸ਼ਨ ਕੀਤੇ ਜਾਂਦੇ ਹਨ ਅਤੇ ਇਕ ਦੂਜੇ ਨੂੰ ਨਵਾਂ ਸਾਲ ਮੁਬਾਰਕ ਕਿਹਾ ਜਾਂਦਾ ਹੈ।

ਇਹ ਤਿਉਹਾਰ ਮੁੱਖ ਤੌਰ 'ਤੇ ਹਾੜੀ ਦੀ ਫਸਲ ਦੇ ਪੱਕਣ ਦੇ ਜਸ਼ਨ 'ਤੇ ਕਿਸਾਨਾਂ ਦੁਆਰਾ ਮਨਾਇਆ ਜਾਂਦਾ ਹੈ। ਇਸ ਦਿਨ ਕਿਸਾਨ ਆਪਣੀ ਪੱਕੀ ਫਸਲ ਨੂੰ ਵੇਖ ਕੇ ਖੁਸ਼ ਹੁੰਦਾ ਹੈ ਅਤੇ ਇਸ ਦਿਨ ਤੋਂ ਕਣਕ ਦੀ ਵਾਢੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਪੰਜਾਬ ਵਿਚ ਵਿਸਾਖੀ ਦੇ ਮੌਕੇ 'ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦਮਦਮਾ ਸਾਹਿਬ (ਤਲਵੰਡੀ ਸਾਬੋ), ਕਰਤਾਰਪੁਰ (ਜਲੰਧਰ) ਅਤੇ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਮੇਲੇ ਲਗਦੇ ਹਨ। ਅੱਜ ਵੀ ਦੇਸ਼ ਭਰ ਦੇ ਧਾਰਮਿਕ ਲੋਕ ਪਵਿੱਤਰ ਸਰੋਵਰਾਂ ਅਤੇ ਨਦੀਆਂ ਵਿੱਚ ਇਸ਼ਨਾਨ ਕਰਦੇ ਹਨ। ਇਸ ਦਿਨ ਧਾਰਮਿਕ ਸਥਾਨਾਂ ਅਤੇ ਗੁਰਧਾਮਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ।

ਆਓ ਅੱਜ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਸੰਕਲਪ ਕਰੀਏ ਕਿ ਅਸੀਂ ਸਾਰੇ ਮਿਲ ਕੇ ਦੂਜਿਆਂ ਦੇ ਦੁੱਖ-ਸੁੱਖ ਸਾਂਝੇ ਕਰਾਂਗੇ ਤਾਂ ਜੋ ਇਸ ਤਿਉਹਾਰ ਦੀ ਖੁਸ਼ੀ ਆਪਣੇ ਅਜ਼ੀਜ਼ਾਂ ਨਾਲ ਦੁੱਗਣੀ ਹੋ ਜਾਵੇ। ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਡੀ ਪੁਰਾਣੀ ਵਿਰਾਸਤ ਕਿਸ ਤਰ੍ਹਾਂ ਦੀ ਸੀ। ਆਓ, ਅਸੀਂ ਉਸ ਪੁਰਾਣੇ ਸਮੇਂ ਨੂੰ ਯਾਦ ਕਰੀਏ ਅਤੇ ਤੇਜ਼ੀ ਨਾਲ ਚੱਲ ਰਹੇ ਜੀਵਨ ਵਿੱਚ ਆਪਸੀ ਭਾਈਚਾਰਕ ਸਾਂਝ, ਸਹਿਯੋਗ ਅਤੇ ਨੇੜਤਾ ਨੂੰ ਬਣਾ ਕੇ ਰੱਖੀਏ।

ਸ਼ੁਭਇੱਛਾਵਾਂ ਨਾਲ ਵਿਸਾਖੀ ਦਿਵਸ 'ਤੇ ਪ੍ਰਕਾਸ਼ਨ ਲਈ ਭੇਜਿਆ ਗਿਆ।

ਪ੍ਰਧਾਨ,
ਰਾਜਸਥਾਨ ਪੰਜਾਬੀ ਐਸੋਸੀਏਸ਼ਨ ਸੰਸਥਾ
ਪ੍ਰਿੰਸੀਪਲ ਅਤੇ ਮੁਖੀ ਪੰਜਾਬੀ ਵਿਭਾਗ
ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ,
ਸੀਸੀ ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)

## ਇਤਿਹਾਸ ਵਿਸਾਖੀ ਦਾ

ਵਿਸਾਖੀ ਨੂੰ ਜਲਿਆਂ ਵਾਲੇ ਬਾਗ ਖ਼ੂਨੀ ਸਾਕਾ ਯਾਦ ਆਵੇ।
ਗੋਲੀਆਂ ਦੇ ਨਿਸ਼ਾਨ ਤੇ ਸ਼ਹੀਦੀ ਖ਼ੂਹ ਅੱਖਾਂ ਮੂਹਰੇ ਆਵੇ।
ਜਲਿਆਂ ਬਾਗ ਮਿੱਟੀ ਵਿੱਚੋਂ ਖੁਸ਼ਬੋ ਦੇਸ਼ ਭਗਤੀ ਦੀ ਆਵੇ।
ਸ਼ਹੀਦੀਆਂ ਪਾ ਗਏ ਦੇਸ਼ ਭਗਤਾਂ ਅੱਗੇ ਸੀਸ ਝੁਕਦਾ ਜਾਵੇ।

ਵਿਸਾਖ ਮਹੀਨੇ ਕਣਕ ਟਹਿਕਦੀ ਧਰਤੀ ਸੁਨਹਿਰੀ ਹੋ ਜਾਵੇ।
ਵਿਸਾਖ ਮਹੀਨੇ ਨਵੀਂ ਫਸਲ ਆਣ ਦੀ ਖੁਸ਼ੀ ਨਾ ਝੱਲੀ ਜਾਵੇ।
ਕਿਸਾਨ ਮਜਦੂਰ ਤੇ ਪੰਛੀਆਂ ਦੇ ਚਿਹਰੇ ਮੁਸਕਾਨ ਆ ਜਾਵੇ।
ਰੱਬ ਦਾ ਸ਼ੁਕਰ ਮਨਾਈਏ ਧਰਤੀ ਮਾਤਾ ਅੰਨ ਉਗਾਈ ਜਾਵੇ।


ਵਿਸਾਖੀ ਵਾਲੇ ਦਿਨ ਗੁਰੂਦੁਆਰੇ ਸੰਗਰਾਂਦ ਮਨਾਈ ਜਾਵੇ।
ਗੁਰੂ ਜੀ ਦੀ ਇਲਾਹੀ ਬਾਣੀ ਕਥਾ ਕੀਰਤਨ ਸੁਣਿਆ ਜਾਵੇ।
ਗੁਰੂਦੁਆਰਿਆਂ ਦੇ ਲੰਗਰ ਨਾਲ ਤਨ ਮਨ ਤ੍ਰਿਪਤ ਹੋ ਜਾਵੇ।
ਵੱਡੇ ਭਾਗਾਂ ਵਾਲਾ ਜੀਵ ਗੁਰੂ ਜੀ ਨੂੰ ਨਤਮਸਤਕ ਹੋਣ ਆਵੇ।

ਵੈਸਾਖ ਮਹੀਨੇ ਦਾ ਮਹੱਤਵ ਗੁਰਬਾਣੀ ਤੋਂ ਸਮਝਿਆ ਜਾਵੇ।
ਬਾਰਹਮਾਹਾ ਮਾਝ ਤੇ ਤੁਖਾਰੀ ਰਾਗ ਤੋਂ ਸੋਝੀ ਦਿੱਤੀ ਜਾਵੇ।
ਝੂਠੇ ਧੰਧੇ ਛੱਡ ਖੁਸ਼ੀ ਆਨੰਦ ਖੇੜਾ ਰੂਹਾਨੀਅਤ ਤੋਂ ਆਵੇ।
ਵੈਸਾਖ ਸੁਹਾਵਾ ਆਨੰਦ ਸ਼ਬਦ ਸੁਰਤ ਮਿਲਾਪ ਰਾਹੀਂ ਆਵੇ।

ਤਖਤ ਦਮਦਮਾ ਸਾਹਿਬ ਵਿਸਾਖੀ ਪੁਰਬ ਮਨਾਇਆ ਜਾਵੇ।
ਭਾਈ ਮਨੀ ਸਿੰਘ ਬਾਬਾ ਦੀਪ ਸਿੰਘ ਯਾਦ ਤਾਜਾ ਹੋ ਜਾਵੇ।
ਦਸ਼ਮੇਸ਼ ਪਿਤਾ ਜੀ ਦੀ ਕਿਰਪਾ ਗੁਰੂ ਗ੍ਰੰਥ ਸੰਪੂਰਨ ਹੋ ਜਾਵੇ।
ਸੰਗਤ ਦਾ ਮਹਾਂ ਸੈਲਾਬ ਗੁਰੂ ਜੀ ਨੂੰ ਨਤਮਸਤਕ ਹੋਣ ਆਵੇ।

ਸ੍ਰੀ ਆਨੰਦਪੁਰ ਸਾਹਿਬ ਵਿਸਾਖੀ ਪੁਰਬ ਮਨਾਇਆ ਜਾਵੇ।
ਦਸ਼ਮੇਸ਼ ਪਿਤਾ ਜੀ ਦੇ ਸਾਜੇ ਖਾਲਸੇ ਦੀ ਯਾਦ ਤਾਜਾ ਹੋ ਜਾਵੇ।
ਧਰਮ ਸਥਾਨਾਂ ਭਾਗਾਂ ਵਾਲਾ ਗੁਰੂ ਜੀ ਨੂੰ ਮੱਥਾ ਟੇਕਣ ਆਵੇ।
ਕਥਾ ਕੀਰਤਨ ਢਾਢੀ ਵਾਰਾਂ ਬਾਣੀ ਸੁਣ ਨਿਹਾਲ ਹੋ ਜਾਵੇ।

ਵਿਸਾਖੀ ਦਾ ਸੁਨਿਹਰੀ ਇਤਿਹਾਸ ਮਨ ਵਿੱਚ ਸਮਾ ਜਾਵੇ।
ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਦਿਲ ਵਿੱਚ ਵੱਸ ਜਾਵੇ।
ਗੁਰੂ ਸਾਹਿਬਾਂ ਜੀ ਦੀ ਦੇਣ ਦਾ ਸ਼ੁਕਰਾਨਾ ਹੀ ਕੀਤਾ ਜਾਵੇ।
ਵਿਸਾਖੀ ਦੀ ਸੱਚੀ ਖੁਸ਼ੀ ਸੱਚੇ ਗੁਰੂ ਜੀ ਸੰਗ ਮਨਾਈ ਜਾਵੇ।



ਇਕਬਾਲ ਸਿੰਘ ਪੁੜੈਣ
8872897500


Happy Baisakhi
ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ,
ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
Fat Ducks
pizza
7925 Bruceville Rd.
Sacramento ca 95824
916-682-9944
ਅਸੀਂ ਸਭ ਤੋਂ ਵੱਡਾ 36 ਸਲਾਈਸਾਂ ਵਾਲਾ ਪੀਜ਼ਾ ਬਣਾਉਂਦੇ ਹਾਂ।
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਬਿਜ਼ਨਸਮੈਨ ਪੰਜਾਬੀ ਮਾਂ ਬੋਲੀ, ਸਭਿਆਚਾਰ ਤੇ ਖੇਡ ਕਬੱਡੀ ਨੂੰ ਪ੍ਰੋਮੋਟ ਕਰਨ ਵਾਲੇ ਨੌਜਵਾਨਆਗੂ ਅਤੇ ਕਿੰਗਜ਼ ਸਪੋਰਟਸ ਕਲੱਬ ਕੈਲੀਫੋਰਨੀਆਂ ਦੇ ਸੀਨੀਅਰ ਮੈਂਬਰ
ਗੁਰੂ ਅਤੇ ਪੰਥ ਦੇ ਸੇਵਾਦਾਰ
ਗੁਰਨੇਕ ਸਿੰਘ ਢਿੱਲੋਂ
ਅਤੇ ਸਮੂਹ ਢਿੱਲੋਂ ਪਰਿਵਾਰ



ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# A&I Trucking Co.

## 123 E. Lee Road Watsonville, CA

## Ph: 831-247-4637



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

## ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ







ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ



# ਵਿਸਾਖੀ

## ਦੀਆਂ ਲੱਖ-ਲੱਖ ਵਧਾਈਆਂ

ਅਮਰੀਕਾ ਦੇ ਉਘੇ ਪੰਜਾਬੀ ਨਿਧੜਕ ਆਗੂ,
ਕਮਿਊਨਟੀ ਦੇ ਹਰ ਕੰਮ ਨੂੰ ਪਹਿਲ
ਦੇ ਅਧਾਰ ਉਪਰ ਕਰਨ ਵਾਲੇ
ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ
ਅਤੇ ਸਭਿਆਚਾਰ ਦੇ ਸੇਵਾਦਾਰ
ਅਤੇ ਹਿੰਦੂ ਟੈਂਪਲ ਸਨੀਵੇਲ
ਕੈਲੀਫੋਰਨੀਆ ਦੇ ਸਾਬਕਾ ਪ੍ਰਧਾਨ

## ਸ੍ਰੀ ਰਾਜ ਭਨੋਟ

## ਅਤੇ ਸਮੂਹ ਭਨੋਟ ਪਰਿਵਾਰ



ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ,
ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ

ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ
ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ।

ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ
ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ



ਸ:ਸੰਤੋਖ ਸਿੰਘ ਝਿੰਗੜਾ

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌਂ ਕਰੌਂ ਨਿਵਾਸ ॥



# ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ



ਕਮਿਊਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਸੀਨੀਅਰ ਪੱਤਰਕਾਰ ਸ੍. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ, ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ

# ਖਾਲਸੇ ਦੇ ਸਿਰਜਨਾ ਦਿਵਸ "ਵਿਸਾਖੀ" ਦੀ ਵੰਗਾਰ ਸਿੱਖ ਪੰਥ ਨੂੰ ਮੁੜ ਆਪਣੇ ਪੈਰਾਂ ਸਿਰ ਖੜ੍ਹੇ ਕਰਨ ਦਾ ਪ੍ਰਣ ਕਰੀਏ



ਇਹ ਮੰਨਿਆ ਜਾਂਦਾ ਕਿ ਕੁਝ ਸਮੇਂ ਬਾਅਦ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ।ਅੱਜ ਜਦੋਂ ਖਾਲਸਾ ਪੰਥ ਆਪਣੀ 324ਵੀਂ ਵਰ੍ਹੇ ਗੰਢ ਨੂੰ ਮਨਾ ਰਿਹਾ ਹੈ ਜੇ ਕਰ ਇਸ ਸਮੇਂ ਨੂੰ ਗੁਰੂ ਸਾਹਿਬ ਦੇ ਉਸ ਸਮੇਂ ਨਾਲ ਮੇਲ ਕਰਾਈਏ ਤਾਂ ਕਾਫੀ ਹੱਦ ਤਕ ਸਚਾਈ ਉਸ ਨਾਲ ਮੇਲ ਖਾਂਦੀ ਨਜਰੀ ਪੈਂਦੀ ਦਿਸੇਗੀ। ਖਾਲ਼ਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਦੇਸ਼ ਵਿੱਚ ਮੁਗਲ ਸ਼ਾਸ਼ਕ ਔਰੰਗਜੇਬ ਰਾਜ ਕਰਦਾ ਸੀ ਜੋ ਕਿ ਸਮੇਂ ਦਾ ਬੜਾ ਜਾਲਮ ਤੇ ਨਿਰਦੱਈ ਸੀ ਉਸ ਨੇ ਕਸਮ ਖਾਧੀ ਸੀ ਕਿ ਉਹ ਭਾਰਤ ਵਿੱਚੋਂ ਹਿੰਦੂ ਧਰਮ ਨੂੰ ਸਦਾ ਲਈ ਖਤਮ ਕਰਕੇ ਮੁਸਲਿਮ ਧਰਮ ਦਾ ਡੰਕਾ ਵਜਾਵੇਗਾ। ਇਸ ਮੰਤਵ ਨਾਲ ਉਹ ਜੰਮੂ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਬੜਾ ਤੰਗ ਤੇ ਪਰੇਸ਼ਾਨ ਕਰਦਾ ਸੀ। ਉਹ ਹਰ ਰੋਜ ਸਵਾ ਮਣ ਹਿੰਦੂਆਂ ਦੇ ਜੰਜੂ ਲਾਹ ਕੇ ਰੋਟੀ ਖਾਂਦਾ ਸੀ।

ਉਸ ਦੇ ਜੁਲਮ ਜਬਰ ਤੋਂ ਤੰਗ ਪਰੇਸ਼ਾਨ ਹੋ ਕੇ ਜੰਮੂ ਕਸ਼ਮੀਰ ਦੇ ਬ੍ਰਾਹਮਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਫਰਿਆਦ ਲੈ ਕੇ ਆਏ ਕਿ ਔਰੰਗਜੇਬ ਬਾਦਸ਼ਾਹ ਜੁਲਮ ਕਰਕੇ ਉਨਾਂ ਨੂੰ ਜਬਰੀ ਮੁਸਲਮਾਨ ਧਰਮ ਵਿੱਚ ਤਬਦੀਲ ਕਰਵਾ ਰਿਹਾ ਹੈ ਤਾਂ ਉਸ ਸਮੇਂ ਗੁਰੂ ਸਾਹਿਬ ਕੋਲ ਬੈਠੇ ਉਨਾਂ ਦੇ ਸਪੁੱਤਰ ਸ੍ਰੀ ਗੋਬਿੰਦ ਰਾਏ ਜਿਨਾਂ ਦੀ ਉਮਰ ਸਿਰਫ ਨੌਂ ਸਾਲਾਂ ਦੀ ਸੀ, ਆਪਣੇ ਪਿਤਾ ਨੂੰ ਕਿਸੇ ਡੂੰਘੀ ਸੋਚ ਵਿਚਾਰ ਵਿੱਚ ਡੁੱਬੇ ਹੋਣ ਦਾ ਕਾਰਨ ਪੁਛਿਆ ਤਾਂ ਗੁਰੂ ਸਾਹਿਬ ਨੇ ਗੋਬਿੰਦ ਰਾਏ ਨੂੰ ਕਿਹਾ ਕਿ ਇਨਾਂ ਦੇ ਧਰਮ ਨੂੰ ਬਚਾਉਣ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਜਰੂਰਤ ਹੈ। ਕਸ਼ਮੀਰੀ ਪੰਡਤਾਂ ਦੀ ਜਬਰ ਜੁਲਮ ਦੀ ਫਰਿਆਦ ਤੇ ਆਪਣਾ ਪ੍ਰਤੀਕਰਮ ਦੇਂਦਿਆਂ ਝੱਟ ਇਹ ਕਹਿ ਦਿੱਤਾ ਹੈ ਕਿ ਆਪ (ਗੁਰੂ ਤੇਗ ਬਹਾਦਰ ਸਾਹਿਬ) ਜੀ ਤੋਂ ਮਹਾਨ ਹੋਰ ਕੋਈ ਸ਼ਖਸ਼ੀਅਤ ਨਹੀਂ ਹੋ ਸਕਦੀ ਜੋ ਇਨਾਂ ਦੇ "ਹਿੰਦੂ ਧਰਮ" ਨੂੰ ਔਰੰਗਜੇਬ ਦੇ ਜੁਲਮਾਂ ਤੋਂ ਬਚਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਔਰੰਗਜੇਬ ਨੂੰ ਜਾ ਕੇ ਆਖ ਦਿਉ ਕਿ ਉਹ ਗੁਰੂ ਤੇਗ ਬਹਾਦਰ ਕੋਲੋਂ ਪਹਿਲਾਂ ਆਪਣੀ ਈਨ ਮਨਵਾ ਲਵੇ, ਫਿਰ ਅਸੀ ਸਾਰੇ (ਕਸ਼ਮੀਰੀ ਪੰਡਤ) ਵੀ ਤੁਹਾਡੀ ਈਨ ਪ੍ਰਵਾਨ ਕਰ ਲਵਾਂਗੇ। ਜਦੋਂ ਇਹ ਸੂਚਨਾ ਔਰੰਗਜੇਬ ਨੂੰ ਮਿਲੀ ਤਾਂ ਉਸ ਨੇ ਝੱਟ ਗੁਰੂ ਸਾਹਿਬ ਨੂੰ ਦਿੱਲੀ ਬੁੱਲਾ ਭੇਜਿਆ। ਜਦੋਂ ਗੁਰੂ ਸਾਹਿਬ ਨੇ ਦਿੱਲੀ ਨੂੰ ਜਾਣ ਦੇ ਚਾਲੇ ਪਾਏ ਤਾਂ ਉਨਾਂ ਨਾਲ ਤਿੰਨ ਸ਼ਰਧਾਲੂ ਭਾਈ ਮੱਤੀ ਦਾਸ,ਭਾਈ ਸੱਤੀ ਦਾਸ ਅਤੇ ਭਾਈ ਦਿਆਲਾ ਵੀ ਸਨ। ਔਰੰਗਜੇਬ ਨੇ ਗੁਰੂ ਸਾਹਿਬ ਨੂੰ ਮਨਾਉਣ ਦੇ ਸਭ ਯਤਨ ਕਰ ਵੇਖੇ ਜਦੋਂ ਕੋਈ ਗੱਲ ਨੇਪਰੇ ਚੜ੍ਹਦੀ ਨਾ ਨਜ਼ਰ ਆਈ ਤਾਂ ਗੁਰੂ ਸਾਹਿਬ ਵਿੱਚ ਡਰ ਖੌਫ ਪੈਦਾ ਕਰਨ ਦੇ ਮੰਤਵ ਨਾਲ ਉਨਾਂ ਦੇ ਸਾਹਮਣੇ ਉਕਤ ਤਿੰਨੇ ਸ਼ਰਧਾਲੂਆਂ ਇਕ ਨੂੰ ਜੀਊਂਦੇ ਆਰੇ ਨਾਲ ਚਿਰਵਾ ਕੇ, ਦੂਜੇ ਨੂੰ ਰੂੰ ਦੇ ਗੋਹੜੇ ਵਿੱਚ ਸਾੜ੍ਹ ਕੇ ਤੇ ਤੀਸਰੇ ਨੂੰ ਪਾਣੀ ਦੇ ਦੇਗੇ ਵਿੱਚ ਆਲੂਆਂ ਵਾਂਗ ਉਬਾਲ ਕੇ ਇਹੋ ਜਿਹੇ ਭੈਭੀਤ ਕਰਨ ਵਾਲੇ ਤਸੀਹੇ ਦੇ ਕੇ ਸ਼ਹੀਦ ਕਰਨ ਉਪਰੰਤ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਉਤੇ ਇਸ ਕਿਸੇ ਦਾ ਕੋਈ ਅਸਰ ਨਾ ਹੋਇਆ ਤੇ ਉਹ ਆਪਣੇ ਦ੍ਰਿੜ੍ਹ ਵਿਸ਼ਵਾਸ਼ ਤੇ ਡੱਟੇ ਰਹੇ ਤਾਂ ਔਰੰਗਜੇਬ ਬਾਦਸ਼ਾਹ ਦੇ ਹੁਕਮਾਂ ਤੇ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਰੇਆਮ ਜੰਨਤਾ ਦੇ ਸਾਹਮਣੇ ਜਲਾਦਾਂ ਨੇ ਤਲਵਾਰ ਨਾਲ ਗੁਰੂ ਸਾਹਿਬ ਦਾ ਸਿਰ ਕਲਮ ਕਰਕੇ ਸ਼ਹੀਦ ਕਰ ਦਿੱਤਾ।

ਇਸ ਸਮੇਂ ਵੀ ਔਰੰਗਜੇਬ ਵਰਗੀ ਇਕ ਹੋਰ ਜਾਬਰ ਰੂਹ ਦੇ ਰੂਪ ਵਿੱਚ ਦੇਸ਼ ਦਾ ਪ੍ਰਧਾਨ ਮੰਤਰੀ ਜਿਸ ਦਾ ਸਬੰਧ ਹਿੰਦੂ ਧਰਮ ਨਾਲ ਹੈ ਭਾਵ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਜੋ ਇਸ ਸਮੇਂ ਦਿੱਲੀ ਦੇ ਤਖਤ ਤੇ ਰਾਜ ਕਰ ਰਿਹਾ ਹੈ। ਇਸ ਨੇ ਵੀ ਕਸਮ ਖਾ ਰੱਖੀ ਹੈ ਕਿ ਉਹ ਵੀ ਦੇਸ਼ ਵਿੱਚ ਹਿੰਦੂਆਂ ਤੋਂ ਬਿਨਾ ਹੋਰ ਕਿਸੇ ਧਰਮ ਨੂੰ ਰਹਿਣ ਨਹੀ ਦੇਵੇਗਾ। ਭਾਰਤ ਦੇਸ਼ ਜਿਹੜਾ ਬਹੁਤ ਸਾਰੇ ਧਰਮਾਂ, ਮਜਬਾਂ ਨੂੰ ਮੰਨਣ ਵਾਲਾ ਭਰਾਤਰੀ ਏਕੇ ਦਾ ਪ੍ਰਤੀਕ ਹੋਣ ਦੇ ਨਾਲ ਵੱਖ ਵੱਖ ਖੂਬਸੂਰਤ ਫੁੱਲਾਂ ਦੀ ਮਹਿਕ ਵੰਡਦੇ ਗੁਲਦੱਸਤੇ ਦੇ ਨਿਆਈਂ ਹੈ। ਉਸ ਖੁਸ਼ਬੋ ਨੂੰ ਖਤਮ ਕਰਕੇ ਭਾਰਤ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣ ਵੱਲ ਲਗਾ ਹੋਇਆ ਹੈ। ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜਿਨਾਂ ਨੂੰ "ਹਿੰਦ ਦੀ ਚਾਦਰ ਕਿਹਾ ਜਾਂਦਾ ਹੈ ਤੇ ਜਿਨਾਂ ਨੇ ਹਿੰਦੂ ਧਰਮ ਨੂੰ ਬਚਾਉਣ ਲਈ ਆਪਣੀ ਕੁਰਬਾਨੀ ਦਿੱਤੀ ਸੀ, ਅੱਜ ਉਸੇ ਸਿੱਖ ਧਰਮ ਨੂੰ



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380

ਖਤਮ ਕਰਨ ਲਈ ਉਸ ਨੇ ਪੰਜਾਬ ਦੇ ਬਹੁ ਗਿਣਤੀ ਵਰਗ "ਸਿੱਖ" ਕਿਰਸਾਨਾਂ ਦੀਆਂ ਜਮੀਨਾਂ ਉਨ੍ਹਾਂ ਕੋਲੋਂ ਖੋਹ ਕੇ ਅੰਬਾਨੀਆਂ ਅਡਾਨੀਆਂ ਆਪਣੇ ਦੋ ਕਾਰਪੋਰੇਟ ਗੁਜਰਾਤੀ ਮਿੱਤਰਾਂ ਦੇ ਹਵਾਲੇ ਕਰਕੇ ਸਿੱਖ ਰਾਜ ਦੇ ਪਹਿਲੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਆਪਣੇ ਰਾਜ ਵਿੱਚ ਰਜਵਾੜਿਆਂ ਤੋਂ ਜਮੀਨਾਂ ਲੈ ਕੇ ਮੁਜਾਰਿਆਂ ਨੂੰ ਜਮੀਨਾਂ ਦੇ ਕੇ ਉਨਾਂ ਦੇ ਮਾਲਕ ਬਣਾਇਆ ਸੀ।

ਉਨ੍ਹਾਂ ਦੀਆਂ ਜਮੀਨਾਂ ਖੋਹ ਕੇ ਸਿੱਖ ਕਿਸਾਨਾਂ ਦੀ ਹੋਂਦ ਨੂੰ ਸਦਾ ਲਈ ਖਤਮ ਕਰ ਰਿਹਾ ਸੀ ।ਪਰ ਇਨ੍ਹਾਂ ਸਿੱਖ ਕਿਸਾਨਾਂ ਨੇ ਸਾਰੇ ਭਾਰਤ ਦੇ ਕਿਸਾਨਾਂ ਨੂੰ ਇਕਠਿਆਂ ਕਰਕੇ 384 ਦਿਨ ਅਤਿ ਕਠਿਨਾਈਆਂ ਵਿੱਚ ਦਿੱਲੀ ਦੇ ਬਾਰਡਰਾਂ ਤੇ ਲੰਮੀ ਲੜਾਈ ਲੜ ਕੇ ਇਸੇ ਜਾਬਰ ਸ੍ਰੀ ਨਰਿੰਦਰ ਮੋਦੀ ਹੁਕਮਰਾਨ ਕੋਲੋਂ ਬਿਨਾ ਸ਼ਰਤ ਤਿੰਨ ਕਿਸਾਨ ਵਿਰੋਧੀ ਕਾਨੂੰਨ ਵਾਪਸ ਕਰਵਾ ਕੇ ਉਸ ਦੇ ਹੰਕਾਰ ਨੂੰ ਤੋੜਿਆ ਸੀ। ਇਸ ਤੋਂ ਕੁਝ ਸਬਕ ਸਿੱਖਣ ਦੀ ਬਜਾਏ ਹਾਲੇ ਵੀ ਆਪਣੇ ਹੱਠ ਤੇ ਕਾਇਮ ਹੈ। ਇਸ ਜਾਬਰ ਬਣੇ ਮੋਦੀ ਬਾਰੇ ਹੋਰ ਕੁਝ ਲਿਖਣ ਤੋਂ ਪਹਿਲਾ ਇਹ ਜਰੂਰੀ ਹੈ ਕਿ ਖਾਲਸਾ ਪੰਥ ਦੇ ਮਹਾਨ ਪੁਰਬ ਬਾਰੇ ਵਿਚਾਰ ਚਰਚਾ ਕਰ ਲਈਏ। ਸਿੱਖ ਪੰਥ ਦੇ ਇਤਿਹਾਸ ਵਿੱਚ 13 ਅਪ੍ਰੈਲ 1699 ਦੀ ਵਿਸਾਖੀ ਦੇ ਦਿਵਸ ਦਾ ਇਕ ਨਿਵੇਕਲਾ ਤੇ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਦਸਮ ਪਾਤਸ਼ਾਹ, ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹਾ ਵਰਤਾਰਾ ਵਰਤਾਇਆ ਕਿ ਇਸ ਪਵਿੱਤਰ ਦਿਹਾੜੇ ਵਾਲੇ ਦਿਨ ਦੇਸ਼ ਦੇ ਹਜਾਰਾਂ ਲੋਕਾਂ ਦਾ ਇਕੱਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ। ਜਿਸ ਵਿੱਚ ਲਹੂ ਨਾਲ ਲਿੱਬੜੀ ਨੰਗੀ ਤਲਵਾਰ ਲੈ ਕੇ ਪੂਰੇ ਜਾਹੋ ਜਲਾਲ ਨਾਲ ਭਰੇ ਪੰਡਾਲ ਵਿੱਚ ਪੰਜ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ। ਇਸ ਕੜਕਵੀਂ ਅਵਾਜ ਨੂੰ ਸੁਣ ਕੇ ਹਾਜਰ ਸੰਗਤਾਂ ਵਿੱਚ ਖਲਬੱਲ਼ੀ ਮੱਚ ਗਈ। ਇਸ ਮੌਕੇ ਭਾਈ ਦਇਆ ਸਿੰਘ ਵਾਸੀ ਲਾਹੌਰ, ਭਾਈ ਧਰਮ ਸਿੰਘ ਵਾਸੀ ਹਸਤਨਾ ਪੁਰ (ਦਿੱਲੀ), ਭਾਈ ਹਿੰਮਤ ਸਿੰਘ ਵਾਸੀ ਜਗਨ ਨਾਥ ਪੁਰੀ (ਉੜੀਸਾ' ਭਾਈ ਮੋਹਕਮ ਸਿੰਘ ਨਿਵਾਸੀ ਦਵਾਰਕਾ (ਗੁਜਰਾਤ), ਭਾਈ ਸਾਹਿਬ ਸਿੰਘ ਵਾਸੀ ਬਿਦਰ (ਕਰਨਾਟਕਾ) ਇਕ ਇਕ ਕਰਕੇ ਹੱਥ ਜੋੜ੍ਹ ਕੇ ਸੀਸ ਭੇਟ ਕਰਨ ਲਈ ਨਿੱਤਰ ਕੇ ਆਏ । ਜਿਨਾਂ ਨੂੰ ਗੁਰੂ ਸਾਹਿਬ ਲਾਗਲੇ ਤੰਬੂ ਵਿੱਚ ਲੈ ਕੇ ਗਏ ਤੇ ਉਨਾਂ ਨੂੰ ਸਿੰਘ ਸਜਾ ਕੇ ਲਿਆਏ ਜਿਸ ਨੂੰ ਉਨਾਂ ਨੇ "ਖਾਲਸੇ" ਦਾ ਨਾਂ ਦਿੱਤਾ। ਇਨਾਂ ਪੰਜਾਂ ਪਿਆਰਿਆ ਕੋਲੋਂ ਬਾਅਦ ਵਿੱਚ ਅੰਮ੍ਰਿਤ ਛੱਕ ਕੇ ਗੁਰੂ ਚੇਲਾ ਇਕ ਹੋਣ ਦਾ ਮਾਣ ਬਖਸ਼ਿਆ।

ਇਸੇ ਖਾਲਸਾ ਪੰਥ ਨੇ ਬਾਅਦ ਵਿੱਚ ਅਜਿਹਾ ਜੰਗ ਜੂ ਇਤਿਹਾਸ ਸਿਰਜਿਆ ਜਿਸ ਨੇ ਜਾਲਮ ਮੁਗਲੀ ਹਕੂਮਤ ਦਾ ਤਹਿਸ ਨਹਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਪਹਿਲਾ ਸਿੱਖ ਰਾਜ ਸਥਾਪਤ ਕੀਤਾ। ਬਾਅਦ ਵਿੱਚ ਇਸੇ ਕੌਮ ਦੇ ਮਹਾਰਾਜਾ ਰਣਜੀਤ ਸਿੰਘ ਨੇ 50 ਵਰ੍ਹੇ ਦੇ ਕਰੀਬ ਦੇਸ਼ ਤੇ ਰਾਜ ਕੀਤਾ। ਇਸੇ ਕੌਮ ਨੇ ਬਾਅਦ ਵਿੱਚ ਅੰਗਰੇਜਾਂ ਦੇ ਰਾਜ ਨੂੰ ਚਲਦਾ ਕਰਨ ਲਈ ਆਪਣੀ ਅਣਗਿਣਤ ਕੁਰਬਾਨੀਆ ਦਿੱਤੀਆਂ, ਜੇ ਕਰ ਕਾਂਗਰਸ ਪਾਰਟੀ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬਦਨੀਤੀ ਨਾਲ ਇਨਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਤੇ 1984 ਵਿੱਚ ਹਮਲਾ ਕਰਕੇ ਉਸ ਨੂੰ ਢਹਿ ਢੇਰੀ ਕੀਤਾ ਤਾਂ ਇਸੇ ਕੌਮ ਦੇ ਵਾਰਸਾਂ ਨੇ ਉਸ ਦਾ ਬਦਲਾ ਲਿਆ ਭਾਵੇਂ ਇਸ ਦੇ ਇਵਜ ਵਿੱਚ ਉਨਾਂ ਨੂੰ ਅਣਗਿਣਤ ਕੁਰਬਾਨੀਆ ਦੇਣੀਆਂ ਪਈਆਂ ਤੇ ਇਸ ਕੌਮ ਤੇ ਦਸ ਵਰ੍ਹੇ ਜੁਲਮ ਕਰਕੇ ਨੌਜੁਆਨੀ ਦਾ ਇਤਨਾ ਘਾਣ ਕੀਤਾ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਸਰਹੱਦੀ ਜਿਲਿਆਂ ਵਿੱਚ ਕਈ ਦਹਾਕਿਆਂ ਤਕ ਸਿੱਖ ਨੌਜੁਆਨਾਂ ਦੀਆਂ ਬਰਾਤਾਂ ਤਕ ਨਹੀਂ ਸਨ ਚੜ੍ਹ ਸਕੀਆਂ।

ਇਸ ਕੱਟੜ ਪ੍ਰਧਾਨ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਦੇਸ਼ ਵੱਖ ਵੱਖ ਧਰਮਾਂ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ, ਪਾਰਸੀਆਂ ਆਦਿ ਕਈ ਧਰਮਾਂ, ਬੋਲੀਆਂ, ਪਹਿਰਾਵਿਆਂ ਵਾਲਾ ਖੁਸ਼ਬੋਈ ਵੰਡਦਾ ਰੰਗ ਬਿਰੰਗੇ ਫੁਲਾਂ ਦੇ ਗੁੱਲਦਸਤੇ ਵਰਗਾ ਦੇਸ਼ ਹੈ। ਦੇਸ਼ ਦੇ ਲੋਕ ਇਸ ਨੂੰ ਇਕ ਰੰਗ ਵਿੱਚ ਕਦੇ ਵੀ ਤਬਦੀਲ ਨਹੀਂ ਹੋਣ ਦੇਣਗੇ। ਦੇਸ਼ ਦੀ



ਅਜਾਦੀ ਤੋਂ ਬਾਅਦ ਦੀਆਂ ਦੇਸ਼ ਵਿੱਚ ਬਣੀਆਂ ਸਰਕਾਰਾਂ ਵਲੋਂ ਵੱਖ ਵੱਖ ਢੰਗ ਤਰੀਕੇ ਅਪਣਾਅ ਕੇ ਪੰਜਾਬ ਨੂੰ ਦਬਾਉਣ ਦਾ ਹਰ ਕੋਹਝੇ ਤੋਂ ਕੋਹਝਾ ਹਥਿਆਰ ਵਰਤਿਆ ਜਾਂਦਾ ਰਿਹਾ ਹੈ। ਸਾਰੇ ਦੇਸ਼ ਵਿੱਚ ਬੋਲੀਆਂ ਦੇ ਅਧਾਰ ਤੇ ਸੂਬੇ ਬਣਾ ਦਿੱਤੇ ਪਰ ਪੰਜਾਬੀ ਸੂਬਾ ਬਣਾਉਣ ਲਈ ਪੰਜਾਬੀਆਂ ਨੂੰ ਕਈ ਦਹਾਕੇ ਲੜਾਈ ਲੜ੍ਹਣ ਉਪਰੰਤ ਅਣਗਿਣਤ ਕੁਰਬਾਨੀਆਂ ਦੇ ਕੇ ਜਿਹੜਾ ਕੱਟ ਵੱਢ ਕਰਕੇ 'ਪੰਜਾਬੀ ਸੂਬਾ' ਬਣਾ ਕੇ ਦਿੱਤਾ ਉਹ ਸਭ ਦੇ ਸਾਹਮਣੇ ਹੈ। ਕਦੇ ਉਸ ਦੀ ਰਾਜਧਾਨੀ "ਚੰਡੀਗੜ੍ਹ" ਖੋਹੀ ਜਾਂਦੀ ਹੈ ਕਦੇ ਉਸ ਦੇ ਪੰਜਾਬੀ ਬੋਲਦੇ ਇਲਾਕੇ, ਕਦੇ ਦਰਿਆਈ ਪਾਣੀ ਤੇ ਡੈਮਾਂ ਦੇ ਹੱਕਾਂ ਤੇ ਡਾਕਾ ਮਾਰਿਆ ਜਾਂਦਾ, ਕਦੇ ਜਨਤਕ ਥਾਵਾਂ ਤੇ ਕਕਾਰ ਪਹਿਨਣ ਤੋਂ ਵਰਜ ਕੇ ਸਿੱਖ ਕੌਮ ਨਾਲ ਵਿਤਕਰੇ ਤੇ ਵਿਤਕਰਾ ਕਰਕੇ ਉਨਾਂ ਨੂੰ ਇਨਾ ਸਮੱਸਿਆਵਾਂ ਵਿੱਚ ਉਲਝਾਇਆ ਜਾ ਰਿਹਾ ਹੈ ਤਾਂ ਕਿ ਉਹ ਦੇਸ਼ ਤੇ ਰਾਜ ਕਰਨ ਦੀ ਸ਼ਕਤੀ ਤੇ ਭਾਵਨਾ ਵਾਲੇ ਪਾਸੇ ਸੋਚ ਹੀ ਨਾ ਸਕਣ! ਸਿੱਖਾਂ ਨੂੰ ਆਪਸ ਵਿੱਚ ਵੰਡ ਕੇ ਰਖਣਾ ,ਉਨਾਂ ਨੂੰ ਇਕ ਦੂਜੇ ਨਾਲ ਲੜਾਈ ਜਾਣਾ ਵੀ ਇਸ ਕੱਟੜ ਹਿੰਦੂ ਲਾਣੇ ਦੀ ਇਕ ਡੂੰਘੀ ਤੇ ਗਹਿਰੀ ਚਾਲ ਹੈ। ਜਿਸ ਨੂੰ ਸਿੱਖ ਜਗਤ ਨੂੰ ਸਮਝਣ ਦੀ ਜਰੂਰਤ ਹੈ। ਜਿਸ ਵਿੱਚ ਹਿੰਦੂਆਂ ਦੀ ਕੱਟੜ ਸੰਸਥਾ ਰ.ਸ.ਸ. ਮੁੱਖ ਤੌਰ 'ਤੇ ਰੋਲ ਅਦਾ ਕਰਦੀ ਆ ਰਹੀ ਹੈ। ਉਸ ਨੇ ਬੜੀ ਵੱਡੀ ਗਿਣਤੀ ਵਿੱਚ ਆਪਣੇ ਬੰਦੇ ਵੱਖ ਵੱਖ ਰਾਜਨੀਤਕ ਪਾਰਟੀਆਂ ਤੇ ਧਰਮਾਂ ਵਿੱਚ ਉਨਾਂ ਦੇ ਸਰੂਪਾਂ ਵਾਲੇ ਉਨਾਂ ਵਿੱਚ ਵਾੜ ਰਖੇ ਹਨ ਤਾਂ ਕਿ ਵਿਰੋਧੀ ਪਾਰਟੀਆਂ ਵਲੋਂ ਕੋਈ ਠੋਸ ਯੋਜਨਾ ਬਣਾ ਕੇ ਭਾਜਪਾ ਸਰਕਾਰ ਵਿਰੁੱਧ ਇਕ ਜੁੱਟ ਹੋ ਕੇ ਜਦੋਜਹਿਦ ਨਾ ਕਰ ਸਕਣ। ਇਹੋ ਕੁਝ ਸਿੱਖਾਂ ਨਾਲ ਕੀਤਾ ਜਾ ਰਿਹਾ ਹੈ। ਸਿੱਖ ਕੌਮ ਦੇ ਆਗੂਆਂ ਨੂੰ ਡੂੰਘਾਈ ਨਾਲ ਇਸ ਚਾਲ ਨੂੰ ਸਮਝਣ ਤੇ ਉਸ ਤੇ ਵਿਚਾਰ ਕਰਨ ਦੀ ਜਰੂਰਤ ਹੈ। ਸੰਸਾਰ ਭਰ ਦੇ ਸਿੱਖਾਂ ਨੂੰ ਇਕ ਸੋਚ ਬਣਾਉਣੀ ਪਵੇਗੀ ਤਾਂ ਹੀ ਉਹ ਪੰਜਾਬ ਤੇ ਆਪਣੇ ਸਿੱਖ ਧਰਮ ਨਾਲ ਹੋ ਰਹੇ ਧੱਕੇ ਤੇ ਵਿਤਕਰਿਆ ਨੂੰ ਖਤਮ ਕਰਾ ਕੇ ਅੱਗੇ ਵੱਧ ਸਕਦੇ ਹਨ। ਅੱਜ ਜਿਸ ਬਾਦਲ ਟੋਲੇ ਕੋਲ ਸ਼੍ਰੋਮਣੀ ਅਕਾਲੀ ਦੱਲ ਤੇ ਸ਼੍ਰੋਮਣੀ ਕਮੇਟੀ ਹੈ, ਉਹ ਭਾਜਪਾ ਨਾਲ ਰੱਲ ਕੇ ਉਸ ਦਾ ਕੰਮ ਕਰਦੀ ਆ ਰਹੀ ਹੈ। ਉਹ ਸੱਚੇ ਸਿੱਖ ਆਗੂ ਨਾ ਹੋ ਕੇ ਸਿਰਫ ਰਾਜ ਗੱਦੀ ਦੇ ਭੁੱਖੇ, ਪੰਜਾਬ ਨੂੰ ਲੁੱਟਣ ਤੇ ਧੰਨ ਕਮਾਊ, ਸਿੱਖਰਾਂ ਦੇ ਲਾਲਚੀ ਹੋਣ ਦੇ ਨਾਲ ਸਿੱਖ ਧਰਮ ਤੇ ਉਸ ਦੇ ਜੁਝਾਰੂ ਇਤਿਹਾਸ ਨੂੰ ਜਾਣਨ ਤੋਂ ਕੋਰੇ ਹਨ। ਉਹਨਾਂ ਨੇ ਵੋਟਾਂ ਤੇ ਰਾਜ ਗੱਦੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨ ਮਰਿਆਦਾ ਸਭ ਕੁਝ ਦਾਅ ਤੇ ਲਗਾਉਣ ਦੇ ਨਾਲ ਸਿੱਖ ਕੌਮ ਦੇ ਜਥੇਦਾਰ ਸਾਹਿਬਾਨ ਸਮੇਤ ਸ੍ਰੀ ਅਕਾਲ ਤੱਖਤ ਸਾਹਿਬ ਦੇ ਸਵੈਮਾਣ ਨੂੰ ਢਾਹ ਲਗਾਉਣ ਤੋਂ ਵੀ ਜਰਾ ਜਿੰਨੀ ਸ਼ਰਮ ਹਯਾ ਮਹਿਸੂਸ ਨਹੀਂ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਰਗੇ ਆਗੂ ਉਨਾਂ ਦੇ ਲਫਾਫਿਆਂ ਵਿਚੋਂ ਨਿਕਲਣ ਵਾਲੇ ਬਣਾਏ ਜਾਂਦੇ ਆ ਰਹੇ ਹਨ ਦੇ ਨਾਲ ਨਾਲ ਇਸੇ ਸੁਆਰਥੀ ਲੀਡਰਸ਼ਿਪ ਵਲੋਂ ਆਪਣੀ ਮਨ ਮਰਜੀ ਦੇ ਤੱਖਤਾਂ ਦੇ ਜਥੇਦਾਰ ਥਾਪੇ ਜਾਂਦੇ ਰਹੇ ਹਨ ਤਾਂ ਕਿ ਲੋੜ ਪੈਣ ਤੇ ਉਨਾਂ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਿਆ ਜਾ ਸਕੇ। ਬਾਦਲ ਲਾਣੇ ਦੇ ਸੁਆਰਥੀ ਸਿੱਖ ਆਗੂਆਂ ਨੇ ਇਸ ਜੁਝਾਰੂ ਸਿੱਖ ਕੌਮ ਨੂੰ ਇਥੋਂ ਤਕ ਨਿਘਾਰ ਤੇ ਪੁੱਜਾ ਦਿਤਾ ਹੈ। ਜਿਨ੍ਹਾਂ ਨੇ ਮਾਂ ਬੋਲੀ ਪੰਜਾਬੀ ਦਾ ਪੰਜਾਬੀ ਸੂਬੇ ਵਿੱਚ ਹੀ ਭੋਗ ਪਵਾਉਣ ਦੇ ਨਾਲ ਪੰਜਾਬ ਤੇ ਪੰਜਾਬੀਅਤ ਸਭ ਕੁਝ ਨੂੰ ਖਤਮ ਕਰਕੇ ਰੱਖ ਦਿੱਤਾ ਹੈ।

ਇਨ੍ਹਾਂ ਅਕਾਲੀ ਆਗੂਆ ਨੇ ਭਾਜਪਾ ਦੀ ਨੀਤੀ ਅਨੁਸਾਰ ਪੰਜਾਬ ਦੀ ਬਹੁਤੀ ਵਿਦਿਆ ਨੂੰ ਸੀ. ਬੀ. ਐਸ. ਈ. ਦੇ ਅਧੀਨ ਕਰਵਾ ਕੇ ਪੰਜਾਬ ਵਿੱਚ ਹਿੰਦੀ ਭਾਸ਼ਾ ਨੂੰ ਪਹਿਲੀ ਭਾਸ਼ਾ ਵਜੋਂ ਪੜਾਉਣਾ ਸ਼ੁਰੂ ਕਰਾ ਕੇ ਪੰਜਾਬੀ ਸੂਬੇ ਤੇ ਪੰਜਾਬੀ ਮਾਂ ਬੋਲੀ ਨਾਲ ਵੱਡੀ ਬੇਇਨਸਾਫੀ ਵੀ ਕੀਤੀ ਹੈ। ਪੰਜਾਬ ਦਾ ਇਤਿਹਾਸ ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਬਾਰੇ ਬਹੁਤ ਹੀ ਨਿੰਦਣਯੋਗ ਗੱਲਾਂ ਲਿਖੀਆਂ ਹੋਈਆਂ ਹਨ ਸਕੂਲਾਂ ਵਿੱਚ ਪੜਾਇਆ ਜਾਣਾ ਸ਼ੁਰੂ ਕਰਕੇ ਸਿੱਖ ਕੌਮ ਨਾਲ ਵੀ ਵੱਡਾ ਧਰੋਹ ਕਮਾਇਆ ਹੈ। ਜਿਸ ਵਿਰੁਧ ਪੰਜਾਬ ਦੇ ਹਿਤੈਸ਼ੀ ਪਿਛਲੇ ਲਗਭਗ ਦੋ ਮਹੀਨਿਆਂ ਤੋਂ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ ਦੇ ਦਫਤਰ ਅੱਗੇ ਧਰਨਾ ਲਗਾ ਕੇ ਇਹ ਮੰਗ ਕਰਦੇ ਆ ਰਹੇ ਹਨ ਜਿਸ ਲੇਖਕ ਨੇ ਇਤਿਹਾਸ ਦੀ ਇਹ ਪੁਸਤਕ ਲਿਖੀ ਹੈ, ਜਿਨ੍ਹਾਂ ਅਧਿਕਾਰੀਆਂ ਨੇ ਇਤਿਹਾਸ ਦੀ ਇਸ ਪੁਸਤਕ ਨੂੰ ਪੰਜਾਬ ਵਿੱਚ ਪੜ੍ਹਾਉਣ ਦੀ ਆਗਿਆ ਦਿੱਤੀ ਹੈ ਉਨਾਂ ਵਿਰੁਧ ਮੁਕਦਮਾ ਦਰਜ ਕੀਤਾ ਜਾਵੇ। ਇਸ ਕਿਤਾਬ ਨੂੰ ਸਕੂਲਾਂ ਵਿੱਚ ਪੜਾਉਣਾ ਬੰਦ ਕੀਤਾ ਜਾਵੇ। ਇਸੇ ਕਰਕੇ ਪੰਜਾਬ ਦੇ ਲੋਕਾਂ ਨੇ 2022 ਦੀਆ ਵਿਧਾਨ ਸਭਾ ਚੋਣਾਂ ਵਿੱਚ ਬਾਦਲ ਅਕਾਲੀ ਦਲ ਜਿਸ ਨੇ ਆਪਣੀ ਪਾਰਟੀ ਦਾ ਨਾਂ ਬਦਲ ਕੇ 'ਪੰਜਾਬ ਪਾਰਟੀ' ਰੱਖ ਲਿਆ ਸੀ। ਇਨ੍ਹਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਹੋਣ ਕਾਰਨ ਨਿਹੰਗਾਂ ਦੇ ਬਾਟੇ ਵਾਂਗ ਮਾਂਜ ਕੇ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਵਿੱਚੋਂ ਸਿਰਫ 2 ਸੀਟਾਂ ਦੇ ਕੇ ਪੰਜਾਬ ਦੀ ਸਿਆਸਤ ਵਿੱਚੋਂ ਚਲਦਾ ਕਰ ਦਿੱਤਾ ਹੈ। ਪੰਜਾਬ ਵਿੱਚੋਂ ਹੋਰ ਸਾਰੀਆਂ ਰਵਾਇਤੀ ਪਾਰਟੀਆਂ ਨੂੰ ਤੋਰ ਕੇ ਪੰਜਾਬ ਦੀ ਵਾਂਗ ਡੋਰ ਆਮ ਆਦਮੀ ਪਾਰਟੀ ਦੇ ਹਵਾਲੇ ਕਰ ਦਿੱਤੀ ਹੈ। ਅੱਜ ਸਮੇਂ ਦੀ ਅਹਿਮ ਲੋੜ ਹੈ ਕਿ ਪੰਜਾਬ ਵਿੱਚ ਸਿੱਖਾਂ ਦੀ ਰਾਜਨੀਤਕ ਪਾਰਟੀ ਬਣਾਉਣ ਦੇ ਨਾਲ ਸਿੱਖ ਕੌਮ ਦੀ ਧਾਰਮਿਕ ਸੰਸਥਾ ਨੂੰ ਵੀ ਹੋਂਦ ਵਿੱਚ ਲਿਆਉਣ ਦੀ ਵੱਡੀ ਜਰੂਰਤ ਹੈ ਆਉ, ਆਪਾਂ ਇਸ ਵਿਸਾਖੀ ਦੇ ਪੁਰਬ ਮੌਕੇ ਸਹੁੰ ਖਾਈਏ ਇਕ ਤਾਂ ਸੰਸਾਰ ਭਰ ਦੇ ਸਾਰੇ ਸਿੱਖ ਬੁੱਧੀਜੀਵੀ, ਚਿੰਤਕ ਆਪਣੀਆਂ ਸਾਰੀਆਂ ਲਾਲਸਾਵਾਂ ਤੇ ਵਿਤਕਰੇ ਛੱਡ ਕੇ ਸਿੱਖ ਪੰਥ ਦਾ ਇਕ ਅਜਿਹਾ ਸ਼੍ਰੋਮਣੀ ਅਕਾਲੀ ਦੱਲ ਬਣਾਈਏ ਜਿਸ ਵਿੱਚ ਅਜਿਹੇ ਲੀਡਰ ਚੁੱਣੇ ਜਾਣ ਜੋ ਸੱਚੇ ਸੁੱਚੇ, ਇਮਾਨਦਾਰ ਤੇ ਨਿਰਸੁਆਰਥ ਹੋਣ, ਜਿਸ ਤਰ੍ਹਾਂ ਦੇ ਲੀਡਰ 1920 ਦੇ ਮੁੱਢਲੇ ਸ਼੍ਰੋਮਣੀ ਅਕਾਲੀ ਦੱਲ ਦੇ ਸਮੇਂ ਚੁਣੇ ਜਾਂਦੇ ਸਨ। ਜੋ ਸਿੱਖ ਪੰਥ ਨੂੰ ਆਪਣੇ ਪੈਰਾਂ ਸਿਰ ਖੜ੍ਹੇ ਕਰਨ ਦੇ ਨਾਲ ਕੇਂਦਰ ਦੀ ਮੌਜੂਦਾ ਕਟੱੜ ਹਿੰਦੂ ਮੋਦੀ ਦੀ ਜਾਲਮ ਸਰਕਾਰ ਦਾ ਬੂਥਾ ਭੰਨਣ ਦੇ ਸਮਰੱਥ ਹੋਣ। ਅੱਜ ਅਜਿਹੇ ਨਿਰਪੱਖ ਸਿੱਖ ਆਗੂਆਂ ਦੀ ਲੋੜ ਹੈ ਜੋ ਪੰਜਾਬ ਹੀ ਨਹੀਂ ਬਲਕਿ ਸੰਸਾਰ ਭਰ ਦੇ ਸਾਰੇ ਵਰਗਾਂ ਤੇ ਪਾਰਟੀਆਂ ਦੇ ਸਿੱਖਾਂ ਨੂੰ ਇਕ ਪਲੇਟਫਾਰਮ ਤੇ ਖੜ੍ਹੀ ਕਰਕੇ ਇਕ ਸਰਬ ਪ੍ਰਵਾਣਿਤ ਪਾਰਟੀ ਸਥਾਪਤ ਕਰਨ ਦੇ ਸਮਰੱਥ ਹੋਣ ਜੋ ਸਿੱਖ ਕੌਮ ਦੀ ਖੁਸੀ ਹੋਈ ਆਨ, ਬਾਨ ਤੇ ਸ਼ਾਨ ਨੂੰ ਮੁੜ ਕਾਇਮ ਕਰਨ ਦੇ ਸਮਰੱਥ ਹੋਵੇ।

# ਵੈਸਾਖੀ-ਖਾਲਸਾ ਸਾਜਨਾ ਦਿਵਸ

ਵਿਸਾਖੀ ਵਿਸਾਖ ਮਹੀਨੇ ਦਾ ਪਹਿਲਾ ਦਿਨ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜ੍ਹੀ ਦੀ ਫਸਲ ਕਣਕ ਦੀਆਂ ਵਾਡੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿਚ ਝੂਮਦਾ ਹੈ। ਵਿਸਾਖੀ ਦੇ ਸਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵਿਸਾਖੀ ਦਾ ਦਿਨ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਿਆਂ ਵਿਚ ਵੀ ਮਨਾਇਆ ਜਾਂਦਾ ਹੈ ਜਿਥੇ ਵਿਸ਼ੇਸ਼ ਦੀਵਾਨ ਸੱਜਦੇ ਹਨ। ਅਖੰਡ ਪਾਠ, ਕਥਾ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ-ਦਰਬਾਰ ਅਤੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਹਨ। ਇਸ ਤਰ੍ਹਾਂ ਵਿਸਾਖੀ ਦੇ ਸਜੇ ਦੀਵਾਨਾਂ 'ਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਸਿੱਖ ਵਿਰਸੇ ਨਾਲ ਜੋੜਿਆ ਜਾਂਦਾ ਹੈ।



ਸੰਨ 1699 ਦੀ ਵਿਸਾਖੀ ਦਾ ਦਿਹਾੜਾ ਸਿੱਖ ਪੰਥ ਵਿਚ ਇਕ ਮਹੱਤਵਪੂਰਨ ਦਿਵਸ ਹੈ। ਜਦੋਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਉਦੋਂ ਇਕ ਪਾਸੇ ਅਮਨ ਪਸੰਦ ਸੰਤਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਹੋਏ ਲੋਕ ਸਨ। ਜਿਨ੍ਹਾਂ ਨੇ ਜਬਰੀ ਧਰਮ ਪ੍ਰੀਵਰਤਣ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜਾਲਮ ਹਾਕਮ ਜਿਨ੍ਹਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਕੋਲ ਵੱਡੀ ਫੌਜੀ ਤਾਕਤ ਸੀ। ਗੁਰੂ ਜੀ ਨੇ ਜਨਤਾ ਵਿਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਜਿਸ ਨਾਲ ਆਪਣੀ ਦੱਬੀ-ਕੁਚਲੀ ਲਿਤਾੜੀ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਜੀ ਨੇ ਅਜਿਹਾ ਫੌਜੀ ਖਾਲਸਾ ਸਾਜਿਆ, ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤਾ। ਜਿਸ ਨੇ ਮੁਗ਼ਲ ਸਾਮਰਾਜ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਜੋਖਮਾਂ ਵਿਚੋਂ ਲੰਘ ਕੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ।

ਇਸ ਤਰ੍ਹਾਂ ਵਿਸਾਖੀ ਦੇ ਪਵਿੱਤਰ ਦਿਹਾੜੇ ਗੁਰੂ ਦੇ ਪਿਆਰੇ ਸਿੰਘਾਂ ਨੇ ਦੁਨਿਆਵੀ ਮੋਹ ਪਿਆਰ ਨੂੰ ਤਿਆਗ ਕੇ ਆਪਾ ਗੁਰੂ ਨਾਲ ਜੋੜਿਆ। ਅਕਾਲ ਪੁਰਖ ਦਾ ਪਿਆਰ ਹਾਸਲ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰਿ ਧਰਿ ਤਲੀ ਗਲੀ ਮੇਰੀ ਆਉ ॥
ਅੰਗ 1412

ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਵੱਖ-ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿਚ ਪਰੋ ਦਿੱਤਾ।

ਨੀਚੋ ਊਚ ਕਰੇ ਮੇਰਾ ਸੁਆਮੀ ॥

ਦੇ ਪ੍ਰਵਚਨ ਨੂੰ ਪ੍ਰਤੱਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਗੁਰੂ ਜੀ ਨੇ "ਮੀਰੀ ਪੀਰੀ" ਦੇ ਸਿੱਖ ਸਿਧਾਂਤ ਨੂੰ ਦ੍ਰਿੜ ਕਰਵਾਇਆ। ਪੰਜ ਪਿਆਰਿਆਂ ਨੂੰ "ਖੰਡੇ ਬਾਟੇ" ਦੀ ਦਾਤ ਦੇ ਕੇ ਗੁਰੂ ਸਾਹਿਬ ਜੀ ਨੇ ਖ਼ੁਦ ਆਪਣੇ ਹੀ ਸਜਾਏ ਸਿੰਘ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਗੁਰ ਚੇਲੇ ਦਾ ਅਭੇਦ ਮਿਟਾਇਆ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਨਾਉਂ ਪ੍ਰਾਪਤ ਕਰਕੇ ਕੌਮ ਦੀ ਅਗਵਾਈ ਕਰਨ ਲਈ ਪੰਥ ਦੇ ਪਾਬੰਦ ਬਣੇ। ਗੁਰੂ ਅਤੇ ਸਿੰਘਾਂ ਨੂੰ ਗੁਰੂ ਪੰਥ ਦੇ ਸੰਕਲਪਿਤ ਸਿਧਾਂਤ ਨਾਲ ਜੋੜਿਆ। ਭਾਈ ਗੁਰਦਾਸ ਜੀ ਅਨੁਸਾਰ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ।

ਗੁਰੂ ਸਾਹਿਬ ਨੇ ਗੁਰੂ ਅਤੇ ਖਾਲਸੇ ਦੇ ਸਿੱਧੇ ਸਬੰਧਾਂ ਨੂੰ ਹੋਰ ਵੀ ਹਲੀਮੀ ਭਾਵ ਵਿਚ ਕਿਹਾ ਕਿ

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ॥
ਨਹੀ ਮੋ ਸੋ ਗਰੀਬ ਕਰੋੜ ਪਰੈ॥

ਸਮੁੱਚੀ ਮਾਨਵਤੇ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂਵਿਚ ਆਤਮ ਬਲ ਅਤੇ ਸਵੈ ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਮਲੀ ਰੂਪ ਦਿੱਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਜ ਵਿਚੋਂ ਦੁੱਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜੁਲਮ ਖਿਲਾਫ਼ ਲੜਨ। ਜੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ :

ਅਸੁਰ ਸਿੰਘਾਰ ਬੇ ਕੋ ਦੁਰਜਸ ਕੋ ਮਾਰ ਬੋ ਕੋ।
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੋ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ। ਨੀਵੀਆਂ ਜਾਤਾਂ ਦੇ ਨਿਕੰਮੇ ਸਮਝਦੇ ਜਾਂਦੇ ਸਨ, ਉਨ੍ਹਾਂ ਵਿਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿੱਤੀ।

ਸੀ ਅਸਿਪਾਨਜ਼ ਤਬੈ ਕਹਾਉਂ
ਚਿੜੀਆਂ ਤੋਂ ਜਬ ਬਾਜ਼ ਤੁੜਾਉਂ
ਜਾਂ
ਸਵਾ ਲਾਖ ਸੇ ਏਕੁ ਲੜਾਉਂ
ਤਬੈ ਗੋਬਿੰਦ ਸਿੰਘ ਨਾਮੁ ਕਹਾਉਂ

ਲਘੁ ਜਾਤਨ ਕੋ ਬਡਪਨ ਦੇ ਹੈਂ

ਇਸਹੀ ਗਰੀਬ ਸਿੰਘਨ ਕੋ ਦੇਉ ਪਾਤਿਸਾਹੀ।
ਯੇ ਯਾਦ ਕਰੇਂ ਹਮਰੀ ਗੁਰਅਈ
ਜੀਵਤ ਰਹੇਂ ਤੋਂ ਰਾਜ਼ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ।

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜਾਂ, ਝੂਠੇ ਕਰਮਕਾਡਾਂ, ਵੰਡੀਆਂ, ਮਨੂੰ ਸ਼ਾਸਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿੱਤਾ। ਖਾਲਸਾ ਕੇਵਲ ਇਕ ਸਰਬ ਸ਼ਕਤੀਮਾਨ, ਸ੍ਰਿਸ਼ਟੀ ਦੇ ਸਜਨਹਾਰ, ਪਾਲਣਹਾਰ ਪ੍ਰਮੇਸਰ ੴ 'ਤੇ ਹੀ ਵਿਸ਼ਵਾਸ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰੇਗਾ। ਖਲਸਾ ਵਾਹਿਗੁਰੂ ਦਾ ਹੈ ਅਤੇ ਫਤਹਿ ਵੀ ਅਕਾਲਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲ ਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਣਨ ਦੀ ਲੋੜ ਹੈ। ਜੋ ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਵੀ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾ, ਵਹਿਮਾਂ ਭਰਮ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿਦਿਆ ਵਿਚ ਉਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜ੍ਹੇ ਹੋਏ। ਕਹਿਣੀ ਅਤੇ ਕਥਨੀ ਵਿਚ ਖਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ।

ਸੱਚਾਈ ਤੇ ਚਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ-ਗਿਆਨ ਨਾਲ ਜੋੜਿਆ। ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਰੱਬ ਨਾਲ ਸਿੱਧਾ ਰਾਬਤਾ ਬਣਾਵੇ। ਖਾਲਸੇ ਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ, ਸ਼ਕਤੀ ਦੇ ਕੇ ਜ਼ੋਰਾਵਰ ਬਣਾ ਦਿੱਤਾ।

ਅੰਤਿਕਾ : ਗੁਰੂ ਜੀ ਦਾ ਉਤਮ ਉਪਦੇਸ਼ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਾਜਨੀਤਕ ਅਤੇ ਵਿਵਹਾਰ ਵਿਚ ਸੂਝਵਾਨ ਬਣੇ।

"ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਯੋ ਗ੍ਰੰਥ।


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਹਰ ਕੌਮੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਹੋ ਕੇ ਕਰਨ ਵਾਲੇ, ਪੰਜਾਬ, ਪੰਜਾਬੀ ਮਾਂ ਬੋਲੀ, ਸਭਿਆਚਾਰ ਦੇ ਮਦੱਈ ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਪਰਵਿੰਦਰ ਸਿੰਘ ਗਰੇਵਾਲ
ਅਤੇ ਉਨ੍ਹਾਂ ਦੇ ਸਪੁੱਤਰ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਪਰਵਿੰਦਰ ਸਿੰਘ ਗਰੇਵਾਲ

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ

# ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ






ਹਾਣੀਆਂ ਦੀ ਢਾਣੀ ਵਿੱਚ ਲਾੜਾ ਸਜਦਾ, ਬੱਘ ਬੱਘ ਬੱਘ ਸੇਰ ਗੱਜਦਾ,
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ, ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,
ਚੰਗੀ ਜਿਹੀ ਸੱਦ ਲਾ ਦੇ, ਬੱਲੇ ਬੇਲੀਆ, ਤੂੰਬਾ ਜਰਾ ਖੋਲ ਖਾਂ, ਜੁਆਨਾ ਤੇਲੀਆ,
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ







ਧੰਨਵਾਦ ਸਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

**ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ**

# ਪੂਰੀ ਜ਼ਿੰਦਗੀ ਸਮਾਜਿਕ ਬਰਾਬਰੀ ਲਈ ਲੜਦੇ ਰਹੇ ਡਾ: ਭੀਮ ਰਾਓ ਅੰਬੇਡਕਰ



**ਪ੍ਰੋ. ਮਨਜੀਤ ਸਿੰਘ ਤਿਆਗੀ**

'ਮਨੁੱਖ ਨੂੰ ਜਿਉਂਦੇ ਰਹਿਣ ਲਈ ਸਿਰਫ਼ ਰੋਟੀ ਹੀ ਨਹੀਂ ਚਾਹੀਦੀ, ਸਗੋਂ ਉਸ ਦੇ ਕੋਲ ਦਿਮਾਗ਼ ਹੈ, ਜਿਸ ਨੂੰ ਵਿਚਾਰਾਂ ਦੇ ਭੋਜਨ ਦੀ ਲੋੜ ਹੈ।'

ਉਪਰੋਕਤ ਸ਼ਬਦ ਭਾਰਤ ਰਤਨ ਡਾ: ਬੀ. ਆਰ. ਅੰਬੇਡਕਰ ਦੇ ਹਨ, ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਇਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਉਹ ਖੁੱਲ੍ਹੇ ਵਿਚਾਰਾਂ ਵਾਲੇ, ਧੁਰ ਅੰਦਰ ਤੱਕ ਲੋਕਤੰਤਰ ਪੱਖੀ ਸੋਚ ਅਤੇ ਅਮਲਾਂ ਵਾਲੇ ਅਜਿਹੇ ਇਨਸਾਨ ਸਨ, ਜਿਨ੍ਹਾਂ ਨੇ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦਿੱਤੀ। ਉਹ ਵਿਹਾਰਕ ਤੇ ਸਮਾਜਿਕ ਨਿਆਂ ਵਿਚ ਵਿਸ਼ਵਾਸ ਰੱਖਦੇ ਸਨ।

14 ਅਪ੍ਰੈਲ, 1891 ਨੂੰ ਮਹਾਰਾਸ਼ਟਰ ਦੇ ਪਿੰਡ ਅੰਬਾਡਵੇ ਵਿਖੇ ਅੰਬੇਡਕਰ ਦਾ ਜਨਮ ਹੋਇਆ, ਜਿਨ੍ਹਾਂ ਦੇ ਸੰਘਰਸ਼ ਤੇ ਜੱਦੋ-ਜਹਿਦ ਨਾਲ ਦਲਿਤਾਂ ਅਤੇ ਪਿਛੜੇ ਵਰਗਾਂ ਦੇ ਜੀਵਨ ਵਿਚ ਵੱਡੀ ਤਬਦੀਲੀ ਆਈ। ਡਾ: ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ 'ਬ੍ਰਿਟਿਸ਼ ਇੰਡੀਅਨ ਆਰਮੀ' 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ।

17 ਸਾਲਾਂ ਦੀ ਉਮਰ 'ਚ ਉਨ੍ਹਾਂ ਦਾ ਵਿਆਹ ਰਾਮਾ ਬਾਈ ਨਾਲ ਹੋ ਗਿਆ, ਉਦੋਂ ਰਾਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ। ਘਰ ਦੀ ਕਮਜ਼ੋਰ ਆਰਥਿਕ ਹਾਲਤ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਬੀ. ਏ. ਪਾਸ ਕਰ ਲਈ। ਬੜੌਦਾ ਰਿਆਸਤ ਦੇ ਮਹਾਰਾਜਾ ਨੇ 1913 'ਚ ਕੁਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ, ਜਿਨ੍ਹਾਂ 'ਚ ਭੀਮ ਰਾਓ ਅੰਬੇਡਕਰ ਵੀ ਸਨ। 1915 'ਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੇ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖ਼ੁਸ਼ਹਾਲ ਤੇ ਖੁੱਲ੍ਹ ਭਰੇ ਵਾਤਾਵਰਨ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੂੰ ਡਾਕਟਰ ਆਫ਼ ਫ਼ਿਲਾਸਫੀ ਦੀ ਡਿਗਰੀ ਮਿਲੀ। ਇਸ ਤਰ੍ਹਾਂ ਉਹ ਭੀਮ ਰਾਓ ਤੋਂ ਡਾ: ਭੀਮ ਰਾਓ ਅੰਬੇਡਕਰ ਬਣ ਗਏ। ਇੰਨੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਵੀ ਡਾ: ਅੰਬੇਡਕਰ ਦੀ ਜਗਿਆਸੂ ਬਿਰਤੀ ਤ੍ਰਿਪਤ ਨਹੀਂ ਹੋਈ ਸੀ, ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਪੈਸਾ ਇਕੱਠਾ ਕਰਕੇ ਲੰਦਨ ਜਾ ਕੇ ਕਾਨੂੰਨ ਤੇ ਅਰਥ-ਸ਼ਾਸਤਰ ਦੀ ਵਿਚਕਾਰ ਛੱਡੀ ਪੜ੍ਹਾਈ ਮੁਕੰਮਲ ਕੀਤੀ ਜਾਵੇ। ਇਸ ਲਈ ਉਨ੍ਹਾਂ ਨੇ ਮੁੰਬਈ ਦੇ ਇਕ ਕਾਲਜ ਅੰਦਰ ਪ੍ਰੋਫ਼ੈਸਰੀ ਕਬੂਲ ਕੀਤੀ। 1919 'ਚ ਆਪ ਨੇ ਮੂਕ-ਨਾਇਕ ਨਾਂਅ ਦਾ ਪੰਦਰਾ ਰੋਜ਼ਾ ਅਖ਼ਬਾਰ ਸ਼ੁਰੂ ਕੀਤਾ। 1920 'ਚ ਉਹ ਅਗਲੇਰੀ ਪੜ੍ਹਾਈ ਲਈ ਲੰਡਨ ਚਲੇ ਗਏ ਪਰ ਉੱਥੇ ਜਾ ਕੇ ਵੀ ਆਪਣੇ ਜ਼ਿੰਦਗੀ ਦੇ ਮਿਸ਼ਨ ਨੂੰ ਨਹੀਂ ਭੁੱਲੇ। 1923 'ਚ ਆਪ ਲੰਡਨ ਤੋਂ ਬੈਰਿਸਟਰ ਤੇ ਡਾਕਟਰ ਆਫ਼ ਫ਼ਿਲਾਸ਼ਫ਼ੀ ਬਣ ਕੇ ਪਰਤੇ।

ਸਾਲ 1930 ਦਾ ਵਰ੍ਹਾ ਭਾਰਤੀ ਇਤਿਹਾਸ 'ਚ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਸ ਸਾਲ ਲੰਡਨ 'ਚ ਗੋਲਮੇਜ਼ ਕਾਨਫਰੰਸ ਹੋਈ। ਡਾ: ਅੰਬੇਡਕਰ ਨੇ ਇਸ 'ਚ ਸ਼ਾਮਿਲ ਹੋ ਕੇ ਅਛੂਤਾਂ ਦੇ ਕਈ ਨੁਕਤੇ ਉਭਾਰੇ। ਇੱਥੇ ਹੀ ਮਹਾਤਮਾ ਗਾਂਧੀ ਨਾਲ ਆਪ ਦੇ ਵਿਚਾਰਧਾਰਾਈ ਵਿਰੋਧ ਪੈਦਾ ਹੋ ਗਏ। ਡਾ: ਅੰਬੇਡਕਰ ਹੱਕ-ਸੱਚ ਤੇ ਇਨਸਾਫ ਲਈ ਲੜਨ ਵਾਲੇ ਇਕ ਨਿਧੜਕ ਤੇ ਨਿਡਰ ਲੀਡਰ ਸਨ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਗਾਂਧੀ ਜੀ ਨੂੰ ਇਹ ਕਹਿ ਦਿੱਤਾ ਕਿ ਕਾਂਗਰਸ ਨੇ ਅਛੂਤਾਂ ਦੇ ਮਸਲੇ ਨੂੰ ਮਾਨਤਾ ਦੇਣ ਦੇ ਸਿਵਾਏ ਕੁਝ ਨਹੀਂ ਕੀਤਾ।

ਬਾਬਾ ਸਾਹਿਬ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਬਚਪਨ ਵਿਚ ਆਪ ਨੇ ਅੱਤ ਦੀ ਗ਼ਰੀਬੀ ਭੋਗੀ। ਸ਼ਾਦੀ ਤੋਂ ਬਾਅਦ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ। 27 ਮਈ, 1935 ਨੂੰ ਉਨ੍ਹਾਂ 'ਤੇ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ। ਇਸ ਦਿਨ ਆਪ ਦੀ ਧਰਮਪਤਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਸਦਾ ਲਈ ਆਪ ਨੂੰ ਵਿਛੋੜਾ ਦੇ ਗਈ। ਸੰਨ 1956 'ਚ ਡਾ: ਅੰਬੇਡਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇਕ ਭਾਸ਼ਣ 'ਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ, ਕਿਉਂਕਿ ਇਸ 'ਚ ਸੰਮਤਾ, ਸਮਾਨਤਾ ਅਤੇ ਭਾਈਚਾਰੇ ਦੇ ਤਿੰਨੇ ਅਸੂਲ ਇਕ ਥਾਂ ਮਿਲਦੇ ਹਨ। ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ। ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ। ਉਨ੍ਹਾਂ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ।

## ਸ੍ਰ. ਸੁਖਚੈਨ ਸਿੰਘ ਤੁਲੀ ਬੱਚਾਜੀਵੀ ਬੇਗੋਵਾਲ ਵਾਲੇ
## ਸ੍ਰ. ਸੁਖਵਿੰਦਰ ਸਿੰਘ ਤੁਲੀ ਬੱਚਾਜੀਵੀ ਬੇਗੋਵਾਲ




ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ



ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ
ਊਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ

ਸ੍ਰੀ ਪੰਕਜ ਆਂਸਲ
ਫਾਊਂਡਰ ਯੂਨਾਈਟਿਡ ਪੰਜਾਬ ਫਰੰਟ




ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈਆਂ

ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉੱਘੇ ਨੌਜਵਾਨ ਆਗੂ
ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ
ਸੇਵਾਦਾਰ ਅਤੇ ਬਿਜਨਸਮੈਨ





ਬਲਜੀਤ ਸਿੰਘ ਸੰਧੂ ਅਤੇ ਚਰਨਜੀਤ ਸਿੰਘ ਸੰਧੂ


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਅਮਰੀਕਾ ਦੇ ਉਘੇ ਟਰਾਂਸਪੋਰਟਰ ਅਤੇ ਫਾਰਮ ਬਨਾਮਾਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ
ਸ੍ਰ. ਚਰਨਜੀਤ ਸਿੰਘ ਸਹੋਤਾ




ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ



## ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ



## ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ

## Binghamton New York




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।



ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ

ਸ. ਗੁਰਸੇਵਕ ਸਿੰਘ ਭੰਗੂ


ਸੀਨੀਅਰ ਨੌਜਵਾਨ ਆਗੂ

ਸ਼੍ਰੋਮਣੀ ਅਕਾਲੀ ਦਲ ਬਾਦਲ (ਅਮਰੀਕਾ)




# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



ਕਈ ਦਹਾਕਿਆਂ ਤੋਂ ਅਮਰੀਕਾ ਵਿਚ ਸਿੱਖੀ ਦੀ ਸੇਵਾ ਕਰਦੇ ਆ ਰਹੇ ਗੁਰਸਿੱਖੀ ਦੇ ਨਿਸ਼ਕਾਮ ਸੇਵਕ ਪੰਥ ਦੇ ਪ੍ਰਸਿੱਧ ਆਗੂ ਕਮਿਊਨਿਟੀ ਦੀ ਹਰ ਸਮੇਂ ਸੇਵਾ ਕਰਨ ਲਈ ਤਤਪਰ ਰਹਿਣ ਵਾਲੇ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲੇ ਸਿੱਖ ਹੱਕਾਂ ਦੇ ਪਹਿਰੇਦਾਰ

# ਸ੍ਰ. ਗੁਰਨਾਮ ਸਿੰਘ ਪੰਮਾ




ਫਸਲਾਂ ਦੀ ਮੁੱਕ ਗਈ ਰਾਖੀ, ਓ ਜੱਟਾ ਆਈ ਵਿਸਾਖੀ

# ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ


ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਬਿਜਨਸਮੈਨ



**ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ**

**St. Louis State Missouri USA**


ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ
ਦੀਆਂ ਲੱਖ-ਲੱਖ ਵਧਾਈਆਂ
Happy Baisakhi
SINRISE
TRUCK SERVICE
WE NEED DRIVERS
NECESITAMOS CHOFERS
Buena Paga y Pago Rapido
CA-CA/CA-AZ/ CA-TX
All Year Round
ਹੋਰ ਜਾਣਕਾਰੀ ਲਈ ਸੰਪਰਕ ਕਰੋ
S.Amrik Singh Basra
S.Simmer Singh Basra
15331 Ave.18, Madera, CA 93637
www.sunrisetruck.com
559-673-3800




ਫਸਲਾਂ ਦੀ ਮੁੱਕ ਗਈ ਰਾਖੀ, ਓ ਜੱਟਾ ਆਈ ਵਿਸਾਖੀ

ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

TRANSLINK TRANPORTATION






ਬੇਨਤੀ ਕਰਤਾ : ਗੁਰੂ ਪੰਥ ਦਾ ਦਾਸ

ਸ. ਬਿਕਰਮਜੀਤ ਸਿੰਘ

TRANSLINK TRANSPORTATION

ਦੇ ਮਾਲਕ

ਸਾਬਕਾ ਸੀਨੀਅਰ ਵਾਈਸ ਪ੍ਰਧਾਨ

ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

ਫੋਨ : (559) 213-7087


HAPPY
Baisakhi
ਹਾਣੀਆਂ ਦੀ ਢਾਣੀ ਵਿੱਚ ਲਾੜਾ ਸਜਦਾ, ਬੱਘ ਬੱਘ ਬੱਘ ਸੇਰ ਗੱਜਦਾ,
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ, ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,
ਚੰਗੀ ਜਿਹੀ ਸੱਦ ਲਾ ਦੇ, ਬੱਲੇ ਬੇਲੀਆ, ਤੂੰਬਾ ਜਰਾ ਖੋਲ ਖਾਂ, ਜੁਆਨਾ ਤੇਲੀਆ,
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕਾ ਦੇ ਉਘੇ ਸਿੱਖ ਆਗੂ
ਕੈਲੀਫੋਰਨੀਆ ਦੇ ਉਘੇ ਸਿੱਖ ਫਾਰਮਰ ਤੇ ਗਿੱਲ ਫਾਰਮ ਦੇ ਮਾਲਕ
ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ


ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ
Happy Baisakhi
ਦੀਆਂ ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਨੌਜਵਾਨ ਸਿੱਖ ਆਗੂ ਅਤੇ ਉੱਘੇ ਬਿਜ਼ਨਸਮੈਨ
ਸ. ਨਰਿੰਦਰਪਾਲ ਸਿੰਘ, ਬੀਬੀ ਅਮਨ ਕੌਰ
ਅਤੇ ਸਮੂਹ ਪਰਿਵਾਰ, Troy Ohio



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ
ਕੈਲੀਫੋਰਨੀਆ ਦੇ ਨੌਜਵਾਨ ਸਿੱਖ ਆਗੂ
ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ
ਸੰਗਤਾਂ ਦੇ ਸੇਵਾਦਾਰ ਤੇ ਗੁਰਦੁਆਰਾ ਸਾਹਿਬ
ਫਰੀਮਾਂਟ ਕੈਲੀਫੋਰਨੀਆ ਦੇ ਖਜ਼ਾਨਚੀ

# ਸ੍ਰ. ਭੁਪਿੰਦਰ ਸਿੰਘ ਪਰਮਾਰ

## ਅਤੇ ਸਮੂਹ ਪਰਿਵਾਰ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਬੇਨਤੀ ਕਰਤਾ

S. Sangat Singh Gilzian
Political Advisor Chief Minister
Punjab (Cabinet Rank)

S. Mohinder Singh Gilzian
President IOV. USA
Chairman Membership
Committee IOC, USA

## ਸੰਗਤ ਸਿੰਘ ਗਿਲਜ਼ੀਆਂ ਤੇ ਮੋਹਿੰਦਰ ਸਿੰਘ ਗਿਲਜ਼ੀਆਂ


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਸਿੱਖ ਯੂਥ ਆਫ਼ ਅਮਰੀਕਾ ਦੇ ਫਾਊਂਡਰ ਮੈਂਬਰ
ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਾਂਟ
ਸ੍ਰ. ਜਸਵਿੰਦਰ ਸਿੰਘ ਜੰਡੀ


ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ
Happy Baisakhi
ਦੀਆਂ ਲੱਖ-ਲੱਖ ਵਧਾਈਆਂ
Kash Fabrics
Bridal Gallery
ਕਸਟਮ ਜਿਊਲਰੀ ਦਾ ਵੱਡਾ ਭੰਡਾਰ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਸੁੰਦਰ ਰੁਮਾਲੇ,
ਫੁੱਲ ਵੋਲ ਪੱਗਾਂ ਘੱਟੋ-ਘੱਟ 80 ਰੰਗਾਂ ਵਿਚ, ਅਸੀਂ ਤੁਹਾਡੀ ਸੇਵਾ ਵਿਚ ਪਿਛਲੇ
26 ਸਾਲਾਂ ਤੋਂ ਲੱਗੇ ਹੋਏ ਹਾਂ। ਜਾਣਿਆਂ-ਪਛਾਣਿਆਂ ਤੁਹਾਡਾ ਵਿਸ਼ਵਾਸ ਪਾਤਰ
ਲਹਿੰਗੇ, ਸੂਟ, ਸਾੜ੍ਹੀਆਂ,
ਰੇਡੀਮੇਡ ਸੂਟ,
ਵਧੀਆ ਕਢਾਈਆਂ
ਵਾਲੇ ਸੂਟ, ਸਪੈਸ਼ਲ
ਪਾਰਟੀ-ਵੀਅਰ ਸੂਟ,
ਕਲਾਸਿਕ ਬੂਟੀਕ ਦੇ ਸੂਟ,
ਬਿਨਾ ਸੀਤੇ ਵਧੀਆ ਸੂਟ,
ਮਸਕ ਕਲੀ ਸੂਟ
ਹੈਵੀ ਦੁਪੱਟਿਆਂ
ਦੇ ਨਾਲ
Kash
FABRICS
Bridal Boutique
Like us on Facebook
Follow us on Instagram
Store Hours
Tues-Sun : 11 AM-8PM
MONDAY CLOSED
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ
ਨੂੰ ਪ੍ਰਮੋਟ ਅਤੇ ਸਪੋਟ ਕਰਨ ਵਾਲੇ ਹਾਕੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ,
ਕੈਲੀਫੋਰਨੀਆ ਦੇ ਉਘੇ ਆਗੂ ਤੇ ਕੱਪੜੇ ਦੀ ਸੁਪਰ-ਮਾਰਕੀਟ ਕਾਸ਼-ਫੈਬਰਿਕ ਦੇ ਮਾਲਕ
ਸ: ਕਸ਼ਮੀਰ ਸਿੰਘ ਧੁੱਗਾ
ਤੇ ਗੁਰਜੀਤ ਕੌਰ ਧੁੱਗਾ
29576 Mission BLVD Hayward, CA 94544
Ph. 510-538-1138

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸੰਤ ਸਾਗਰ

## Gurdwara Sant Sagar

1541, Jessie Ave, Sacramento,
CA 95838, USA (1-80 ਦੇ Exit ਨੰਬਰ 91 ਦੀ ਕੋਰਨਰ ਤੋਂ)

www.gurdwarasantsagar.us, Email : info@gurdwarasantsagar.us
Ph. : 279-222-1000, 916-432-0930, Fax : 916-371-8312



ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ
ਸੰਪਰਕ : 917-957-1313 (ਯੂਐਸਏ)
ਵਟਸਅਪ : +91-9313 75 1313

ਪੰਥ ਪ੍ਰਸਿੱਧ ਕਥਾਵਾਚਕ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਾਲੇ

ਗੁਰਦੁਆਰਾ ਸੰਤ ਸਾਗਰ ਸਾਹਿਬ ਵਿਖੇ ਕਥਾ ਪ੍ਰਵਾਹ ਦੀ ਸੇਵਾ ਕਰਨ ਲਈ ਆ ਰਹੇ ਹਨ।

## 13 ਅਪ੍ਰੈਲ 2023, ਦਿਨ ਵੀਰਵਾਰ

ਸ਼ਾਮ 7.00 ਤੋਂ 8.00 ਵਜੇ ਤੱਕ

ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ

ਆਪ ਸਭ ਨੂੰ ਪਰਿਵਾਰਾਂ ਸਮੇਤ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ




## ਅਮਰੀਕਾ ਫੇਰੀ 13 ਤੋਂ 23 ਅਪ੍ਰੈਲ 2023

ਕੈਲੀਫੋਰਨੀਆ 13 ਤੋਂ 17

ਇੰਡੀਆਨਾ 19 ਤੋਂ 20

ਨਿਊਯਾਰਕ 21 ਤੋਂ 23

ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਸਵੇਰੇ 3 ਵਜੇ ਤੋਂ ਲੈ ਕੇ ਸ਼ਾਮ 10 ਵਜੇ ਤੱਕ ਸੰਗਤਾਂ ਲਈ ਖੁੱਲ੍ਹਾ ਰਹਿੰਦਾ ਹੈ।



ਬੇਨਤੀ ਕਰਤਾ ਸੰਗਤਾਂ ਦੇ ਦਾਸ
ਭਾਈ ਸੱਜਣ ਸਿੰਘ

## ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ

ਵਿਚ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਜਾਰੀ ਹੈ
ਸੰਗਤਾਂ ਹਰ ਤਰ੍ਹਾਂ ਦੇ ਖੁਸ਼ੀ ਅਤੇ ਗਮੀ ਦੇ ਸਮਾਗਮ ਗੁਰਦੁਆਰਾ ਸਾਹਿਬ
ਵਿਚ ਕਰਵਾਉਣ ਲਈ ਸੰਪਰਕ ਕਰ ਸਕਦੀਆਂ ਹਨ।

ਸੰਗਤਾਂ ਕਿਸੇ ਵੀ ਤਰ੍ਹਾਂ ਦੀ ਸੇਵਾ ਲੈਣ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦੀਆਂ ਹਨ

ਵਧੇਰੇ ਜਾਣਕਾਰੀ ਲਈ ਸੰਪਰਕ :

ਨਰਿੰਦਰਪਾਲ ਸਿੰਘ ਹੁੰਦਲ 279-22-1000, 916-432-0930





14 ਅਪ੍ਰੈਲ 2023 ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈਆਂ

ਖਾਲਸਾ ਸਾਜਨਾ ਦਿਵਸ ਦੇ ਇਤਿਹਾਸਿਕ ਦਿਹਾੜੇ ਦੀ ਯਾਦ ਮਨਾਉਂਦਿਆਂ

ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ਼ਾਮ ਦੇ

# ਵਿਸ਼ੇਸ਼ ਸਮਾਗਮ

ਹੋਣਗੇ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ ਕਥਾਵਾਚਕ ਹਾਜ਼ਰੀ ਭਰਨਗੇ।

12 ਅਪ੍ਰੈਲ ਸ਼ਾਮ ਨੂੰ ਅਖੰਡ ਸਾਹਿਬ ਆਰੰਭ ਹੋਣਗੇ
ਜਿਹਨਾਂ ਦੀ ਸੰਪੂਰਨਤਾ 14 ਅਪ੍ਰੈਲ ਸ਼ਾਮ 4 ਵਜੇ ਹੋਵੇਗੀ
ਉਪਰੰਤ ਵਿਸ਼ੇਸ਼ ਸਮਾਗਮ ਲਗਾਤਾਰ ਰਾਤ 10:00 ਵਜੇ ਚੱਲਣਗੇ ।
ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ ।

ਪ੍ਰਸਿੱਧ ਕੀਰਤਨੀ ਜਥੇ ਭਾਈ ਓਂਕਾਰ ਸਿੰਘ ਜੀ ਸਾਹਿਬ ਵਾਲੇ, ਭਾਈ ਸੁਰਜੀਤ ਸਿੰਘ ਮਜਬੂਰ, ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਦਿਲਬਾਗ ਸਿੰਘ ਹੁਣਾ ਦੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ ।

ਸਮੂਹ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਵੱਧ ਚੜ੍ਹਕੇ ਹਾਜ਼ਰੀਆਂ ਭਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

## ਗੁਰਦੁਆਰਾ ਸਾਹਿਬ ਫਰੀਮੌਂਟ ਕੈਲੇਫੋਰਨੀਆ

510-790-0177



ਖ਼ਾਲਸਾ ਸਾਜਨਾ ਦਿਵਸ
ਵਿਸਾਖੀ ਦੀ ਲੱਖ ਲੱਖ ਵਧਾਈ
SIKHS FOR HUMANITY
CITY OF Fremont
ਨੌਜਵਾਨ ਸਿੱਖ ਆਗੂ ਕਮਿਉਨਟੀ ਦੇ ਕੰਮਾਂ ਲਈ ਹਰ ਸਮੇਂ ਤਿਆਰ-ਬਰ-ਤਿਆਰ
ਵਿਦੇਸ਼ਾਂ 'ਚ ਸਿੱਖੀ ਦੀ ਅਵਾਜ਼ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ
ਦੇ ਸੀਨੀਅਰ ਸੇਵਾਦਾਰ ਅਤੇ ਸਿਟੀ ਆਫ ਫਰੀਮਾਂਟ ਦੇ ਵੱਖ ਵੱਖ ਅਹੁਦਿਆਂ ਤੇ
ਸੇਵਾਵਾਂ ਨਿਭਾਅ ਰਹੇ ਗੁਰੂ ਅਤੇ ਪੰਥ ਦੇ ਦਾਸ
ਸਰਦਾਰ ਕਸ਼ਮੀਰ ਸਿੰਘ ਸ਼ਾਹੀ
Human relations commissioner
city of Fremont
SALES TAX AND UTILITY USERS'
TAX OVERSIGHT COMMITTEE
member union city
CAPS ambassador city of Fremont
Sikhs for Humanity




ਫਸਲਾਂ ਦੀ ਮੁੱਕ ਗਈ ਰਾਖੀ, ਓ ਜੱਟਾ ਆਈ ਵਿਸਾਖੀ

## ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ ਹਰ ਕੰਮ ਨੂੰ ਸ਼ਰਧਾ ਅਤੇ ਸੇਵਾ ਭਾਵਨਾ ਨਾਲ ਕਰਨ ਵਾਲੇ ਹਰਮਨ ਪਿਆਰੇ
ਆਗੂ ਅੰਮ੍ਰਿਤਸਰ ਦੇ ਨੌਜਵਾਨ ਪੰਜਾਬੀਆਂ ਦਾ ਮਾਣ ਫਰੀਮਾਂਟ ਸ਼ਹਿਰ ਕੈਲੀਫੋਰਨੀਆ ਦੇ ਵਾਈਸ ਮੇਅਰ

# Dr. Raj Salwan

and Salwan Family



ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ,
ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ




ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ ਨੌਜਵਾਨ ਸਿੱਖ ਆਗੂ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਨਿੱਘੇ
ਅਤੇ ਮਿੱਠੇ ਸੁਭਾਅ ਦੇ ਮਾਲਕ ਅਤੇ ਸ਼੍ਰੀ ਗੁਰੂ ਰਵੀਦਾਸ ਸਭਾ ਬੇ ਏਰੀਆ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ
SDO ਅਤੇ California democrat state delegate & Vice President
of IADF INDIAN AMERICAN DEMOCRATIC FORUM

# ਸ: ਕੇਵਲ ਸਿੰਘ ਅਤੇ ਸਮੂਹ ਪ੍ਰਵਾਰ

# ਖ਼ਾਲਸਾ ਮੇਰੋ ਰੂਪ ਹੈ ਖ਼ਾਸ

ਡਾ. ਵੰਦਨਾ



ਭਾਰਤ ਦੇ ਇਤਿਹਾਸ ਵਿਚ ਖ਼ਾਲਸਾ ਪੰਥ ਦੀ ਸਾਜਨਾ ਇਕ ਬੇਮਿਸਾਲ ਇਤਿਹਾਸਕ ਘਟਨਾ ਹੋਣ ਕਰਕੇ ਇਹ ਭਾਰਤੀ ਭੂ-ਖੰਡੀ ਚਿੰਤਨ ਅਤੇ ਚੇਤਨਾ ਨੂੰ ਨਵੇਂ ਅਰਥ ਦੇ ਕੇ ਮਾਨਵਤਾ ਵਿਚ ਨਵੀਂ ਰੂਹ ਉਤਪੰਨ ਕਰਦੀ ਹੈ। ਖ਼ਾਲਸੇ ਤੋਂ ਭਾਵ ਸ਼ੁੱਧ, ਬਿਨਾਂ ਮਿਲਾਵਟ, ਨਿਰੋਲ ਆਦਿ ਤੋਂ ਮੰਨਿਆ ਜਾਂਦਾ ਹੈ। ਖ਼ਾਲਸਾ ਉਹ ਹੈ ਜੋ ਸ਼ਸਤਰ ਨੂੰ ਸ਼ਾਸਤਰ ਦੀ ਟੇਕ ਵਿਚ ਰੱਖਦਾ ਹੈ।

ਮੁਗ਼ਲ ਹਕੂਮਤ ਦੇ ਵਧ ਰਹੇ ਅਤਿਆਚਾਰਾਂ ਦਾ ਅੰਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਵਿਖੇ ਦੀਵਾਨ ਸਜਾਇਆ। ਇਸ ਦੀਵਾਨ ਵਿਚ ਲਗਪਗ 80,000 ਸੰਗਤ ਸ਼ਾਮਲ ਹੋਈ। ਦੀਵਾਨ ਵਿਚ ਪਾਠ ਕੀਤਾ ਗਿਆ, ਕੀਰਤਨ ਹੋਇਆ ਤੇ ਭੋਗ ਪੈਣ ਪਿੱਛੋਂ ਗੁਰੂ ਜੀ ਨੇ ਇਕ ਅਨੋਖਾ ਕੌਤਕ ਰਚਿਆ। ਗੁਰੂ ਜੀ ਸੱਜੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਸਟੇਜ 'ਤੇ ਗਏ ਅਤੇ ਸੀਸ ਦੀ ਮੰਗ ਕੀਤੀ। ਸਾਰੇ ਦੀਵਾਨ ਹਾਲ ਵਿਚ ਇਕਦਮ ਸੰਨਾਟਾ ਛਾ ਗਿਆ। ਗੁਰੂ ਜੀ ਨੇ ਇਕ ਵਾਰ ਫਿਰ ਗਰਜਵੀਂ ਆਵਾਜ਼ ਵਿਚ ਸਿਰ ਦੀ ਮੰਗ ਕੀਤੀ। ਫਿਰ ਜਦੋਂ ਉਨ੍ਹਾਂ ਤੀਜੀ ਵਾਰ ਆਵਾਜ਼ ਮਾਰੀ ਤਾਂ ਲਾਹੌਰ ਦਾ ਦਇਆ ਰਾਮ (ਖੱਤਰੀ) ਉੱਠਿਆ ਅਤੇ ਸਟੇਜ 'ਤੇ ਜਾ ਕੇ ਗੁਰੂ ਜੀ ਸਾਹਮਣੇ ਹਾਜ਼ਰ ਹੋ ਗਿਆ। ਗੁਰੂ ਜੀ ਉਸ ਨੂੰ ਸਟੇਜ ਪਿੱਛੇ ਲੱਗੇ ਤੰਬੂ ਵਿਚ ਲੈ ਗਏ। ਅੰਦਰੋਂ ਤਲਵਾਰ ਦੇ ਚੱਲਣ ਦੀ ਆਵਾਜ਼ ਆਈ। ਕੁਝ ਚਿਰ ਮਗਰੋਂ ਗੁਰੂ ਜੀ ਖ਼ੂਨ ਨਾਲ ਲਿੱਬੜੀ ਤਲਵਾਰ ਲੈ ਕੇ ਫਿਰ ਸਟੇਜ 'ਤੇ ਆ ਕੇ ਇਕ ਹੋਰ ਸਿਰ ਦੀ ਮੰਗ ਕਰਨ ਲੱਗੇ। ਫਿਰ ਦਿੱਲੀ ਦੇ ਰਹਿਣ ਵਾਲਾ ਧਰਮ ਸਿੰਘ (ਜੱਟ) ਉੱਠਿਆ ਅਤੇ ਗੁਰੂ ਜੀ ਅੱਗੇ ਪੇਸ਼ ਹੋਇਆ। ਇਸ ਤਰ੍ਹਾਂ ਵਾਰੋ-ਵਾਰੀ ਗੁਰੂ ਜੀ ਨੇ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਪੰਜ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨੇ ਗੁਰੂ ਜੀ ਨੂੰ ਸੀਸ ਭੇਟ ਕੀਤਾ ਅਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਵੱਖ ਵੱਖ ਰਿਵਾਇਤਾਂ ਵਿੱਚ ਇਸ ਨੂੰ ਵੱਖ ਵੱਖ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ।

ਖ਼ਾਲਸੇ ਦੇ ਜੋਸ਼ ਅਤੇ ਨਿਆਰੇਪਨ ਕਰਕੇ ਸਿੱਖ ਕੌਮ ਦੇ ਨਿਡਰ ਅਤੇ ਸਿਦਕ ਦੇ ਇਮਤਿਹਾਨ ਦੀ ਮਿਸਾਲ ਸਿੱਖ ਇਤਿਹਾਸ ਤੋਂ ਬਿਨਾ ਸ਼ਾਇਦ ਹੀ ਕਿਤੇ ਹੋਰ ਮਿਲਦੀ ਹੈ। ਇਸ ਪੰਥ ਦੀ ਸਥਾਪਨਾ ਕਰ ਕੇ ਗੁਰੂ ਜੀ ਨੇ ਆਪਣੀ ਅਜਿਹੀ ਸ਼ਕਤੀਸ਼ਾਲੀ ਸੈਨਾ ਤਿਆਰ ਕੀਤੀ, ਜਿਹੜੀ ਮੁਗਲਾਂ ਦੇ ਅਤਿਆਚਾਰ ਅਤੇ ਹਕੂਮਤ ਦਾ ਡੱਟ ਕੇ ਮੁਕਾਬਲਾ ਕਰੇ। ਆਨੰਦਪੁਰ ਸਾਹਿਬ ਦੀ ਪਵਿੱਤਰ ਪਾਵਨ ਧਰਤੀ 'ਤੇ ਇਸ ਪੰਥ ਦੀ ਸਾਜਨਾ ਨਾ ਸਿਰਫ ਭਾਰਤ ਸਗੋਂ ਸਮੁੱਚੇ ਵਿਸ਼ਵ ਦੇ ਇਤਿਹਾਸ ਵਿਚ ਮੀਲ ਪੱਥਰ ਹੈ। ਖ਼ਾਲਸੇ ਦੇ ਰੂਪ ਵਿਚ ਗੁਰੂ ਸਾਹਿਬ ਜਿੱਥੇ ਸੰਗਤ/ਮਨੁੱਖਤਾ ਸਾਹਮਣੇ ਇਕ ਆਦਰਸ਼ਕ ਮਨੁੱਖ ਦੇ ਸੰਕਲਪ ਨੂੰ ਉਭਾਰਦੇ ਹਨ, ਉੱਥੇ ਅੰਮ੍ਰਿਤ ਦੇ ਬਾਟੇ ਰਾਹੀਂ ਮਾਨਵੀ ਏਕਤਾ ਅਤੇ ਬਰਾਬਰੀ/ਸਮਾਨਤਾ ਦੇ ਸੰਕਲਪ ਨੂੰ ਉਭਾਰ ਕੇ ਇਕ ਨਵਾਂ ਸੰਦੇਸ਼ ਵੀ ਦਿੰਦੇ ਹਨ।

ਖ਼ਾਲਸਾ ਪੰਥ ਸਾਜ ਕੇ ਇਕ ਖ਼ਾਲਸ ਅਤੇ ਨਿਆਰੀ ਕੌਮ ਤਿਆਰ ਕਰ ਕੇ ਦਸਮੇਸ਼ ਪਿਤਾ ਨੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਨਵਾਂ ਰੂਪ ਦਿੱਤਾ। ਭਾਰਤੀ ਸਮਾਜ ਵਿਚ ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਦਾ ਬੋਲਬਾਲਾ ਹੋਣ ਕਾਰਨ ਗੁਰੂ ਸਾਹਿਬ ਵੱਲੋਂ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਮਹਾਨ ਕਾਰਜ ਆਰੰਭਿਆ ਗਿਆ। ਇਸ ਪੰਥ ਦੀ ਸਾਜਨਾ ਨਾਲ ਅਜਿਹੇ ਨਵੇਂ ਨਰੋਏ ਆਦਰਸ਼ਕ ਸਮਾਜ ਦਾ ਜਨਮ ਹੁੰਦਾ ਹੈ ਜਿਸ ਵਿਚ ਜਾਤ-ਪਾਤ, ਊਚ-ਨੀਚ, ਰੰਗ, ਨਸਲ ਵਰਗੇ ਵਿਤਕਰਿਆਂ ਨੂੰ ਕੋਈ ਸਥਾਨ ਹਾਸਲ ਨਹੀਂ। ਭਾਰਤੀ ਸਮਾਜ ਵਿਚਲੀਆਂ ਨੀਵੀਆਂ ਜਾਤਾਂ/ਹਾਸ਼ੀਆਗਤ ਦਲਿਤ ਸ਼੍ਰੇਣੀ ਨੂੰ ਇਕ ਨਵਾਂ ਜੀਵਨ ਦੇ ਕੇ ਗੁਰੂ ਸਾਹਿਬ ਧਰਮ ਕਰਮ ਨੂੰ ਧਿਆਨ ਵਿਚ ਰੱਖਦੇ ਹੋਏ ਊਚ-ਨੀਚ, ਅਮੀਰ-ਗਰੀਬ ਦੇ ਫਰਕ ਨੂੰ ਮਿਟਾ ਕੇ ਅੰਮ੍ਰਿਤ ਦੇ ਬਾਟੇ ਰਾਹੀਂ ਸਭ ਨੂੰ ਬਰਾਬਰੀ ਦਾ ਦਰਜਾ ਦੇ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਅੰਮ੍ਰਿਤ ਛਕ ਕੇ ਸਿੱਖ ਪੰਥ ਨੂੰ ਨਵੀਆਂ ਲੀਹਾਂ 'ਤੇ ਚੱਲਣ ਦਾ ਸੰਦੇਸ਼ ਦਿੱਤਾ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥' ਸਮਾਜ ਵਿਚਲੀ ਭਟਕੀ ਹੋਈ ਲੋਕਾਈ ਨੂੰ ਸਿੱਧੇ ਰਸਤੇ ਪਾ ਕੇ ਉਨ੍ਹਾਂ ਨੂੰ ਵੰਡ ਕੇ ਖਾਣ, ਹੱਕ, ਸੱਚ ਦੀ ਕਮਾਈ ਕਰਨ, ਦੁਖੀਆਂ ਮਜ਼ਲੂਮਾਂ ਦੀ ਸੇਵਾ ਕਰਨ ਅਤੇ ਨਸ਼ੇ ਵਾਲੀਆਂ ਵਸਤਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ। ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦੇ ਕੇ ਸਮਾਜ ਵਿਚਲੇ ਔਰਤ ਦੇ ਪੱਧਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ। ਸਦੀਆਂ ਤੋਂ ਲਿਤਾੜੇ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਗਿੱਦੜਾਂ ਤੋਂ ਸ਼ੇਰ ਬਣਾ ਕੇ ਉਨ੍ਹਾਂ ਨੂੰ ਸਵੈਮਾਣ ਤੇ ਅਣਖ ਨਾਲ ਜੀਉਣ ਦੀ ਜਾਚ ਸਿਖਾਈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਪੰਜ ਕਕਾਰ (ਕੇਸ, ਕੰਘਾ, ਕਿਰਪਾਨ, ਕੜਾ, ਕਛਹਿਰਾ) ਆਦਿ ਧਾਰਨ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਖਾਤਰ ਜ਼ੁਲਮ ਵਿਰੁੱਧ ਡਟਣ ਲਈ ਸਵਾ ਲੱਖ ਨਾਲ ਜੂਝਣ ਵਾਲਾ ਅਜਿਹਾ ਖ਼ਾਲਸਾ ਸਿਰਜਿਆ ਜਿਹੜਾ ਖ਼ੁਦ ਹੀ ਖ਼ਾਲਸ ਰੂਪ ਵਿਚ ਗੁਰੂ ਦਾ ਰੂਪ ਸੀ।

ਅੰਮ੍ਰਿਤ ਦੀ ਸ਼ਕਤੀ ਇੰਨੀ ਪ੍ਰਬਲ ਹੋ ਗਈ ਕਿ ਇਕ ਇਕ ਲੱਖਾਂ ਨਾਲ ਜੂਝਣ ਲਈ ਤਤਪਰ ਹੋ ਗਿਆ। ਗੁਰੂ ਸਾਹਿਬ ਸਿੱਖ ਕੌਮ ਵਿਚ ਨਵੀਂ ਸੋਚ, ਉੱਚ ਆਚਰਣ, ਰਹਿਤ ਮਰਿਆਦਾ ਅਤੇ ਜੋਸ਼ ਦਾ ਸੰਚਾਰ ਕਰਦੇ ਹਨ ਤਾਂ ਜੋ ਹਰ ਇਕ ਸਿੱਖ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਬਣੇ। ਖ਼ਾਲਸਾ ਆਤਮ ਸਮਰਪਣ, ਨਿਸ਼ਕਾਮ ਸੇਵਾ, ਸਹਿਣਸ਼ੀਲਤਾ, ਗੁਰ ਮਰਿਆਦਾ, ਤਿਆਗ, ਬਲੀਦਾਨ, ਸਰਬੱਤ ਦਾ ਭਲਾ, ਇਕ ਅਕਾਲਪੁਰਖ ਦੀ ਓਟ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ।

ਇਸ ਆਸ਼ੇ ਦੀ ਪੂਰਤੀ ਵਿਚ ਗੁਰੂ ਸਾਹਿਬ ਵੱਲੋਂ ਅਜਿਹਾ ਪੰਥ ਸਿਰਜਿਆ ਗਿਆ ਜਿਹੜਾ ਅੱਜ ਦੇ ਆਧੁਨਿਕ ਯੁੱਗ ਵਿਚ ਦੇਸ਼ ਕੌਮ 'ਚ ਹਰ ਇਕ ਦੀ ਦੁਖ-ਤਕਲੀਫ, ਅਨਿਆਂ, ਅਤਿਆਚਾਰ, ਜ਼ੁਲਮ ਦੇ ਵਿਰੁੱਧ ਡਟਣ ਲਈ ਸਹਾਇਕ ਸਿੱਧ ਹੁੰਦਾ ਹੈ। ਪਰ ਅੱਜ ਅਸੀਂ ਤਿੰਨ ਸਦੀਆਂ ਦੇ ਲੰਮੇ ਵਕਫ਼ੇ ਤੋਂ ਬਾਅਦ ਜਾਤ-ਪਾਤ ਤੋਂ ਮੁਕਤ ਨਹੀਂ ਹੋਏ। ਨਾ ਹੀ ਅਸੀਂ ਜ਼ੁਲਮ ਦੇ ਖਿਲਾਫ਼ ਖੜ੍ਹੇ ਹੋ ਸਕੇ ਹਾਂ। ਅਜੋਕਾ ਮਨੁੱਖਾ ਆਤਮ ਸਮਰਪਣ ਦੀ ਥਾਂ ਸਵਾਰਥ ਵੱਲ ਵਧੇਰੇ ਰੁਚਿਤ ਹੈ। ਸੋਚਣ ਵਾਲੀ ਗੱਲ ਹੈ ਕਿ ਸਾਡੀ ਕੌਮ ਵਿਚਲੀਆਂ ਕਦਰਾਂ-ਕੀਮਤਾਂ ਨਿਘਾਰ ਵੱਲ ਵਧ ਰਹੀਆਂ ਹਨ। ਅੱਜ ਲੋੜ ਹੈ ਕਿ ਅਸੀਂ ਸੌੜੇਪਣ ਨੂੰ ਛੱਡ ਕੇ ਆਦਰਸ਼ਕ ਮਨੁੱਖ ਦੀ ਤਰ੍ਹਾਂ ਵਿਚਰੀਏ।

# ਧਰਮਾਂ ਦੇ ਇਤਿਹਾਸ ਦਾ ਕ੍ਰਾਂਤੀਕਾਰੀ ਪੰਨਾ 'ਖਾਲਸਾ ਸਾਜਨਾ ਦਿਹਾੜਾ'

ਬੀਬੀ ਜਗੀਰ ਕੌਰ



ਸਾਹਿਬੇ-ਕਮਾਲ, ਸਰਬੰਸਦਾਨੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਖਾਲਸਾ ਸਾਜਨਾ ਦਾ ਮੰਤਵ ਬੜਾ ਸਪੱਸ਼ਟ ਅਤੇ ਪਵਿੱਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਦਾ ਆਦਰਸ਼ ਮਨੁੱਖਤਾ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਬੰਧਨਾਂ ਤੋਂ ਮੁਕਤ ਕਰਵਾ ਕੇ ਆਜ਼ਾਦ ਕੌਮ ਦੇ ਰੂਪ ਵਿਚ ਪੇਸ਼ ਕਰਨਾ ਸੀ। ਗੁਰੂ ਸਾਹਿਬਾਨ ਜੀ ਨੇ ਇਸੇ ਦਿਸ਼ਾ ਵਿਚ ਕਾਰਜ ਕੀਤਾ ਅਤੇ ਮਿਥੇ ਟੀਚੇ ਦੀ ਪ੍ਰਾਪਤੀ ਲਈ ਯਤਨ ਕੀਤੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਦੀ ਸੇਧ ਵਿਚ ਦਸਵੇਂ ਪਾਤਸ਼ਾਹ ਜੀ ਨੇ ਖਾਲਸਾ ਸਾਜਨਾ ਨਾਲ ਲਿਤਾੜੇ ਤੇ ਨਿਮਾਣੇ ਲੋਕਾਂ ਵਿਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਗਿੱਦੜਾਂ ਤੋਂ ਸ਼ੇਰ ਬਣ ਸਵਾ-ਸਵਾ ਲੱਖ ਅਤਿਆਚਾਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ। ਉਨ੍ਹਾਂ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲਈ। ਸਿੱਖ ਇਤਿਹਾਸ ਵਿਚ ਅੰਕਿਤ ਸਿੱਖ ਸੂਰਮਗਤੀ ਦੀਆਂ ਅਨੇਕਾਂ ਮਿਸਾਲਾਂ ਇਸ ਗੱਲ ਦੀ ਤਸਦੀਕ ਵਜੋਂ ਹਨ।

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਅੰਤਰਗਤ ਆਦਰਸ਼ਕ ਭਾਵ ਹਲੇਮੀ ਸਮਾਜ ਦੀ ਸਥਾਪਤੀ ਲਈ ਖਾਲਸਾ ਸਾਜਨਾ ਇੱਕ ਮਹੱਤਵਪੂਰਨ ਘਟਨਾ ਹੈ, ਜਿਸ ਨੇ ਦੁਨੀਆਂ ਦੇ ਧਾਰਮਿਕ ਇਤਿਹਾਸ ਨੂੰ ਕ੍ਰਾਂਤੀਕਾਰੀ ਮੋੜ ਦਿੱਤਾ। ਇਹ ਆਮ ਗੱਲ ਨਹੀਂ, ਸਗੋਂ 'ਪ੍ਰਮਾਤਮ ਕੀ ਮੌਜ' ਦਾ ਅਲੌਕਿਕ ਪ੍ਰਗਟਾ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇਂ ਦਸਮ ਪਾਤਸ਼ਾਹ ਜੀ ਨੇ ਪੰਜ ਪਿਆਰਿਆਂ ਵਿਚ ਵੱਖ-ਵੱਖ ਥਾਵਾਂ ਤੋਂ ਆਏ ਭਿੰਨ-ਭਿੰਨ ਜਾਤਾਂ ਦੇ ਲੋਕਾਂ ਨੂੰ ਸ਼ਾਮਲ ਕਰਕੇ, ਜਾਤ ਪਾਤ ਤੇ ਭੇਦ ਭਾਵ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਜਾਤ-ਪਾਤ, ਭੇਦ ਭਾਵ ਤੇ ਵਰਣ ਵੰਡ ਉਸ ਸਮੇਂ ਸਮਾਜ ਨੂੰ ਇੱਕ ਭਿਆਨਕ ਬੀਮਾਰੀ ਦੀ ਤਰ੍ਹਾਂ ਚੰਬੜੀ ਹੋਈ ਸੀ। ਇਹ ਮਨੁੱਖੀ ਸਵੈਮਾਣ ਨੂੰ ਭਾਰੀ ਸੱਟ ਮਾਰਦਿਆਂ ਮਨੁੱਖਤਾ ਦਾ ਮੂੰਹ ਚਿੜਾ ਰਹੀ ਸੀ।

'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਸਿਧਾਂਤ ਨੂੰ ਅਮਲ ਵਿਚ ਲਿਆ ਕੇ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਇੱਕੋ ਹੀ ਬਾਟੇ 'ਚੋਂ ਅੰਮ੍ਰਿਤ ਛਕਾਇਆ ਅਤੇ ਊਚ-ਨੀਚ ਤੇ ਭੇਦ-ਭਾਵ ਨੂੰ ਸਦਾ ਲਈ ਮਿਟਾ ਦਿੱਤਾ। ਗੁਰੂ ਸਾਹਿਬ ਜੀ ਦੀ ਹੋਰ ਵਡਿਆਈ ਵੇਖੋ। ਉਨ੍ਹਾਂ ਨੇ ਅੰਮ੍ਰਿਤ ਛਕਾਉਣ ਮਗਰੋਂ ਪੰਜ ਪਿਆਰਿਆਂ ਨੂੰ ਕਿਹਾ ਕਿ ਹੁਣ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਅੰਕਿਤ ਹੈ, 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥' ਇਸ ਤੋਂ ਪਹਿਲਾਂ ਧਰਮ ਇਤਿਹਾਸ ਅੰਦਰ ਅਜਿਹਾ ਕਿਧਰੇ ਵੀ ਸਾਹਮਣੇ ਨਹੀਂ ਸੀ ਕਿ ਕਿਸੇ ਧਰਮ ਆਗੂ ਨੇ ਆਪਣੇ ਅਨੁਯਾਈਆਂ ਨੂੰ ਆਪਣੇ ਤੋਂ ਉੱਪਰ ਰੱਖਿਆ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਕਰਕੇ ਖਾਲਸੇ ਵੀ ਵਡਿਆਈ ਬਖਸ਼ੀ। ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਵੀ ਖਾਲਸੇ ਨੂੰ ਮਹਾਨ ਦੱਸਿਆ ਹੈ। ਦਸਮ ਪਿਤਾ ਜੀ ਖ਼ਾਲਸੇ ਦੀ ਮਹਿਮਾ ਦਾ ਜ਼ਿਕਰ ਕਰਦੇ ਹਨ: ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥

**ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥**
**ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ॥**

ਖਾਲਸਾ ਸਾਜਣਾ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਇਸ ਕਾਰਜ ਦੀ ਸੰਪੂਰਨਤਾ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ 1699 ਈ. ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਇਕੱਠ ਲਈ ਸੰਗਤਾਂ ਨੂੰ ਵਿਸ਼ੇਸ਼ ਸੱਦੇ ਭੇਜੇ। ਗੁਰੂ ਜੀ ਦੇ ਇਸ ਸੱਦੇ 'ਤੇ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੀਆਂ। ਭਰੇ ਦੀਵਾਨ ਵਿਚ ਗੁਰੂ ਜੀ ਨੇ ਵਾਰੀ ਵਾਰੀ ਪੰਜ ਸੀਸ ਮੰਗੇ, ਜਿਸ 'ਤੇ ਖਰਾ ਉਤਰਦਿਆਂ ਪੰਜ ਮਰਜੀਵੜਿਆਂ ਨੇ ਆਪਣੇ ਸੀਸ ਭੇਟ ਕੀਤੇ। ਦਸਮ ਪਾਤਸ਼ਾਹ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਨਾਮ ਨਾਲ 'ਸਿੰਘ' ਲਾਇਆ ਅਤੇ ਕਿਹਾ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ, ਤੁਹਾਡੀਆਂ ਪਿਛਲੀਆਂ ਜਾਤਾਂ-ਗੋਤਾਂ ਸਭ ਖ਼ਤਮ। ਹੁਣ ਤੁਸੀਂ ਵਾਹਿਗੁਰੂ ਜੀ ਦਾ ਖ਼ਾਲਸਾ ਹੋ। ਇਸ ਤਰ੍ਹਾਂ ਖ਼ਾਲਸਾ ਪੰਥ ਦੀ ਸਿਰਜਣਾ ਆਤਮਿਕ ਏਕਤਾ ਤੇ ਇਕਸੁਰਤਾ ਦੇ ਨਾਲ-ਨਾਲ ਸਮਾਜਿਕ ਬਰਾਬਰੀ ਅਤੇ ਸਦਭਾਵਨਾ ਦੀ ਪ੍ਰਤੀਕ ਮੰਨੀ ਜਾਂਦੀ ਹੈ।

ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਰਹਿਣੀ ਵੀ ਨਿਰਾਲੀ ਬਖਸ਼ਿਸ਼ ਕੀਤੀ ਹੈ, ਜਿਸ ਨੂੰ ਅਪਣਾ ਕੇ ਖ਼ਾਲਸਾ ਪੰਥ ਹਮੇਸ਼ਾ ਆਤਮਕ ਏਕਤਾ ਅਤੇ ਇਕਸੁਰਤਾ, ਸਮਾਜਿਕ ਬਰਾਬਰੀ ਅਤੇ ਸਦਭਾਵਨਾ, ਸਭਿਆਚਾਰਕ ਚੇਤਨਾ ਤੇ ਰਾਜਨੀਤਕ ਜਥੇਬੰਦੀ ਪ੍ਰਤੀ ਸਮਰਪਿਤ ਰਿਹਾ। ਇਸ ਪੈਂਡੇ 'ਤੇ ਚੱਲਦਿਆਂ ਇਸ ਨੂੰ ਸਮੇਂ-ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਚਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇਨ੍ਹਾਂ ਚਣੌਤੀਆਂ ਵਿਚੋਂ ਖ਼ਾਲਸਾ ਪੰਥ ਹਮੇਸ਼ਾਂ ਉੱਜਲ ਮੁੱਖ ਅਤੇ ਸਵੈਮਾਨ ਨਾਲ ਨਿਕਲਿਆ ਅਤੇ ਲਗਾਤਾਰ ਨਿਆਰੀ ਚਾਲੇ ਤੁਰਦਾ ਜਾ ਰਿਹਾ ਹੈ।

ਖ਼ਾਲਸਾ-ਪੰਥ ਦਾ ਸਾਜਨਾ ਦਿਹਾੜਾ ਮਨਾਉਂਦਿਆਂ ਖ਼ਾਲਸੇ ਦੇ ਬੋਲਬਾਲੇ ਅਤੇ ਸਰਬੱਤ ਦੇ ਭਲੇ ਦੀ ਸੋਚ ਦੇ ਪਾਸਾਰ ਵਾਸਤੇ ਗੁਰੂ ਆਸ਼ੇ ਅਨੁਕੂਲ ਗੁਰਮਤਿ ਫਲਸਫੇ ਦੀ ਰੌਸ਼ਨੀ ਵਿਚ ਆਦਰਸ਼ਕ ਜੀਵਨ ਜਾਚ ਅਪਨਾਉਣ ਦੀ ਅੱਜ ਵੱਡੀ ਲੋੜ ਹੈ। ਨੈਤਿਕ ਗੁਣਾ ਦੇ ਧਾਰਨੀ ਹੋ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰੂ ਪਾਤਸ਼ਾਹ ਦੁਆਰਾ ਬਖਸ਼ਿਸ਼ ਕੀਤੀ ਜੀਵਨ-ਜਾਂਚ ਨੂੰ ਆਪਣੀ ਜ਼ਿੰਦਗੀ ਦਾ ਅਨਿੱਖੜ ਹਿੱਸਾ ਬਣਾ ਆਪਣਾ ਜੀਵਨ ਬਤੀਤ ਕਰੀਏ, ਸਾਡੀ ਇਹ ਪਹਿਲ ਬਣਨੀ ਚਾਹੀਦੀ ਹੈ। ਇਸ ਮੁਬਾਰਕ ਅਵਸਰ 'ਤੇ ਮੈਂ ਪ੍ਰਤੀਨਿਧ ਸਿੱਖ ਸੰਸਥਾ ਦੀ ਇਕ ਨਿਮਾਣੀ ਸੇਵਾਦਾਰ ਦੇ ਰੂਪ ਵਿਚ ਸੰਸਾਰ 'ਚ ਪਸਰੇ ਖਾਲਸਾ ਪੰਥ ਅਤੇ ਸੰਸਾਰ ਦੀਆਂ ਸਰਬੱਤ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦੀ ਹੋਈ ਸਿੱਖ ਸੰਗਤਾਂ ਨੂੰ ਅਪੀਲ ਕਰਦੀ ਹਾਂ ਕਿ ਆਓ! 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸੰਦੇਸ਼ ਨੂੰ ਹਿਰਦੇ ਵਿਚ ਵਸਾ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ਿਸ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੀਏ ਅਤੇ ਬਾਣੀ-ਬਾਣੇ ਵਿਚ ਪਰਪੱਕ ਹੋ ਕੇ ਗੁਰੂ ਸਾਹਿਬ ਜੀ ਦੇ ਲਾਡਲੇ ਪੁੱਤਰ ਹੋਣ ਦਾ ਮਾਣ ਹਾਸਲ ਕਰੀਏ।

# ਅਪਾਹਜਾਂ ਵਿਅਕਤੀਆਂ ਲਈ ਵੋਕੇਸ਼ਨਲ ਸਿੱਖਿਆ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ, ਹੁਨਰ ਪੇਸ਼ ਕਰਨ ਅਤੇ ਕੰਮ ਦੇ ਮੌਕਿਆਂ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਪੇਂਡੂ ਖੇਤਰਾਂ ਵਿੱਚ ਅਪਾਹਜਾਂ ਨੂੰ ਅਧਿਕਾਰਤ ਕਰਨ ਲਈ ਸਿੱਖਿਆ ਰਾਹੀਂ ਅਗਵਾਈ ਕਰਦੇ ਹਨ। ਸਰੀਰਕ ਰੁਕਾਵਟਾਂ ਅਤੇ ਸੁਵਿਧਾਵਾਂ ਦੀ ਘਾਟ ਆਮ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਖਾਸ ਤੌਰ 'ਤੇ ਭਾਰਤ ਵਰਗੇ ਦੇਸ਼ਾਂ ਵਿੱਚ ਉੱਚ ਸਿੱਖਿਆ ਲੈਣ ਤੋਂ ਰੋਕਦੀ ਹੈ। ਉਹਨਾਂ ਦੀ ਪ੍ਰਤਿਭਾ ਵਿੱਚ ਵਿਸ਼ਵਾਸ ਦੀ ਘਾਟ ਅਤੇ ਸਮਾਜਿਕ ਵਿਤਕਰੇ ਦੇ ਨਤੀਜੇ ਵਜੋਂ ਆਤਮ ਵਿਸ਼ਵਾਸ ਅਤੇ ਸਵੈ-ਮਾਣ ਘੱਟ ਜਾਂਦਾ ਹੈ, ਇਸਲਈ ਉਹ ਆਪਣੇ ਬਾਰੇ ਸੋਚਦੇ ਹਨ ਜਿਵੇਂ ਕਿ 'ਸਰਪਲੱਸ ਨਾਗਰਿਕ' ਹੋਣ ਜੋ ਸਮਾਜ ਵਿੱਚ ਕੋਈ ਯੋਗਦਾਨ ਪਾਉਣ ਵਿੱਚ ਅਸਮਰੱਥ ਹਨ। ਉਨ੍ਹਾਂ ਵਿੱਚੋਂ ਇਸ ਹੀਣ ਭਾਵਨਾ ਨੂੰ ਦੂਰ ਕਰਨਾ ਮੁਸ਼ਕਲ ਨਹੀਂ ਹੈ ਜੇਕਰ ਉਨ੍ਹਾਂ ਨੂੰ ਕੁਝ ਖਾਸ ਕਿਸਮਾਂ ਦੇ ਹੁਨਰਾਂ ਵਿੱਚ ਮਾਰਗਦਰਸ਼ਨ ਕਰਨ ਵੱਲ ਥੋੜੀ ਦਿਲਚਸਪੀ ਲਈ ਜਾਵੇ ਜੋ ਉਨ੍ਹਾਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਵਿਕਸਤ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਅਗਲੇ ਪੱਧਰ ਤੱਕ ਲੈ ਜਾ ਸਕਦੇ ਹਨ। ਇਸ ਲਈ ਵੋਕੇਸ਼ਨਲ ਸਿੱਖਿਆ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਲੋੜ ਹੈ। ਇਹਨਾਂ ਪ੍ਰੋਗਰਾਮਾਂ ਦੀ ਇੱਕ ਠੋਸ ਨੀਂਹ ਹੋਣੀ ਚਾਹੀਦੀ ਹੈ ਅਤੇ ਚੰਗੀ ਤਰ੍ਹਾਂ ਚਲਾਇਆ ਜਾਣਾ ਚਾਹੀਦਾ ਹੈ। ਕਿੱਤਾਮੁਖੀ ਸਿੱਖਿਆ ਉਹਨਾਂ ਸਿਖਿਆਰਥੀਆਂ ਲਈ ਬਹੁਤ ਲਾਭਦਾਇਕ ਹੋ ਸਕਦੀ ਹੈ ਜਿਨ੍ਹਾਂ ਨੂੰ ਭਾਵਨਾਤਮਕ ਅਤੇ ਮਨੋਵਿਗਿਆਨਕ ਸਮੱਸਿਆਵਾਂ, ਨਜ਼ਰ, ਬੋਲਣ ਜਾਂ ਸੁਣਨ ਦੀ ਸੱਟ ਅਤੇ ਸਿੱਖਣ ਵਿੱਚ ਅਸਮਰੱਥਾ ਹੈ। ਮਾਮੂਲੀ ਤੋਂ ਗੰਭੀਰ ਅਸਮਰਥਤਾਵਾਂ ਵਾਲੇ ਲੋਕਾਂ ਲਈ, ਕਿੱਤਾਮੁਖੀ ਸਿੱਖਿਆ ਉਹਨਾਂ ਨੂੰ ਇੱਕ ਸੁਤੰਤਰ ਜੀਵਨ ਜਿਉਣ ਵਿੱਚ ਮਦਦ ਕਰੇਗੀ। ਅਜਿਹੀ ਸਿਖਲਾਈ ਅਤੇ ਸਿੱਖਿਆ VRC (ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ) ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇੱਕ VRC ਇੱਕ ਜਾਣੀ-ਪਛਾਣੀ ਸੰਸਥਾ ਹੈ ਜੋ ਕਿਸੇ ਵਿਅਕਤੀ ਦੀਆਂ ਅਪਾਹਜਤਾਵਾਂ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਦੀ ਹੈ ਅਤੇ ਉਹਨਾਂ ਨੂੰ ਉਹਨਾਂ ਦੀਆਂ ਸਰੀਰਕ ਸਥਿਤੀਆਂ ਅਤੇ ਯੋਗਤਾਵਾਂ ਦੇ ਅਨੁਸਾਰ ਸਿਖਾਉਂਦੀ ਹੈ। ਇੱਥੇ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਿੱਤਾਮੁਖੀ ਰੁਚੀਆਂ, ਸਰੀਰਕ ਸਮਰੱਥਾ, ਕੰਮ ਦੀਆਂ ਆਦਤਾਂ ਦੇ ਨਾਲ-ਨਾਲ ਅਪਾਹਜ ਲੋਕਾਂ ਲਈ ਨੌਕਰੀ ਦੇ ਬਚਾਅ ਸਮੇਤ ਹੋਰ ਵਿਸ਼ੇਸ਼ਤਾਵਾਂ ਦਾ ਫੈਸਲਾ ਕਰਨ ਲਈ ਕੀਤੀ ਜਾਂਦੀ ਹੈ। ਕੰਮਕਾਜੀ ਉਮਰ-ਸਮੂਹ ਵਾਲੇ ਲੋਕਾਂ ਨੂੰ ਕੇਂਦਰਾਂ ਵਿੱਚ ਦਾਖਲਾ ਦਿੱਤਾ ਜਾਂਦਾ ਹੈ। ਸ਼ੌਕ ਪੈਦਾ ਕਰਨ ਦੇ ਮੌਕੇ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਜੀਵਨ ਵਿੱਚ ਕਿੱਤਾਮੁਖੀ ਹੁਨਰ ਵਿੱਚ ਬਦਲਿਆ ਜਾ ਸਕਦਾ ਹੈ। ਵਿਦਿਆਰਥੀ ਮੋਮਬੱਤੀ ਬਣਾਉਣਾ, ਸਿਲਾਈ ਕਰਨਾ, ਮਸਾਲਾ ਪੈਕਿੰਗ, ਬੁਣਾਈ, ਬੁੱਕਬਾਈਡਿੰਗ, ਤਰਖਾਣ, ਟੋਕਰੀ ਬਣਾਉਣਾ, ਦਸਤਕਾਰੀ, ਟੇਪੇਸਟਰੀ, ਜੁੱਤੀਆਂ ਦੀ ਮੁਰੰਮਤ ਆਦਿ ਸਿੱਖ ਸਕਦੇ ਹਨ। ਅਧਿਆਪਕ, ਜੋ ਇਹਨਾਂ ਕੇਂਦਰਾਂ ਵਿੱਚ ਕੰਮ ਕਰਦੇ ਹਨ, ਨੂੰ ਖਾਸ ਯੋਗਤਾਵਾਂ ਹੋਣ ਲਈ ਸਾਵਧਾਨੀ ਨਾਲ ਸਿਖਲਾਈ ਦਿੱਤੀ ਜਾਂਦੀ ਹੈ। ਉਹਨਾਂ ਨੂੰ ਖੁੱਲੇ ਦਿਮਾਗ ਅਤੇ ਧੀਰਜ ਵਰਗੀਆਂ ਸਮਾਜਿਕ-ਨਿੱਜੀ ਸਮਰੱਥਾਵਾਂ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਉਹਨਾਂ ਹੁਨਰਾਂ ਤੋਂ ਜਾਣੂ ਹੋਣ ਦੀ ਲੋੜ ਹੁੰਦੀ ਹੈ ਜੋ ਉਹ ਵਿਦਿਆਰਥੀਆਂ ਨੂੰ ਸਿਖਾਉਂਦੇ ਹਨ ਅਤੇ ਨਾਲ ਹੀ ਉਹਨਾਂ ਲਈ ਇੱਕ ਰੋਲ ਮਾਡਲ ਵਜੋਂ ਕੰਮ ਕਰਨ ਦੀ ਲੋੜ ਹੁੰਦੀ ਹੈ। ਭਾਰਤ ਸਰਕਾਰ ਨੇ ਦੇਸ਼ ਭਰ ਵਿੱਚ ਲਗਭਗ 20 ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ ਸਥਾਪਿਤ ਕੀਤੇ ਹਨ। ਗੈਰ-ਰਸਮੀ ਸਿੱਖਿਆ ਪ੍ਰਦਾਨ ਕਰਨ ਲਈ ਇਹਨਾਂ ਕੇਂਦਰਾਂ ਨਾਲ ਵੱਖ-ਵੱਖ ਹੁਨਰ ਸਿਖਲਾਈ ਵਰਕਸ਼ਾਪਾਂ ਜੁੜੀਆਂ ਹੋਈਆਂ ਹਨ। ਪੇਂਡੂ ਪੁਨਰਵਾਸ ਵਿਸਤਾਰ ਕੇਂਦਰਾਂ ਦੌਰਾਨ, ਵੀਆਰਸੀ ਸੇਵਾਵਾਂ ਇਨ੍ਹਾਂ ਪੇਂਡੂ ਖੇਤਰਾਂ ਵਿੱਚ ਅਪਾਹਜ ਵਿਅਕਤੀਆਂ ਦੇ ਘਰ-ਘਰ ਤੱਕ ਪਹੁੰਚਦੀਆਂ ਹਨ। VRC ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਦੀਆਂ ਸਮੱਸਿਆਵਾਂ ਦਾ ਮੁਲਾਂਕਣ ਕਰਦੇ ਹਨ ਅਤੇ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਇਸ ਲਈ ਕੇਂਦਰਾਂ ਵਿੱਚ ਨਿੱਜੀ ਸੋਧ ਕਾਉਂਸਲਿੰਗ ਦੇ ਸੈਸ਼ਨ ਵੀ ਆਯੋਜਿਤ ਕੀਤੇ ਜਾਂਦੇ ਹਨ। ਉਹਨਾਂ ਦੀਆਂ ਮਨੋਵਿਗਿਆਨਕ ਅਤੇ ਡਾਕਟਰੀ ਲੋੜਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਫਿਰ ਉਹਨਾਂ ਲਈ ਇਲਾਜ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਅਸਮਰਥਤਾਵਾਂ ਵਾਲੇ ਵਿਅਕਤੀ ਜੋ ਉਹਨਾਂ ਕੋਲ ਰਜਿਸਟਰਡ ਹਨ ਉਹਨਾਂ ਨੂੰ ਦਿੱਤੀਆਂ ਗਈਆਂ ਅਸਾਮੀਆਂ ਲਈ ਫੰਡ ਦਿੱਤੇ ਜਾਂਦੇ ਹਨ। ਇਸ ਲਈ ਉਹਨਾਂ ਦੀ ਸਿਖਲਾਈ ਪੂਰੀ ਹੋਣ ਤੋਂ ਬਾਅਦ ਉਹਨਾਂ ਨੂੰ ਉਹਨਾਂ ਦੇ ਸੰਭਾਵੀ ਮਾਲਕਾਂ ਕੋਲ ਭੇਜ ਦਿੱਤਾ ਜਾਂਦਾ ਹੈ। ਅਜਿਹੇ ਕੇਂਦਰ ਕਦੇ-ਕਦੇ ਵੱਖ-ਵੱਖ ਵਜ਼ੀਫ਼ਿਆਂ, ਸਹਾਇਤਾ ਦੇ ਨਾਲ-ਨਾਲ ਅਪਾਹਜ ਲੋਕਾਂ ਲਈ ਪਹੁੰਚਯੋਗ ਸਕੀਮਾਂ ਲਈ ਸਪਲਾਈ ਕੇਂਦਰਾਂ ਵਜੋਂ ਕੰਮ ਕਰਦੇ ਹਨ। VRC ਇਹਨਾਂ ਲੋਕਾਂ ਨੂੰ ਵਿੱਤੀ ਸੰਸਥਾਵਾਂ ਵਿੱਚ ਵੀ ਭੇਜ ਸਕਦੇ ਹਨ ਜਿੱਥੇ ਇਹ ਵਿਸ਼ੇਸ਼ ਲੋਕ ਸਵੈ-ਰੁਜ਼ਗਾਰ ਪ੍ਰੋਜੈਕਟਾਂ ਲਈ ਲੋੜੀਂਦੇ ਕਰਜ਼ੇ ਅਤੇ ਫੰਡ ਪ੍ਰਾਪਤ ਕਰ ਸਕਦੇ ਹਨ। ਕਿੱਤਾਮੁਖੀ ਸਿੱਖਿਆ ਦਾ ਮੁੱਖ ਉਦੇਸ਼ ਹੈਕਰੀਅਰ ਜਾਗਰੂਕਤਾ, ਮੁਲਾਂਕਣ, ਕੁਝ ਖਾਸ ਹੁਨਰਾਂ ਨਾਲ ਸਿਖਲਾਈ ਦੀਆਂ ਗਤੀਵਿਧੀਆਂ ਅਤੇ ਵੱਖ-ਵੱਖ ਪੁਨਰਵਾਸ ਪ੍ਰੋਗਰਾਮਾਂ ਨੂੰ ਲਾਗੂ ਕਰਨਾ। ਭਾਰਤ ਦੀ ਸਿੱਖਿਆ ਪ੍ਰਣਾਲੀ ਰਾਸ਼ਟਰਮੰਡਲ ਦੇਸ਼ਾਂ ਵਿੱਚ ਸਭ ਤੋਂ ਵੱਡੀ ਹੈ ਅਤੇ ਨਾਲ ਹੀ ਦੁਨੀਆ ਵਿੱਚ ਸ਼ਾਇਦ ਦੂਜੀ ਸਭ ਤੋਂ ਵੱਡੀ ਹੈ। ਸਿੱਖਿਆ ਪ੍ਰਣਾਲੀ ਨੂੰ ਆਪਣਾ ਅਸਲ ਅਰਥ ਨਹੀਂ ਛੱਡਣਾ ਚਾਹੀਦਾ ਅਤੇ ਜ਼ਰੂਰੀ ਤੌਰ 'ਤੇ ਆਮ ਸਿੱਖਿਆ ਜਾਂ ਕਿੱਤਾਮੁਖੀ ਸਿੱਖਿਆ ਪ੍ਰੋਗਰਾਮਾਂ ਦੀ ਵਰਤੋਂ ਕਰਦਿਆਂ ਸਮਾਜ ਦੇ ਸਾਰੇ ਵਰਗਾਂ, ਯੋਗ ਅਤੇ ਅਪਾਹਜਾਂ ਤੱਕ ਪਹੁੰਚਣਾ ਚਾਹੀਦਾ ਹੈ। ਵੱਖ-ਵੱਖ ਤੌਰ 'ਤੇ ਯੋਗ ਵਿਅਕਤੀਆਂ ਲਈ ਸਹੂਲਤਾਂ ਉੱਨਤ ਸਿੱਖਿਆ ਪ੍ਰਣਾਲੀ ਦੇ ਨਾਲ ਜਾਗਰੂਕਤਾ ਵਿਕਸਿਤ ਕਰਨ ਅਤੇ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਲੋੜੀਂਦੀ ਸਲਾਹ ਅਤੇ ਮਾਰਗਦਰਸ਼ਨ ਦੀ ਪੇਸ਼ਕਸ਼ ਕਰਨ ਲਈ, ਤੁਸੀਂ ਸੰਸਥਾਵਾਂ ਤੋਂ ਇਹ ਉਮੀਦ ਕਰ ਸਕਦੇ ਹੋ: ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਦੀਆਂ ਲੋੜਾਂ ਦੇ ਨਾਲ-ਨਾਲ ਉਨ੍ਹਾਂ ਦੇ ਸਿੱਖਣ ਵਿੱਚ ਹੋਰ ਆਮ ਮੁੱਦਿਆਂ ਲਈ ਜਾਗਰੂਕਤਾ ਪੈਦਾ ਕਰੋ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਸਲਾਹ ਅਤੇ ਮਾਰਗਦਰਸ਼ਨ ਦਿਓ ਵੱਖ-ਵੱਖ ਕੋਰਸਾਂ ਵਿੱਚ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਦੇ ਦਾਖਲੇ ਵਿੱਚ ਮਦਦ ਕਰੋ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਦੀ ਜਨਤਕ ਅਤੇ ਨਿੱਜੀ ਖੇਤਰਾਂ ਨਾਲ ਸਫਲ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕਰੋ। ਇਨ੍ਹਾਂ ਵਿਸ਼ੇਸ਼ ਯੂਨਿਟਾਂ ਨੂੰ ਸੰਸਥਾ ਦੇ ਮੁਖੀ ਦੁਆਰਾ ਨਾਮਜ਼ਦ ਕਰਨ ਲਈ ਫੈਕਲਟੀ ਮੈਂਬਰਾਂ ਦੁਆਰਾ ਸਮਕਾਲੀ ਕੀਤਾ ਜਾ ਸਕਦਾ ਹੈ ਇਨੇਬਲਿੰਗ ਯੂਨਿਟ ਦੇ ਮੁੱਖ ਫੰਕਸ਼ਨ ਹੇਠ ਲਿਖੇ ਅਨੁਸਾਰ ਹਨ: ਪ੍ਰਾਪਤ ਕੀਤੇ ਜਾਣ ਵਾਲੇ ਸਹਾਇਕ ਯੰਤਰਾਂ ਦੀਆਂ ਕਿਸਮਾਂ ਨੂੰ ਦਰਸਾਉਣ ਲਈ ਉੱਚ ਵਿਦਿਅਕ ਸੰਸਥਾਵਾਂ ਵਿੱਚ ਦਾਖਲ ਹੋਏ ਵੱਖ-ਵੱਖ ਤੌਰ 'ਤੇ ਯੋਗ ਵਿਅਕਤੀਆਂ ਦੀਆਂ ਵਿਦਿਅਕ ਲੋੜਾਂ ਦਾ ਮੁਲਾਂਕਣ ਕਰਨਾ ਆਰਡਰ ਇਕੱਠੇ ਕਰਨ ਅਤੇ ਪ੍ਰੀਖਿਆ ਪ੍ਰਕਿਰਿਆਵਾਂ, ਫੀਸਾਂ ਵਿੱਚ ਰਿਆਇਤਾਂ, ਰਿਜ਼ਰਵੇਸ਼ਨ ਨੀਤੀਆਂ, ਆਦਿ ਨਾਲ ਨਜਿੱਠਣ ਲਈ, ਵੱਖ-ਵੱਖ ਤੌਰ 'ਤੇ ਯੋਗ ਵਿਅਕਤੀਆਂ ਨੂੰ ਪ੍ਰਭਾਵਿਤ ਕਰਨ ਲਈ ਵੱਖਰੇ ਤੌਰ 'ਤੇ ਯੋਗ ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਦੀਆਂ ਕਿਸਮਾਂ ਲਈ ਸਲਾਹ ਦੇਣ ਲਈ ਜੋ ਉਹ ਉੱਚ ਵਿਦਿਅਕ ਸੰਸਥਾਵਾਂ ਵਿੱਚ ਪੜ੍ਹ ਸਕਦੇ ਹਨ ਵੱਖ-ਵੱਖ ਤੌਰ 'ਤੇ ਅਪਾਹਜ ਵਿਦਿਆਰਥੀਆਂ ਲਈ ਯੋਗਤਾ ਸਿੱਖਣ ਦੇ ਨਾਲ-ਨਾਲ ਉਨ੍ਹਾਂ ਦੀ ਪੜ੍ਹਾਈ ਵਿਚ ਉਨ੍ਹਾਂ ਦੁਆਰਾ ਤਰਜੀਹ ਦਿੰਦੇ ਹੋਏ ਉਚਿਤ ਰੁਜ਼ਗਾਰ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਖੁੱਲੇ ਅਲਾਟਮੈਂਟ ਦੁਆਰਾ ਅਤੇ ਉਹਨਾਂ ਲਈ ਬਣਾਏ ਗਏ ਰਿਜ਼ਰਵੇਸ਼ਨ ਦੁਆਰਾ ਸਭ ਤੋਂ ਵੱਖਰੇ ਤੌਰ 'ਤੇ ਯੋਗ ਵਿਦਿਆਰਥੀਆਂ ਦਾ ਦਾਖਲਾ ਯਕੀਨੀ ਬਣਾਉਣ ਲਈ ਉੱਚ ਸਿੱਖਿਆ ਸੰਸਥਾਵਾਂ ਨੂੰ HEPSN ਸਕੀਮ ਦੁਆਰਾ ਸਹਾਇਤਾ ਪ੍ਰਾਪਤ ਵੱਖਰੇ ਤੌਰ 'ਤੇ ਅਪਾਹਜ ਲੋਕਾਂ ਲਈ ਕੇਸ ਇਤਿਹਾਸ ਦੀ ਵਰਤੋਂ ਕਰਕੇ ਸਾਲਾਨਾ ਰਿਪੋਰਟਾਂ ਬਣਾਉਣ ਲਈ HEPSN ਯੋਜਨਾ ਦੇ ਤਹਿਤ ਸਥਾਪਿਤ, ਉੱਚ ਸਿੱਖਿਆ ਦੁਆਰਾ ਪ੍ਰਾਪਤ ਵਿਸ਼ੇਸ਼ ਮਦਦ ਕਰਨ ਵਾਲੇ ਯੰਤਰਾਂ ਦੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਅਤੇ ਵੱਖ-ਵੱਖ ਤੌਰ 'ਤੇ ਯੋਗ ਲੋਕਾਂ ਨੂੰ ਉਹਨਾਂ ਦੀ ਵਰਤੋਂ ਕਰਨ ਅਤੇ ਉਹਨਾਂ ਦੇ ਸਿੱਖਿਆ ਅਨੁਭਵਾਂ ਨੂੰ ਵਧਾਉਣ ਲਈ ਉਤਸ਼ਾਹਿਤ ਕਰਨਾ। ਅੰਗਹੀਣਤਾ ਨੂੰ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਨ ਦਿਨ ਜਿਵੇਂ ਕਿ ਚਿੱਟੀ ਗੰਨਾ ਦਿਵਸ, ਵਿਸ਼ਵ ਵਿਕਲਾਂਗ ਦਿਵਸ, ਆਦਿ ਨੂੰ ਇੰਸਟੀਚਿਊਟ ਅਤੇ ਆਸ-ਪਾਸ ਦੇ ਅੰਦਰ ਵੱਖ-ਵੱਖ ਤੌਰ 'ਤੇ ਅਪਾਹਜ ਲੋਕਾਂ ਦੀ ਸਮਰੱਥਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਉਣਾ। ਇੰਸਟੀਚਿਊਟ ਦੇ ਅਧਿਆਪਕਾਂ ਲਈ ਅਧਿਆਪਨ, ਮੁਲਾਂਕਣ ਪ੍ਰਕਿਰਿਆਵਾਂ, ਆਦਿ ਲਈ ਪਹੁੰਚਾਂ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਨਾ, ਜਿਸ ਬਾਰੇ ਉਨ੍ਹਾਂ ਨੂੰ ਵੱਖ-ਵੱਖ ਤੌਰ 'ਤੇ ਯੋਗ ਵਿਦਿਆਰਥੀਆਂ ਲਈ ਚਰਚਾ ਕਰਨ ਦੀ ਲੋੜ ਹੈ। ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਆਜ਼ਾਦੀ ਦਿਓ ਇਹ ਦੇਖਿਆ ਗਿਆ ਹੈ ਕਿ ਵੱਖੋ-ਵੱਖਰੇ ਤੌਰ 'ਤੇ ਯੋਗ ਵਿਅਕਤੀ ਸੁਤੰਤਰ ਕੰਮਕਾਜ ਅਤੇ ਗਤੀਸ਼ੀਲਤਾ ਲਈ ਵਾਤਾਵਰਣ ਦੇ ਅੰਦਰ ਵਿਸ਼ੇਸ਼ ਪ੍ਰਬੰਧ ਚਾਹੁੰਦੇ ਹਨ। ਇੱਕ ਹੋਰ ਤੱਥ ਇਹ ਹੈ ਕਿ ਕਈ ਸੰਸਥਾਵਾਂ ਵਿੱਚ ਆਰਕੀਟੈਕਚਰਲ ਰੁਕਾਵਟਾਂ ਹਨ ਜੋ ਅਪਾਹਜ ਵਿਅਕਤੀਆਂ ਨੂੰ ਰੋਜ਼ਾਨਾ ਕੰਮ ਕਰਨ ਵਿੱਚ ਮੁਸ਼ਕਲ ਆਉਂਦੀਆਂ ਹਨ। ਇਹ ਕਾਲਜ ਅਪਾਹਜ ਵਿਅਕਤੀਆਂ ਦੇ ਐਕਟ 1995 ਦੀਆਂ ਸ਼ਰਤਾਂ ਅਨੁਸਾਰ ਪਹੁੰਚ ਨਾਲ ਜੁੜੀਆਂ ਸਮੱਸਿਆਵਾਂ 'ਤੇ ਚਰਚਾ ਕਰਨ ਦੀ ਉਮੀਦ ਕਰਦੇ ਹਨ, ਨਾਲ ਹੀ ਇਹ ਯਕੀਨੀ ਬਣਾਉਣਗੇ ਕਿ ਕੈਂਪਸ ਵਿੱਚ ਸਾਰੇ ਮੌਜੂਦਾ ਢਾਂਚੇ ਅਤੇ ਭਵਿੱਖ ਦੇ ਨਿਰਮਾਣ ਪ੍ਰੋਜੈਕਟਾਂ ਨੂੰ ਅਪਾਹਜਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਨ੍ਹਾਂ ਸੰਸਥਾਵਾਂ ਨੂੰ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਦੀਆਂ ਵਿਸ਼ੇਸ਼ ਲੋੜਾਂ ਲਈ ਰੇਲ, ਵਿਸ਼ੇਸ਼ ਪਖਾਨੇ, ਰੈਂਪ ਵਰਗੀਆਂ ਵਿਸ਼ੇਸ਼ ਸਹੂਲਤਾਂ ਦੇ ਨਾਲ-ਨਾਲ ਕੁਝ ਹੋਰ ਲੋੜੀਂਦੀਆਂ ਤਬਦੀਲੀਆਂ ਕਰਨ ਦੀ ਲੋੜ ਹੈ। ਇਹਨਾਂ ਉਸਾਰੀ ਯੋਜਨਾਵਾਂ ਨੂੰ ਸਪੱਸ਼ਟ ਤੌਰ 'ਤੇ ਪਹੁੰਚਯੋਗਤਾ ਸਮੱਸਿਆ ਨੂੰ ਹੱਲ ਕਰਨ ਦੀ ਲੋੜ ਹੈਅਪੰਗਤਾ ਨਾਲ ਸਬੰਧਤ ਹੈ। ਵੱਖਰੇ ਤੌਰ 'ਤੇ ਅਪਾਹਜ ਵਿਅਕਤੀਆਂ ਲਈ ਪੂਰਕ ਵਿਦਿਅਕ ਸੇਵਾਵਾਂ ਲਈ ਵਿਸ਼ੇਸ਼ ਉਪਕਰਣ ਦੀ ਪੇਸ਼ਕਸ਼ ਕਰਨਾ ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਲਈ ਵਿਸ਼ੇਸ਼ ਸਹਾਇਤਾ ਅਤੇ ਅਰਜ਼ੀਆਂ ਦੀ ਲੋੜ ਹੁੰਦੀ ਹੈ। ਇਹ ਅਰਜ਼ੀਆਂ 'ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ' ਦੀਆਂ ਵੱਖ-ਵੱਖ ਸਕੀਮਾਂ ਦੀ ਵਰਤੋਂ ਕਰਕੇ ਉਪਲਬਧ ਹਨ। ਇਹਨਾਂ ਸਕੀਮਾਂ ਦੀ ਵਰਤੋਂ ਕਰਦੇ ਹੋਏ ਸਹਾਇਕ ਉਪਕਰਣਾਂ ਦੀ ਖਰੀਦ ਤੋਂ ਇਲਾਵਾ, ਉੱਚ ਸਿੱਖਿਆ ਲਈ ਰਜਿਸਟਰਡ ਵੱਖ-ਵੱਖ ਤੌਰ 'ਤੇ ਯੋਗ ਵਿਦਿਆਰਥੀਆਂ ਦੀ ਸਹਾਇਤਾ ਲਈ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਮੁਲਾਂਕਣ ਅਤੇ ਸਿੱਖਣ ਵਾਲੇ ਯੰਤਰਾਂ ਦੀ ਵੀ ਲੋੜ ਹੋ ਸਕਦੀ ਹੈ। ਇਸ ਤੋਂ ਇਲਾਵਾ, ਨੇਤਰਹੀਣ ਵਿਅਕਤੀਆਂ ਨੂੰ ਪਾਠਕਾਂ ਦੀ ਲੋੜ ਹੁੰਦੀ ਹੈ। ਸਕਰੀਨ-ਰੀਡਿੰਗ ਸੌਫਟਵੇਅਰ, ਲੋਅਰ ਵਿਜ਼ਨ ਏਡਜ਼, ਗਤੀਸ਼ੀਲਤਾ ਯੰਤਰ, ਸਕੈਨਰ, ਆਦਿ ਵਾਲੇ ਕੰਪਿਊਟਰਾਂ ਵਰਗੇ ਯੰਤਰਾਂ ਦੀ ਪਹੁੰਚਯੋਗਤਾ, ਵੱਖ-ਵੱਖ ਤੌਰ 'ਤੇ ਯੋਗ ਲੋਕਾਂ ਦੇ ਸਿੱਖਣ ਦੇ ਤਜ਼ਰਬਿਆਂ ਨੂੰ ਬਿਹਤਰ ਬਣਾ ਸਕਦੀ ਹੈ। ਇਸ ਲਈ, ਕਾਲਜਾਂ ਨੂੰ ਅਜਿਹੇ ਯੰਤਰ ਪ੍ਰਾਪਤ ਕਰਨ ਦੇ ਨਾਲ-ਨਾਲ ਨੇਤਰਹੀਣ ਸਿਖਿਆਰਥੀਆਂ ਦੇ ਪਾਠਕਾਂ ਲਈ ਸਹੂਲਤਾਂ ਦੀ ਪੇਸ਼ਕਸ਼ ਕਰਨ ਦਾ ਭਰੋਸਾ ਹੈ। ਵੱਖ-ਵੱਖ ਤੌਰ 'ਤੇ ਸਮਰੱਥਾਂ ਦੀ ਸਿੱਖਿਆ ਵਿੱਚ ਚੁਣੌਤੀਆਂ ਅਪਾਹਜਤਾ ਨੂੰ ਸਰਜੀਕਲ ਅਤੇ ਡਾਕਟਰੀ ਦਖਲਅੰਦਾਜ਼ੀ ਤੋਂ ਪਰੇ ਸੰਭਾਲਿਆ ਜਾਣਾ ਚਾਹੀਦਾ ਹੈ. ਵੱਖ-ਵੱਖ ਤੌਰ 'ਤੇ ਅਪਾਹਜ ਸਿਖਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਦੌਰਾਨ, ਲੋੜਾਂ ਅਨੁਸਾਰ ਕੰਮ ਕਰਨ ਲਈ ਮਾਹਿਰਾਂ ਦੀ ਲੋੜੀਂਦੀ ਗਿਣਤੀ ਦੇ ਨਾਲ ਇੱਕ ਵਿਸ਼ੇਸ਼ ਤਿਆਰੀ ਦੀ ਲੋੜ ਹੁੰਦੀ ਹੈ। ਇੱਥੋਂ ਤੱਕ ਕਿ ਔਟਿਸਟਿਕ ਬੱਚੇ ਵੀ ਉੱਚ ਸਿੱਖਿਆ ਲੈਣ ਦੇ ਕਾਫ਼ੀ ਸਮਰੱਥ ਹਨ। ਹਾਲਾਂਕਿ, ਕਈ ਅਪੰਗਤਾਵਾਂ ਵਾਲੇ ਇਹਨਾਂ ਲੋਕਾਂ ਦੀ ਮਦਦ ਕਰਨ ਲਈ, ਪੇਸ਼ੇਵਰ ਸਿਖਲਾਈ ਦੀ ਲੋੜ ਹੁੰਦੀ ਹੈ। ਕਾਉਂਸਲਿੰਗ, ਸਮਾਜਿਕ ਕਾਰਜ, ਅਤੇ ਮਨੋਵਿਗਿਆਨ ਵਰਗੇ ਵੱਖ-ਵੱਖ ਹਿੱਸਿਆਂ ਦੇ ਇੱਕ ਯੂਨੀਅਨ ਦੀ ਲੋੜ ਹੈ। ਵਿਭਿੰਨਤਾ ਵਾਲੇ ਬੱਚਿਆਂ ਨੂੰ ਸਕੂਲ ਪੱਧਰ ਤੋਂ ਵਿਸ਼ੇਸ਼ ਧਿਆਨ ਦੀ ਲੋੜ ਹੁੰਦੀ ਹੈ ਅਤੇ ਇਹ ਗਾਇਬ ਪਾਇਆ ਜਾਂਦਾ ਹੈ ਅਤੇ ਇਹ ਸਮੱਸਿਆ ਉਦੋਂ ਬਣ ਜਾਂਦੀ ਹੈ ਜਦੋਂ ਇਹ ਸਾਰੇ ਬੱਚੇ ਉੱਚ ਸਿੱਖਿਆ ਪ੍ਰਾਪਤ ਕਰਦੇ ਹਨ। ਵੱਡੀ ਸਮੱਸਿਆ ਇਹ ਹੈ ਕਿ 10+2 ਜਮਾਤਾਂ ਤੋਂ ਸੁਣਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਾਣੀਆਂ ਦੇ ਮੁਕਾਬਲੇ ਸਮਝ, ਭਾਸ਼ਾ ਅਤੇ ਗਣਿਤ ਦੇ ਹੁਨਰ ਦੀ ਗੱਲ ਕਰੀਏ ਤਾਂ ਉਹ ਬਹੁਤ ਪਿੱਛੇ ਹਨ। ਉਨ੍ਹਾਂ ਨੂੰ ਡਿਗਰੀ ਪੱਧਰ ਦੀ ਸਿੱਖਿਆ ਪ੍ਰਦਾਨ ਕਰਨਾ ਚੁਣੌਤੀ ਬਣ ਜਾਂਦਾ ਹੈ। ਇਸ ਵਿੱਚ ਉਨ੍ਹਾਂ ਨੂੰ ਰਾਹਤ ਦੇਣ ਲਈ ਰਣਨੀਤੀ ਘੜਨ ਦੀ ਲੋੜ ਹੈ। ਵੱਖ-ਵੱਖ ਤੌਰ 'ਤੇ ਸਮਰੱਥਾਂ ਲਈ ਸਿੱਖਿਆ ਦਾ ਭਵਿੱਖ ਜਦੋਂ ਵੱਖਰੇ ਤੌਰ 'ਤੇ ਯੋਗ ਵਿਦਿਆਰਥੀ ਸਕੂਲਾਂ ਤੋਂ ਪਾਸ ਹੁੰਦੇ ਹਨ ਅਤੇ ਜਦੋਂ ਉਹ ਉੱਚ ਸਿੱਖਿਆ ਲਈ ਜਾਂਦੇ ਹਨ, ਤਾਂ ਸਕ੍ਰੀਨਿੰਗ ਦੀ ਲੋੜ ਹੁੰਦੀ ਹੈ। ਵਿਚਕਾਰ ਕੁਝ ਸਹਾਇਤਾ ਸਿਖਲਾਈ ਪ੍ਰਣਾਲੀ ਦੀ ਲੋੜ ਹੁੰਦੀ ਹੈ, ਤਾਂ ਜੋ ਉਹ ਉੱਚ ਸਿੱਖਿਆ ਲੈਣ ਲਈ ਤਿਆਰ ਹੋ ਜਾਣ। ਔਟਿਸਟਿਕ ਬੱਚੇ ਵੀ ਉਚੇਰੀ ਸਿੱਖਿਆ ਲੈਣ ਦੇ ਸਮਰੱਥ ਹੁੰਦੇ ਹਨ। ਹਾਲਾਂਕਿ, ਬਹੁਤ ਸਾਰੀਆਂ ਅਸਮਰਥਤਾਵਾਂ ਵਾਲੇ ਇਹਨਾਂ ਸਾਰੇ ਲੋਕਾਂ ਦੀ ਸੇਵਾ ਕਰਨ ਲਈ, ਵਿਸ਼ੇਸ਼ ਸਿਖਲਾਈ ਦੀ ਲੋੜ ਹੁੰਦੀ ਹੈ। ਵੋਕੇਸ਼ਨਲ ਟਰੇਨਿੰਗ ਦਾ ਮੁੱਖ ਉਦੇਸ਼ ਕਰੀਅਰ ਦੀ ਸਮਝ, ਮੁਲਾਂਕਣ, ਸਿਖਲਾਈ ਦੀਆਂ ਗਤੀਵਿਧੀਆਂ ਦੇ ਨਾਲ-ਨਾਲ ਵਿਸ਼ੇਸ਼ ਪੁਨਰਵਾਸ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਹੈ। ਸਾਡੀ ਸਿੱਖਿਆ ਪ੍ਰਣਾਲੀ ਨੂੰ ਇਸ ਦੇ ਅਸਲ ਅਰਥਾਂ ਨੂੰ ਵਿਗਾੜਨਾ ਨਹੀਂ ਚਾਹੀਦਾ ਅਤੇ ਬੁਨਿਆਦੀ ਤੌਰ 'ਤੇ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਣਾ ਚਾਹੀਦਾ ਹੈ, ਆਮ ਸਿੱਖਿਆ ਦੇ ਨਾਲ-ਨਾਲ ਕਿੱਤਾਮੁਖੀ ਵਿਦਿਅਕ ਪ੍ਰੋਗਰਾਮਾਂ ਨਾਲ। ਕਿੱਤਾਮੁਖੀ ਸਿੱਖਿਆ ਭਾਵਨਾਤਮਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਵਾਲੇ ਸਿਖਿਆਰਥੀਆਂ ਲਈ ਜਾਂ ਸਿੱਖਣ ਵਿੱਚ ਅਸਮਰਥ ਲੋਕਾਂ ਦੀ ਸੁਣਨ ਲਈ ਬਹੁਤ ਲਾਭਦਾਇਕ ਹੋਵੇਗੀ। ਦਰਮਿਆਨੀ ਤੋਂ ਗੰਭੀਰ ਅਸਮਰਥਤਾਵਾਂ ਵਾਲੇ ਲੋਕਾਂ ਲਈ, ਕਿੱਤਾਮੁਖੀ ਸਿੱਖਿਆ ਉਹਨਾਂ ਨੂੰ ਇੱਕ ਮੁਫਤ ਜੀਵਨ ਜਿਉਣ ਵਿੱਚ ਮਦਦ ਕਰ ਸਕਦੀ ਹੈ। ਇਸ ਵਿੱਚ ਵੋਕੇਸ਼ਨਲ ਟੀਚਿੰਗ ਪ੍ਰੋਗਰਾਮਾਂ ਦਾ ਅਮਲ ਹੋਣਾ ਚਾਹੀਦਾ ਹੈ। ਇਨ੍ਹਾਂ ਸਾਰੇ ਪ੍ਰੋਗਰਾਮਾਂ ਦੀ ਇੱਕ ਮਜ਼ਬੂਤ ਨੀਂਹ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਚੰਗੀ ਤਰ੍ਹਾਂ ਚਲਾਇਆ ਜਾਣਾ ਚਾਹੀਦਾ ਹੈ।



# ਓਰਲ (ਮੂੰਹ) ਦੇ ਅੰਦਰ ਦੀ ਕਰੋ ਕੇਅਰ

*''ਵਿਸ਼ਵ ਭਰ 'ਚ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਅੰਦਰ ਮੂੰਹ ਦਾ ਕੈਂਸਰ, ਛੋਟੀ ਉਮਰ ਵਿੱਚ ਹੀ ਕਿਸੇ ਵੀ ਇਨਫੈਕਸ਼ਨ 'ਤੇ ਬਿਮਾਰੀਆਂ ਨਾਲ ਦੰਦਾਂ ਦਾ ਦਰਦ ਰਹਿਣਾ, ਜਾਂ ਝੜ ਜਾਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*



ਅਨਿਲ ਧੀਰ
ਕਾਲਮਨਿਸਟ
healthmedia1@hotmail.com






ਮੌਖਿਕ ਸਿਹਤ ਮਹੀਨਾ 2023 ਤੰਦਰੁਸਤ ਜ਼ਿੰਦਗੀ ਲਈ ਮੌਖਿਕ ਸਿਹਤ ਸੰਬੰਧੀ ਜਾਗਰੂਕਤਾ ਅਤੇ ਹਰ ਉਮਰ 'ਚ ਓਰਲ-ਕੇਅਰ ਦੀ ਮਹੱਤਤਾ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ 531 ਮਿਲੀਅਨ ਤੋਂ ਵੱਧ ਬੱਚੇ ਦੰਦਾਂ ਦੇ ਰੋਗਾਂ ਦੇ ਸ਼ਿਕਾਰ ਹਨ ਅਤੇ ਵਿਸ਼ਵ ਦੀ 18% ਆਬਾਦੀ ਮੌਖਿਕ ਰੋਗਾਂ ਦੇ ਘੇਰੇ ਵਿਚ ਆ ਚੱਕੇ ਹਨ। ਸਰੀਰ ਅੰਦਰ ਹੋਣ ਵਾਲੇ ਕੈਂਸਰ ਵਿੱਚੋਂ ਮੂੰਹ ਯਾਨਿ ਮੌਖਿਕ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਓਰਲ ਯਾਨਿ ਲਿੱਪ, ਮੂੰਹ ਦੇ ਦੂਜੇ ਹਿਸਿਆਂ ਅਤੇ ਓਰੋਫੈਨਿਕਸ ਕੈਂਸਰ ਔਰਤਾਂ-ਮਰਦਾਂ ਵਿਚ ਦੇਖਿਆ ਜਾ ਰਿਹਾ ਹੈ। ਕੁੱਝ ਏਸ਼ਿਆਈ ਮੁਲਕਾਂ ਵਿਚ ਨੌਜਵਾਨਾਂ ਵਿਚ ਮੂੰਹ ਦੇ ਕੈਂਸਰ ਦਾ ਆਂਕੜਾ ਵੀ ਵੱਧਿਆ।

ਵਿਸ਼ਵ ਭਰ ਵਿਚ ਮੂੰਹ ਦਾ ਕੈਂਸਰ, ਦੰਦਾਂ ਦੀ ਇਨਫੈਕਸ਼ਨ, ਕੈਵਿਟੀ, ਸੂਜਨ, ਵਰਗੀ ਬਿਮਾਰੀਆਂ ਦਾ ਪ੍ਰਤੀਸ਼ਤ ਘਰੋ-ਘਰੀ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ ਸਕੂਲੀ ਬੱਚੇ 75-90%, ਅਤੇ ਕਰੀਬਨ 90-95% ਬਾਲਗ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ। ਹਰ ਸਾਲ ਕਨੇਡਾ ਵਿਚ ਅੰਦਾਜ਼ਨ 2.4 ਮਿਲੀਅਨ ਬੱਚਿਆਂ ਨੂੰ ਦੰਦਾਂ ਦੀ ਤਕਲੀਫ ਕਾਰਨ ਸਕੂਲ ਤੋਂ ਛੁੱਟੀ ਕਰਨੀ ਪੈਂਦੀ ਹੈ। ਅਮਰੀਕਾ ਵਿਚ ਬੱਚੇ ਦਮੇ ਨਾਲੋਂ ਜ਼ਿਆਦਾ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ।

ਵਿਸ਼ਵ ਸਿਹਤ ਸੰਸਥਾ ਨੇ ਓਰਲ ਸਿਹਤ ਪ੍ਰੋਗਰਾਮਾਂ ਵਿਚ ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਪ੍ਰਭਾਵਸ਼ਾਲੀ ਵਰਤੋਂ, ਪੌਸ਼ਟਿਕ ਖੁਰਾਕ ਦੁਆਰਾ ਓਰਲ ਬਿਮਾਰੀ ਦੀ ਰੋਕਥਾਮ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਮੌਖਿਕ ਸਿਹਤ ਬਾਰੇ ਦੇਖਭਾਲ, ਤੰਬਾਕੂ ਸੰਬੰਧੀ ਰੋਗਾਂ 'ਤੇ ਕੰਟ੍ਰੋਲ, ਸਕੂਲੀ ਪੱਧਰ 'ਤੇ ਮੌਖਿਕ ਸਿਹਤ ਨੂੰ ਉਤਸ਼ਾਹਤ ਕਰਨਾ, ਜ਼ੁਬਾਨੀ ਸਿਹਤ ਪ੍ਰਣਾਲੀਆਂ ਦਾ ਵਿਕਾਸ ਅਤੇ ਰੋਕਥਾਮ'ਤੇ ਸਿਹਤ ਨੂੰ ਉਤਸ਼ਾਹਤ ਕਰਨ ਲਈ ਸੇਵਾਵਾਂ ਦਾ ਰੁਝਾਨ, ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ' ਤੇ ਮੌਖਿਕ ਸਿਹਤ ਪ੍ਰਤੀ ਅਵੇਅਰਨੈਸ ਨੂੰ ਅੱਗੇ ਰੱਖਿਆ ਹੈ।

ਪੀਰੀਅਡੋਂਟਿਲ ਬਿਮਾਰੀ ਵਿੱਚ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਤ ਕਰਦੇ ਹਨ। ਖੂਨ ਵਗਣ ਦੇ ਨਾਲ ਦਰਦ ਅਤੇ ਸਾਹ ਬਦਬੂਦਾਰ ਆਉਂਦਾ ਹੈ। ਗੰਭੀਰ ਹਾਲਤ ਵਿਚ ਦੰਦ ਲੂਜ਼ ਹੋ ਕੇ ਬਾਹਰ ਵੀ ਅ ਜਾਂਦੇ ਹਨ। ਗੰਭੀਰ ਪੀਰੀਅਡੋਂਟਲ ਬਿਮਾਰੀਆਂ ਨੇ ਵਿਸ਼ਵ ਦੀ ਅਦਾਜ਼ਨ 15% ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ। ਮੁੱਖ ਕਾਰਨ ਤੰਬਾਕੂ ਦੀ ਜ਼ਿਆਦਾ ਵਰਤੋਂ ਜ਼ੁਬਾਨ ਦੀ ਸਫਾਈ ਪ੍ਰਤੀ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਤੰਬਾਕੂ, ਅਲਕੋਹਲ, ਖੰਡ (ਚੀਨੀ) ਦਾ ਜ਼ਿਆਦਾ ਇਸਤੇਮਾਲ, ਮੂਹ ਦੀ ਸਫਾਈ ਪ੍ਰਤੀ ਲਾਪ੍ਰਵਾਹੀ, ਆਰਿਥਕ ਤੰਗੀ, ਕਾਰਨ ਮੌਖਿਕ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।

**ਜਰੂਰੀ ਹੈ ਮੂੰਹ ਦੀ ਕੇਅਰ** : ਮੌਖਿਕ ਸਿਹਤ ਬਣਾਈ ਰੱਖਣ 'ਤੇ ਪੀਰੀਅਡੋਂਟਲ ਰੋਗ ਅਤੇ ਹੋਰ ਬਿਮਾਰੀਆਂ ਦੇ ਵਿਕਾਸ ਦੇ ਖਤਰੇ ਨੂੰ ਘੱਟ ਕਰਨ ਅੱਗੇ ਲਿਖੇ ਉਪਾਅ ਕਰ ਸਕਦੇ ਹੋ :

- ਕਾਰਬੋਹਾਈਡ੍ਰੇਟਸ ਦਾ ਜ਼ਿਆਦਾ ਸੇਵਨ, ਬੈਕਟੀਰੀਆ 'ਚ ਐਸਿਡ ਦੰਦਾਂ ਦੀ ਬਾਹਰੀ ਪਰਤ ਜਾਂ ਜੜਾਂ ਤੋਂ ਤੋੜ ਸਕਦੇ ਹਨ।
- ਦੰਦਾਂ ਦੀ ਆਮ ਸ਼ਿਕਾਇਤ ਦਾ ਇਲਾਜ਼ ਨਾ ਕੀਤੇ ਜਾਣ ਨਾਲ ਮਸੂੜਿਆਂ ਦੇ ਹੇਠ ਗੰਭੀਰ ਇਨਫੈਕਸ਼ਨ ਜੋ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲ ਸਕਦੇ ਹਨ। ਨਤੀਜਾ ਖਤਰਨਾਕ ਹੋ ਸਕਦਾ ਹੈ।
- ਸ਼ੂਗਰ-ਫ੍ਰੀ ਪੌਸ਼ਟਿਕ ਖੁਰਾਕ ਅਤੇ ਸਨੈਕਸ ਰੂਟੀਨ ਵਿਚ ਸ਼ਾਮਿਲ ਕਰੋ।
- ਵਾਈਨ ਲੀਮਿਟ ਵਿਚ ਲਵੋ।
- ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਦੇ ਅਨੁਕੂਲ ਪੱਧਰ ਲਈ ਫਲੋਰਿਡੇਟਿਡ ਪੀਣ ਵਾਲਾ ਪਾਣੀ, ਨਮਕ, ਦੁੱਧ, ਦੀ ਵਰਤੋਂ ਦੇ ਨਾਲ ਇੱਕ ਹਜਾਰ ਤੋਂ 1500 ਪੀਪੀਐਮ ਫਲੋਰਾਈਡ ਵਾਲੀ ਟੂਥਪੇਸਟ ਨਾਲ ਸਵੇਰੇ-ਸ਼ਾਮ ਦੰਦਾਂ ਨੂੰ ਕਲੀਨ ਕਰੋ।
- ਦੰਦ ਦੇ ਆਮ ਰੋਗਾਂ ਤੋਂ ਬਚਣ ਲਈ ਹਰ ਖਾਣੇ ਤੋਂ ਬਾਅਦ ਗਰਮ ਪਾਣੀ ਨਾਲ ਕੁਰਲੀ ਕਰਨ ਦੀ ਆਦਤ ਪਾ ਲਵੋ। ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਕੱਢਣ ਲਈ ਡੇਲੀ ਫਲਾਸ ਕਰੋ। ਰਾਤ ਦੇ ਸਮੇਂ ਸੌਣ ਤੋਂ ਪਹਿਲਾਂ ਬਰੱਸ਼ ਜਰੂਰ ਕਰੋ।
- ਟੁੱਥ-ਬੁਰਸ਼ ਨੂੰ ਹਰ 2 ਮਹੀਨੇ ਬਾਅਦ ਜਰੂਰ ਬਦਲੋ। ਆਪਣੇ ਦੰਦਾਂ ਦੇ ਮੁਤਾਬਿਕ ਨਰਮ ਜਾਂ ਸਖਤ ਬ੍ਰਿਸਟਲ ਵਾਲਾ ਟੁੱਥ-ਬੁਰਸ਼ ਇਸਤੇਮਾਲ ਕਰੋ।
- ਦੰਦਾਂ ਨੂੰ ਹੇਲਦੀ ਰੱਖਣ ਲਈ ਸਾਲ ਵਿਚ 1 ਬਾਰ ਡੈਂਟਿਸਟ ਤੋਂ ਚੈਕ-ਅਪ ਕਰਾਉਣ ਦੀ ਆਦਤ ਪਾ ਲਵੋ।
- ਮੂੰਹ ਦੀ ਬਦਬੂ ਲਈ ਨਮਕ ਵਾਲੇ ਪਾਣੀ ਦੇ ਗਰਾਰੇ ਡੇਲੀ 2-3 ਬਾਰ ਕਰੋ। ਘਰੇਲੂ ਮਾਊਥ-ਬਾਸ਼ ਲਈ 1 ਕੱਪ ਘੱਟ ਗਰਮ ਪਾਣੀ ਵਿਚ 3 ਬੂੰਦਾਂ ਟੀ-ਟ੍ਰੀ ਆਇਲ ਪਾਕੇ ਇਸਤੇਮਾਲ ਕਰਨਾ ਚਾਹੀਦਾ ਹੈ।
- ਰਾਤ ਨੂੰ ਬੈਡ 'ਤੇ ਜਾਣ ਤੋਂ ਪਹਿਲਾਂ 1-2 ਬੂੰਦਾਂ ਲੌਂਗ ਦਾ ਤੇਲ ਲਗਾਓ।
- ਅੱਜ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੂੰਹ ਸਬੰਧੀ ਬਿਮਾਰੀਆਂ ਤੋਂ ਬਚਾਅ, ਦੇਖਭਾਲ ਅਤੇ ਜਾਗਰੂਕ ਕਰਨ ਲਈ ਕਮਿਊਨਿਟੀ ਡੈਂਟਲ 'ਤੇ ਓਰਲ ਹੈਲਥ ਪ੍ਰੋਗਰਾਮ, ਸੇਵਾਵਾਂ, ਐਜੂਕੇਟ ਕੀਤਾ ਜਾ ਰਿਹਾ ਹੈ।



# ਸਾਫ਼ ਪਾਣੀ ਰੱਖਦਾ ਸਰੀਰ ਨੂੰ ਤੰਦਰੁਸਤ

ਪਾਣੀ ਕੁਦਰਤ ਦਾ ਇਕ ਅਨਮੋਲ ਤੋਹਫ਼ਾ ਹੈ। ਇਹ ਕੇਵਲ ਪਿਆਸ ਬੁਝਾਉਣ ਦਾ ਹੀ ਜ਼ਰੀਆ ਨਹੀਂ ਹੈ, ਸਗੋਂ ਇਹ ਤਾਂ ਸਾਡੇ ਰੋਜ਼ਾਨਾ ਜੀਵਨ ਦੇ ਸਾਰੇ ਕੰਮਾਂ ਲਈ ਬੇਹੱਦ ਮਹੱਤਵਪੂਰਨ ਹੈ। ਸਾਡੇ ਰੋਜ਼ਾਨਾ ਕੰਮਾਂ ਵਿਚ ਜਿਸ ਤਰ੍ਹਾਂ ਇਹ ਕਾਰਗਰ ਹੈ, ਉਸੇ ਤਰ੍ਹਾਂ ਸਾਡੀ ਸਿਹਤ ਲਈ ਵੀ ਇਹ ਕਿਸੇ ਜੜ੍ਹੀ ਬੂਟੀ ਤੋਂ ਘੱਟ ਨਹੀਂ। ਅੱਜ ਅਜਿਹੇ ਕਈ ਰੋਗ ਹਨ, ਜਿਨ੍ਹਾਂ ਦਾ ਕਾਰਨ ਅਸ਼ੁੱਧ ਪਾਣੀ ਹੈ। ਸਾਡੇ ਸਰੀਰ ਵਿਚ 70 ਫ਼ੀਸਦੀ ਪਾਣੀ ਮੌਜੂਦ ਹੁੰਦਾ ਹੈ, ਫਿਰ ਵੀ ਸਾਨੂੰ ਆਪਣੇ ਸਰੀਰ ਨੂੰ ਅਨੇਕਾਂ ਰੋਗਾਂ ਤੋਂ ਬਚਾਉਣ ਅਤੇ ਸਰੀਰ ਦੇ ਅਨੇਕਾਂ ਅੰਗਾਂ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਸਾਫ਼ ਪਾਣੀ ਦੀ ਲੋੜ ਹੁੰਦੀ ਹੈ। ਬਿਨਾਂ ਪਾਣੀ ਦੇ ਤਾਂ ਸਾਡਾ ਸਰੀਰ ਡੀਹਾਈਡ ?ਰੇਸ਼ਨ ਦਾ ਸ਼ਿਕਾਰ ਹੋ ਸਕਦਾ ਹੈ। ਪਾਣੀ ਦੀ ਕਮੀ ਨਾਲ ਸਾਡੇ ਸਰੀਰ ਦੇ ਅਨੇਕਾਂ ਅੰਗ ਸੁਚਾਰੂ ਢੰਗ ਨਾਲ ਕੰਮ ਨਹੀਂ ਕਰ ਪਾਉਂਦੇ, ਜਿਸ ਨਾਲ ਕੋਈ ਵੀ ਅੰਗ ਕਦੇ ਵੀ ਆਪਣਾ ਕੰਮ ਬੰਦ ਕਰ ਸਕਦਾ ਹੈ, ਜੋ ਇਕ ਖ਼ਤਰੇ ਵਾਲੀ ਗੱਲ ਹੈ। ਸਰੀਰ ਦੇ ਤਾਪਮਾਨ ਨੂੰ ਕਾਬੂ ਕਰਨ ਵਿਚ ਪਾਣੀ ਦੀ ਭੂਮਿਕਾ ਅਹਿਮ ਹੈ। ਜਦੋਂ ਅਸੀਂ ਕਸਰਤ ਕਰਦੇ ਹਾਂ ਤਾਂ ਪਾਣੀ ਹੀ ਸਾਡੇ ਸਰੀਰ ਦੇ ਤਾਪਮਾਨ ਨੂੰ ਕਾਬੂ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਅਸਲ ਵਿਚ ਜਦੋਂ ਅਸੀਂ ਕਸਰਤ ਕਰਦੇ ਹਾਂ ਤਾਂ ਸਾਡੇ ਸਰੀਰ ਵਿਚੋਂ ਪਾਣੀ ਪਸੀਨੇ ਦੇ ਰੂਪ ਵਿਚ ਬਾਹਰ ਨਿਕਲ ਜਾਂਦਾ ਹੈ।

ਸਾਡੇ ਸਰੀਰ ਵਿਚੋਂ ਜਿਵੇਂ-ਜਿਵੇਂ ਪਸੀਨਾ ਵਾਸ਼ਪ ਬਣ ਕੇ ਉਡ ਜਾਂਦਾ ਹੈ, ਉਵੇਂ-ਉਵੇਂ ਹੀ ਸਾਡਾ ਸਰੀਰ ਠੰਢਾ ਹੁੰਦਾ ਜਾਂਦਾ ਹੈ। ਪਸੀਨੇ ਦੇ ਰੂਪ ਵਿਚ ਸਾਡੇ ਸਰੀਰ ਵਿਚੋਂ ਜਿੰਨਾ ਪਾਣੀ ਨਿਕਲਦਾ ਹੈ, ਉਸ ਦੀ ਪੂਰਤੀ ਵੀ ਜ਼ਰੂਰੀ ਹੈ। ਜਦੋਂ ਅਸੀਂ ਜ਼ਿਆਦਾ ਕਸਰਤ ਕਰ ਲੈਂਦੇ ਹਾਂ ਤਾਂ ਚੱਕਰ ਆਉਣ ਦੀ ਸੰਭਾਵਨਾ ਪਾਣੀ ਦੀ ਕਮੀ ਦੇ ਕਾਰਨ ਹੀ ਹੁੰਦੀ ਹੈ। ਇਸ ਲਈ ਪਾਣੀ ਪੀਣਾ ਸਿਹਤ ਲਈ ਬੇਹੱਦ ਫਾਇਦੇਮੰਦ ਹੈ।

ਸਾਡੇ ਦਿਮਾਗ ਵਿਚ 85 ਫੀਸਦੀ ਤੱਕ ਪਾਣੀ ਹੁੰਦਾ ਹੈ। ਲਗਾਤਾਰ ਸਹੀ ਮਾਤਰਾ ਵਿਚ ਸ਼ੁੱਧ ਪਾਣੀ ਪੀਣ ਨਾਲ ਸਾਡਾ ਦਿਮਾਗ ਸਹੀ ਢੰਗ ਨਾਲ ਕੰਮ ਕਰਦਾ ਰਹਿੰਦਾ ਹੈ। ਜਦੋਂ ਸਾਡੇ ਦਿਮਾਗ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ ਤਾਂ ਡੀਹਾਈਡ ?ਰੇਸ਼ਨ ਤੋਂ ਇਲਾਵਾ ਸਿਰਦਰਦ, ਮਾਈਗ੍ਰੇਨ, ਡਿਪ੍ਰੈਸ਼ਨ ਆਦਿ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ। ਪਾਣੀ ਦੀ ਮਾਤਰਾ ਸਾਡੇ ਸਰੀਰ ਵਿਚ ਜਦੋਂ ਉਚਿਤ ਹੋਵੇ ਤਾਂ ਸਾਡਾ ਸਰੀਰ ਮੈਟਾਬੋਲਿਜ਼ਮ ਦੀਆਂ ਕਿਰਿਆਵਾਂ ਨੂੰ ਸਹੀ ਢੰਗ ਨਾਲ ਕਰ ਪਾਉਂਦਾ ਹੈ। ਇਸ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਉਪਾਪਚਯੀ ਕਿਰਿਆਵਾਂ ਉਹ ਹੁੰਦੀਆਂ ਹਨ, ਜਿਨ੍ਹਾਂ ਨਾਲ ਭੋਜਨ ਨੂੰ ਰਸਾਇਣਕ ਤਰੀਕੇ ਨਾਲ ਪਚਾਉਣ ਵਿਚ ਸਹਿਯੋਗ ਮਿਲਦਾ ਹੈ। ਇਹ ਕਿਰਿਆਵਾਂ ਵੀ ਭਰਪੂਰ ਮਾਤਰਾ ਵਿਚ ਪਾਣੀ ਪੀਣ ਨਾਲ ਜ਼ਿਆਦਾ ਸਰਲ ਹੋ ਜਾਂਦੀਆਂ ਹਨ। ਸਾਡਾ ਪਾਚਣ ਵੀ ਤਾਂ ਹੀ ਸੁਚਾਰੂ ਰੂਪ ਨਾਲ ਹੋ ਸਕੇਗਾ ਅਤੇ ਸਾਨੂੰ ਊਰਜਾ ਵੀ ਮਿਲੇਗੀ।

ਗੁਰਦੇ ਸਾਰੇ ਸਰੀਰ ਵਿਚੋਂ ਅਵਿਸ਼ਸ਼ਟ ਪਦਾਰਥਾਂ ਨੂੰ ਬਾਹਰ ਕੱਢਣ ਦਾ ਕੰਮ ਕਰਦੇ ਹਨ। ਉਹ ਲੈਕਟਿਕ ਐਸਿਡ, ਯੂਰਿਕ ਐਸਿਡ ਆਦਿ ਅਵਿਸ਼ਸ਼ਟਾਂ ਨੂੰ ਸਰੀਰ ਵਿਚੋਂ ਬਾਹਰ ਕੱਢਣ ਵਿਚ ਮਦਦ ਕਰਦੇ ਹਨ। ਇਹ ਅਵਸ਼ਿਸ਼ਟ ਪਦਾਰਥ ਸਾਡੇ ਸਰੀਰ ਵਿਚ ਬਿਮਾਰੀਆਂ ਪੈਦਾ ਕਰ ਸਕਦੇ ਹਨ। ਪਾਣੀ ਦੀ ਜ਼ਿਆਦਾ ਮਾਤਰਾ ਪੀਣ ਨਾਲ ਸਰੀਰ ਵਿਚ ਗੁਰਦੇ ਹੋਰ ਵੀ ਬਿਹਤਰ ਢੰਗ ਨਾਲ ਕੰਮ ਕਰ ਸਕਦੇ ਹਨ। ਦਿਲ ਦਾ ਦੌਰਾ ਵੀ ਪਾਣੀ ਦੀ ਜ਼ਿਆਦਾ ਮਾਤਰਾ ਦੇ ਸੇਵਨ ਨਾਲ ਨਹੀਂ ਪੈਂਦਾ। ਜੇ ਹਰ ਰੋਜ਼ 6 ਜਾਂ 7 ਗਿਲਾਸ ਪਾਣੀ ਪੀਤੇ ਜਾਣ ਤਾਂ ਦਿਲ ਦੇ ਦੌਰੇ ਦੀ ਸੰਭਾਵਨਾ ਤੋਂ ਬਚਿਆ ਜਾ ਸਕਦਾ ਹੈ। ਪਾਣੀ ਘੱਟ ਪੀਣ ਨਾਲ ਸਾਡੇ ਸਰੀਰ ਵਿਚ ਵਾਧੂ ਚਰਬੀ ਇਕੱਠੀ ਹੋ ਜਾਂਦੀ ਹੈ। ਇਸ ਚਰਬੀ ਨੂੰ ਘੱਟ ਕਰਨ ਲਈ ਸਾਨੂੰ ਪਾਣੀ ਖੂਬ ਮਾਤਰਾ ਵਿਚ ਪੀਣਾ ਪਵੇਗਾ ਯਾਨੀ ਕਿ ਭਾਰ ਘਟਾਉਣਾ ਹੈ ਤਾਂ ਪਾਣੀ ਖੂਬ ਪੀਓ। ਦਿਨ ਵਿਚ ਘੱਟ ਤੋਂ ਘੱਟ 7-8 ਗਿਲਾਸ ਪਾਣੀ ਪੀਓ। ਇਸ ਤੋਂ ਜ਼ਿਆਦਾ ਪਾਣੀ ਪੀ ਸਕੋ ਤਾਂ ਚੰਗੀ ਗੱਲ ਹੈ ਪਰ ਇਕੋ ਵਾਰੀ ਏਨਾ ਪਾਣੀ ਨਾ ਪੀਓ, ਸਗੋਂ ਦਿਨ ਭਰ ਵਿਚ ਵਾਰ-ਵਾਰ ਥੋੜ੍ਹਾ-ਥੋੜ੍ਹਾ ਪਾਣੀ ਪੀਓ। ਇਕੋ ਵਾਰੀ ਜ਼ਿਆਦਾ ਪਾਣੀ ਪੀਣ ਨਾਲ ਗੁਰਦੇ 'ਤੇ ਜ਼ਿਆਦਾ ਦਬਾਅ ਵਧੇਗਾ। ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਪਾਣੀ ਪੀਣ ਨਾਲ ਹੀ ਫਾਇਦਾ ਹੁੰਦਾ ਹੈ।



## ਤਲਵੰਡੀ ਸਾਬੋ ਦੀ ਵਿਸਾਖੀ

ਆਈ ਹੈ ਵਿਸਾਖੀ ਤਲਵੰਡੀ ਚੱਲੀਏ
ਦੋਸਤਾਂ, ਯਾਰਾਂ ਨੂੰ ਵੀ ਸੁਨੇਹੇ ਘੱਲੀਏ।

ਏਥੇ ਆਏ ਸਨ ਸਾਡੇ ਦਸਮ ਪਿਤਾ
ਗੁਰੂ ਗ੍ਰੰਥ ਸਾਰਾ ਉਨ੍ਹਾਂ ਦਿੱਤਾ ਸੀ ਲਿਖਾ।

ਬਚੀ ਹੋਈ ਸਿਆਹੀ ਨਾਲ਼ੇ ਸਭ ਕਲਮਾਂ
ਪਾਣੀ ਵਿੱਚ ਸਾਰਾ ਕੁਝ ਦਿੱਤਾ ਸੀ ਵਹਾਅ।

'ਗੁਰੂ ਕਾਸ਼ੀ' ਬਣੂੰ ਇਹ ਦਿੱਤਾ ਵਰਦਾਨ
ਬਣਨਗੇ ਕਵੀ ਨਾਲ਼ੇ ਲੇਖਕ ਮਹਾਨ।

ਸ਼ਰਧਾ ਦੇ ਨਾਲ ਜਿਹੜਾ ਗੁਰੂ ਨੂੰ ਧਿਆਵੇ
ਮਨਮੰਗੀਆਂ ਮੁਰਾਦਾਂ ਸਾਰੀਆਂ ਉਹ ਪਾਵੇ।

ਹਰ ਸਾਲ ਏਥੇ ਮੇਲਾ ਲੱਗਦਾ ਹੈ ਭਾਰੀ
ਦੂਰੋਂ-ਦੂਰੋਂ ਆਉਂਦੇ ਲੋਕੀਂ ਖਿੱਚ ਕੇ ਤਿਆਰੀ।

ਮੇਲੇ ਵਿੱਚ ਛੋਟੇ-ਵੱਡੇ ਝੂਟਦੇ ਚੰਡੋਲਾਂ
ਹੱਸਦੇ ਤੇ ਗਾਉਂਦੇ, ਨਾਲ਼ੇ ਕਰਦੇ ਕਲੋਲਾਂ।

ਕਈ ਥਾਈਂ ਮੇਲੇ ਵਿੱਚ ਲੱਗਣ ਨੁਮਾਇਸ਼ਾਂ
ਬੱਚੇ ਕਰਦੇ ਨੇ ਅੱਡ-ਅੱਡ ਫਰਮਾਇਸ਼ਾਂ।

ਅੱਡੋ-ਅੱਡ 'ਕੱਠ ਕਰੇ ਹਰ ਪਾਰਟੀ
ਕਹਿਣ ਦੂਜੇ ਤਾਈਂ ਥੋਨੂੰ ਜਾਣਦੇ ਅਸੀਂ।

ਦੂਰ ਪਰ੍ਹੇ ਇੱਕ ਪਾਸੇ ਢੋਲ ਵੱਜਿਆ
ਜਾਪਦਾ ਹੈ ਸਾਰਾ ਮੇਲਾ ਓਥੇ ਲੱਗਿਆ।

ਵਿਕਦੇ ਪਕੌੜੇ ਵਿਚ ਬਣੇ ਤੇਲ ਦੇ
'ਰੂਹੀ' ਖਾਵੇ ਮਜ਼ੇ ਨਾਲ ਕਈ ਮੇਲ ਦੇ।

ਆਖਦੀ 'ਰਮਨ' ਮੈਂ ਲੰਗਰ ਛਕਣਾ
ਭੁੱਖੇ ਢਿੱਡ ਰਹਿ ਕੇ ਨਹੀਓਂ ਮੇਲਾ ਵੇਖਣਾ।

ਹੁਣ ਹਰ ਸਾਲ ਤਲਵੰਡੀ ਜਾਵਾਂਗੇ
'ਨਵ-ਦੀਪ' ਨਾਲ ਹੀ ਮੇਲਾ ਮਨਾਵਾਂਗੇ।

ਹਰ ਵੇਲੇ ਪ੍ਰਭੂ ਆਪਣਾ ਧਿਆਈਏ ਜੀ
ਮੇਲਿਆਂ ਨੂੰ ਨਾਲ਼ ਸ਼ਰਧਾ ਮਨਾਈਏ ਜੀ।



**ਪ੍ਰੋ. ਨਵ ਸੰਗੀਤ ਸਿੰਘ**
**9417692015**

## ਚੰਦਰੀ ਜਿਹੀ ਹਵਾ ਚੜ੍ਹੀ ਹੈ

ਚੰਦਰੀ ਜਿਹੀ ਹਵਾ ਚੜ੍ਹੀ ਹੈ
ਵਗਦੇ ਹੜ੍ਹ 'ਚ ਹਰ ਸ਼ੈ ਹੜ੍ਹੀ ਹੈ
ਤੂੰ ਵੀ ਕਿਤੇ ਰੁੜ੍ਹ ਨਾ ਜਾਣਾ
ਤੈਥੋਂ ਤਾਂ ਸੱਜਣਾਂ ਉਮੀਦ ਬੜੀ ਹੈ।

ਪੈਰਾਂ ਸਿਰ ਹੋਣ ਦੀ ਖਾਤਰ
ਲੜਦੇ ਲੜਦੇ ਮੁੱਦਤਾਂ ਲੰਘੀਆਂ
ਵੇਖ ਖਾਂ ਅੱਜ ਵੀ ਵਸਦਾ ਹਾਂ ਮੈਂ
ਭਾਵੇਂ ਚੰਦਰੀ ਹਰ ਰੀਝ ਸੜੀ ਹੈ।

ਵਜੂਦ ਬੰਦੇ ਦਾ ਮਰ ਹੈ ਜਾਂਦਾ
ਚੜ੍ਹ ਰੁਤਬਿਆਂ ਦੀ ਵਿਗੜੀ ਘੋੜੀ
ਪੱਲੇ ਰੱਖ ਤੂੰ ਫਕੀਰੀ ਸੱਜਣਾ
ਇਸ ਵਿੱਚ ਹੀ ਤਾਂ ਹੋਂਦ ਜੜੀ ਹੈ।

ਆਪਣੇ ਲਈ ਤਾਂ ਹਰ ਕੋਈ ਕਰਦਾ
ਬਣ ਹੂਕ ਖਾਂ ਵੰਝਲੀ ਵਾਲੀ
ਸੁਨੱਖੀ ਤੋਰ ਦੀ ਝਾਜਰ ਬੋਲੇ
ਉਹ ਅੱਜ ਵੀ ਤੇਰੇ ਸੰਗ ਖੜ੍ਹੀ ਹੈ।

ਤਖ਼ਤਾਂ ਵਕਤਾਂ ਦੇ ਭਰਮ ਭੁਲੇਖੇ
ਪਲਾਂ ਵਿੱਚ ਹੋ ਜਾਂਦੇ ਢੇਰੀ
ਕਿਤੇ ਤੂੰ ਐਵੇਂ ਡੋਲ ਨਾ ਜਾਵੀਂ
ਪਰਖ ਵਾਲੀ ਤਾਂ ਇਹੀ ਘੜੀ ਹੈ।

ਅੱਖ਼ਾਂ ਖੋਲ੍ਹ ਕੇ ਤੁਰਨ ਦਾ ਵੇਲਾ
ਠੋਕਰ ਮਾਰ ਝਮੇਲਿਆਂ ਤਾਂਈਂ
ਲੋਹੜੀ ਦੁੱਲੇ ਦੀ ਬਲਦੀ ਰੱਖੀਂ
ਸਾਂਝ ਜ਼ਿੰਦਗੀ ਦੀ ਅਸਲ ਕੜੀ ਹੈ।



ਧਰਤੀ ਮਾਂ ਨੇ ਪੱਲੇ ਪਾਇਆ
ਅਜ਼ਮਤ ਸਾਂਝ ਦਾ ਸੋਹਣਾ ਵਿਰਸਾ
ਕੋਈ ਇਸ ਨੂੰ ਝੰਬ ਨਾ ਜਾਵੇ
ਪਰਖ ਵਾਲੀ ਤਾਂ ਇਹੀ ਘੜੀ ਹੈ।

**- ਡਾ ਮੇਹਰ ਮਾਣਕ**

## ਜੀਂਦੇ ਜਮ

ਬਣ ਜਾਂਦੀ ਹੈ ਭਾਅ ਦੀ, ਜੀਂਦੇ ਜਮਾ ਕਰਕੇ
ਰਿਸ਼ਤੇ ਨਾ ਦੇਖੇ ਜਾਣ ਹੁਣ, ਮੁੜ ਤੋਂ ਰਵ ?ਹਾਂ ਕਰਕੇ

ਟੁੱਟਦੇ ਨੇ ਬੰਧਨ ਪ੍ਰੇਮ ਦੇ, ਪੈਂਦੀ ਮੁਹੱਬਤ ਪੇਸ਼ ਹੈ
ਇਸ਼ਕੇ ਦਾ ਅਉਂਦਾ ਚਾਅ ਬੜਾ, ਨਵਾਂ ਨਵਾਂ ਕਰਕੇ

ਰਾਂਝੇ ਸਲੇਟੀ ਹੀਰ ਦਾ, ਕਿੱਸਾ ਹੈ ਕਿਹਨੇ ਗੌਲਣਾ
ਮੱਚਦਾ ਭਵੱਕੜ ਬਹੁਤ ਹੈ, ਜਾਅਲੀ ਸ਼ਮ੍ਹਾਂ ਕਰਕੇ

ਕੈਸਾ ਸਮਾਜੀ ਮੀਡੀਏ ਨਾ (ਲ), ਪਿਆਰ ਸਾਡਾ ਪੈ ਗਿਆ
ਕਿੱਥੇ ਕੋਈ ਬਹਿੰਦਾ ਕਿਸੇ ਨਾਲ, ਮਨਫੀ ਸਮਾਂ ਕਰਕੇ

ਦਿਲ ਦੇ ਨੇ ਸਭ ਮਰੀਜ਼ ਤੇ, ਟੈਂਸ਼ਨ ਹੀ ਟੈਂਸ਼ਨ ਕੂਕਦੇ
ਲਿਖਦਾ ਨਾ ਨਜ਼ਮ ਕੋਈ ਵੀ, ਦਿਲ ਦੇ ਗਮਾਂ ਕਰਕੇ

ਠਾਠਾ ਬਾਗਾ ਤਾਂ ਬੜਾ ਹੈ, ਪੇਟੀਂ ਅਫਾਰਾ ਪੈ ਗਿਆ
ਰੱਜਿਆ ਕਦੀ ਨਾ ਜੀਅ ਕਦੇ, ਜੀਅ ਦੀ ਤਮ੍ਹਾਂ ਕਰਕੇ

ਢਿੱਡੋਂ ਹੀ ਜੰਮੇ ਜਾਏ ਜੇ, ਜੀਂਦੇ ਨਾ ਵਾਤ ਪੁੱਛਦੇ
ਕਰਨਾ ਫੇ ਕੀ ਹੈ ਦੰਮਾਂ ਨੂੰ, ਵਾਧੂ ਜਮ੍ਹਾਂ ਕਰਕੇ

ਦੇਖੋਂ ਕਿਸੇ ਨੂੰ ਕਿਸੇ ਦੀ, ਹੁਣ ਨਾ ਉਡੀਕ ਰਹਿੰਦੀ
ਅਉਂਦਾ ਕਦੀ ਜੋ ਤਿਹ ਸੀ, ਜਾਨੀ ਪਰ੍ਹਾਂ ਕਰਕੇ

'ਢੇਸੀ' ਨਹੀਂ ਅਹਿਸਾਨ ਇਹ, ਤੇਰਾ ਭਲਾ ਹੈ ਏਸ ਵਿਚ
ਖ਼ੁਦ ਨੂੰ ਮੁਆਫੀ ਮਿਲੂਗੀ, ਦੋਸ਼ੀ ਖਿਮ੍ਹਾ ਕਰਕੇ

**ਕੁਲਵੰਤ ਸਿੰਘ 'ਢੇਸੀ'**

## ਫੇਰ ਵਿਸਾਖੀ ਚੇਤੇ ਆਉਂਦੀ ਹੈ

ਸੋਨੇ ਰੰਗੀਆਂ ਬੱਲੀਆਂ ਦੀ
ਗਿੱਧੇ ਭੰਗੜੇ ਬੋਲੀਆਂ ਦੀ
ਖੇਤਾਂ ਵਿੱਚ ਪੱਕੀਆਂ ਫਸਲਾਂ ਦੀ
ਜਦੋਂ ਕਿਸਾਨ ਦੇ ਚੇਹਰੇ ਤੇ
ਚਮਕ ਆਉਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ।
ਸਿਰ ਲੱਥੇ ਵੀਰਾਂ ਦੀ
ਸੀਨੇ ਖੁੱਬੇ ਤੀਰਾਂ ਦੀ
ਨੰਗੀਆਂ ਸਮਸੀਰਾਂ ਦੀ
ਅੱਖਾਂ ਲਾਲ ਹੋ ਜਾਂਦੀਆਂ ਦਿਲ
ਵਿੱਚ ਰੋਹ ਲਿਆਉਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ।
ਜਦੋਂ ਧੂਮ ਪੈਂਦੀ 'ਨਵੇਂ ਸਾਲ'
ਦੀ ਬੰਗਾਲ ਵਿਚ
'ਪੁਤਾਡੂ' ਦੀ ਮਦਰਾਸ ਵਿੱਚ
"ਪੁਰਮ ਵਿਸੂ" ਦੀ ਕੇਰਲਾ ਵਿੱਚ
'ਰੰਗਾਲੀ ਬੀਹੂ' ਦੀ ਅਸਾਮ ਵਿੱਚ
ਜਦੋਂ ਗੁਰਦੁਆਰਿਆਂ ਵਿੱਚ
ਰੌਣਕ ਛਾ ਜਾਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ।
ਤੇਗ ਨੱਚਦੀ ਜਵਾਨੀ ਦੀ
ਗੁਰੂ ਲਈ ਕੁਰਬਾਨੀ ਦੀ
ਪੁੱਤਰਾਂ ਦੇ ਦਾਨੀ ਦੀ
ਸਿਰ ਅਦਬ ਨਾਲ ਝੁਕਦਾ ਹੈ,
ਸਬਦ ਜੁਬਾਨ ਗਾਉਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ।
ਜੁਲਮਾਂ ਦੇ ਵੇਲੇ ਦੀ
ਸਹੀਦੀ ਦੇ ਮੇਲੇ ਦੀ
ਸੱਚੇ ਗੁਰੂ ਚੇਲੇ ਦੀ
ਦਿਲ ਫੜਫੜਾਉਂਦਾ ਹੈ,
ਰੂਹ ਜਾਨ ਪਾਉਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ।
ਬਾਗ ਵਿੱਚ ਚੱਲੀ ਗੋਲੀ ਦੀ
ਖੇਡੀ ਖੂਨ ਦੀ ਹੋਲੀ ਦੀ
ਕਿਵੇਂ ਜਿੰਦ ਘੋਲੀ ਦੀ
ਸੂਰਮੇਂ ਕੁਰਬਾਨ ਹੁੰਦੇ ਹਨ,
ਆਜਾਦੀ ਹੀਰ ਗਾਉਂਦੀ ਹੈ
ਫੇਰ ਵਿਸਾਖੀ ਚੇਤੇ ਆਉਂਦੀ ਹੈ...



**ਸੂਰੀਆ ਕਾਂਤ ਵਰਮਾ**

## ਸੁੱਖ

ਮਾਪੇ ਸੁੱਖ ਲੱਭਦੇ ਆਪਣੀ ਸੰਤਾਨ 'ਚੋਂ।
ਹੋਵੇ ਜਿਉਂ ਲੰਮੇਰਾ ਧੀ ਪੁੱਤ ਜਵਾਨ 'ਚੋਂ।
ਪੜ੍ਹੇ ਲਿਖੇ ਹੋਏ ਉਚੇਰਾ ਮਿਲੇ ਮਾਣ 'ਚੋਂ।
ਕਾਮਯਾਬ ਵਧੇਰਾ ਫਿਰ ਦੇਖ ਸ਼ਾਨ 'ਚੋਂ।

ਬੱਚੇ ਦਾ ਸੁੱਖ ਮਾਂ ਦਾ ਸੰਗ ਅਤੇ ਦੁੱਧ।
ਹੋਏ ਗੱਭਰੂਟ ਤਾਂ ਫਿਰ ਖਾਣ ਦੀ ਸੁੱਧ।
ਕਰੇ ਸੰਘਰਸ਼ ਗੁਆਚੀ ਰਹੇ ਸੁੱਧ ਬੁੱਧ।
ਫਿਰ ਸਾਰੀ ਉਮਰ ਲੱਭਦਾ ਫਿਰੇ ਸੁੱਖ।

ਗੁਰੂ ਦਾ ਸੁੱਖ ਸ਼ਾਗਿਰਦ ਕਰੇ ਤਰੱਕੀ।
ਦੋਸਤਾਂ ਦੇ ਸੁੱਖ ਧਨ ਦੀ ਉਡਾਵੇ ਫੱਕੀ।
ਯਾਰਾਂ ਦਾ ਸੁੱਖ ਬਾਂਹ ਵੇਲਣੇ 'ਚ ਫਸੀ।
ਬੱਚੇ ਦੇਣ ਸੁੱਖ ਜਿੰਦ ਬੁਢਾਪੇ ਨੇ ਕੱਸੀ।

ਸਰੀਰਾਂ ਦਾ ਸੁੱਖ ਹਰ ਕੋਈ ਲੋਚਦਾ।
ਕਰਦਾ ਕੰਮ ਚੰਗੇ ਮਾੜੇ ਨਾ ਸੋਚਦਾ।
ਅੰਨ੍ਹੇਵਾਹ ਭੱਜਦਾ ਨਾ ਪੈਰ ਬੋਚਦਾ।
ਗੋਰਖਧੰਦੇ 'ਚ ਫਸਿਆ ਰਹੇ ਖੋਜਦਾ।



ਨਾ ਸੁੱਖ ਹੋਣ ਪੂਰੇ ਨਾ ਮਿਲੇ ਸ਼ਾਂਤੀ।
ਮਨ ਰਹੇ ਅਸ਼ਾਂਤ ਸਦਾ ਚਲੇ ਕ੍ਰਾਂਤੀ।
ਸੁੱਖਾਂ ਦਾ ਖ਼ਜ਼ਾਨਾ ਲੱਭੋ ਮਾਰੋ ਝਾਤੀ।
ਮਨ ਨੂੰ ਸੰਭਾਲੋ ਫਿਰ ਹੈ ਸੁੱਖ ਸ਼ਾਂਤੀ।

**ਸੇਵਾ ਸਿੰਘ 'ਨੂਰਪੁਰੀ'**

## ਕਣਕਾਂ ਪੱਕੀਆਂ.....

ਕਣਕਾਂ ਪੱਕੀਆਂ ਤੇ ਵੇਚ ਹੋਏ ਵਿਹਲੇ,
ਕਿ ਧੂੜਾਂ ਪੁੱਟਦੇ ਜਾਣ ਮੇਲੇ ਨੂੰ।
ਕਰਦੇ ਨਮਨ ਕਲਗੀਆਂ ਵਾਲੇ,
ਆਪੇ ਗੁਰੂ ਤੇ ਆਪੇ ਚੇਲੇ ਨੂੰ।
ਕਣਕਾਂ ਪੱਕੀਆਂ.....
ਜਿੱਥੇ ਸਾਜਿਆਂ ਸੀ ਵਾਜਾਂ ਵਾਲੇ ਖਾਲਸਾ,
ਓਸ ਥਾਂ ਜਾ ਕੇ ਸੀਸ ਝੁੱਕਦੇ।
ਦੁੱਖ,ਕਸਟ,ਕਲੇਸ ਸਾਰੇ ਸਾਲ ਦੇ,
ਇੱਕੋ ਵਾਰੀ ਏਥੇ ਜਾ ਕੇ ਮੁੱਕਦੇ।
ਇੱਥੇ ਰੌਣਕਾਂ ਨੇ ਲੱਗਦੀਆਂ ਚਾਰੇ ਪਾਸੇ,
ਵੇਖੀਂ ਗਤਕੇ ਦੇ ਹੁੰਦੇ ਖੇਲੇ ਨੂੰ।
ਕਣਕਾਂ ਪੱਕੀਆਂ.....
ਚਿੜੀਆਂ ਦੇ ਨਾਲ ਬਾਜ ਲੜਾ ਕੇ,
ਸਤਿਗੁਰਾਂ ਸਾਜਿਆ ਸੀ ਖਾਲਸਾ।
ਉਹਨਾਂ ਪੱਲੇ ਕੁੱਝ ਨਾ ਬੰਨਿਆਂ,
ਨਾ ਰਾਜ-ਪਾਟ ਦੀ ਰੱਖੀ ਲਾਲਸਾ।
ਓਥੇ ਆਪੇ ਹੀ ਸਿਰ ਝੁੱਕ ਜਾਂਦਾ,
ਕਰਕੇ ਯਾਦ ਤਸੱਦਦ ਝੇਲੇ ਨੂੰ।
ਕਣਕਾਂ ਪੱਕੀਆਂ......
ਇਹ ਆਨੰਦਪੁਰ ਧਰਤੀ ਭਾਗਾਂ ਵਾਲੀ,
ਜਿੱਥੇ ਸਤਗੁਰਾਂ ਵਿਸਾਖੀ ਮਨਾਈ।
ਕਰਕੇ ਆਵਾਜ ਬੁਲੰਦ ਉਹਨਾਂ,
ਇੱਕ ਵੱਖਰੀ ਫੌਜ ਬਣਾਈ।
ਮਾਣ ਨਿਮਾਣਾ ਹੈ ਓਹ ਫੇਰ ਵੀ,
ਉਹਨਾਂ ਘਰ ਬਣਾਇਆ ਜੰਗਲ ਬੇਲੇ ਨੂੰ।
ਕਣਕਾਂ ਪੱਕੀਆਂ ਤੇ ਵੇਚ ਹੋਏ ਵਿਹਲੇ,
ਕਿ ਧੂੜਾਂ ਪੁੱਟਦੇ ਜਾਣ ਮੇਲੇ ਨੂੰ।



**ਮਨਜੀਤ ਕੌਰ ਧੀਮਾਨ,**
**9464633059**

## ਅੱਲ੍ਹਾ ਦਾ ਕਰਮ

ਅਲਫ਼ ਅੱਲ੍ਹਾ ਦਾ ਕਰਮ ਏ ਸੋਹਣਿਆ ਵੇ,
ਉਹੀਓ ਮੇਲਦਾ ਉਹੀਓ ਵਿਛੋੜਦਾ ਏ।
ਉਹੀਓ ਸਾਗਰ ਪਾਰ ਲੰਘਾ ਦਿੰਦਾ,
ਉਹੀਓ ਵਿਚ ਝਨ੍ਹਾਂ ਦੇ ਰੋੜ੍ਹਦਾ ਏ।
ਮੇਰੇ ਮੌਲਾ ਦੀ ਮਿਹਰਬਾਨੀ ਜਿਧਰ ਵੇਖੋਂ,
ਕਿੰਨੇ ਚੋਜ਼ ਤੇ ਕਿੰਨੇ ਪਾਸਾਰ ਉਹਦੇ,
ਚਮਨ ਅੰਦਰ ਬਹਾਰ ਤੇ ਪਤਝੜ ਉਹੀਓ,
ਫੁੱਲ ਟਹਿਣੀ ਨਾਲ ਲਾ ਉਹੀਓ ਤੋੜਦਾ ਏ।



**-ਡਾ. ਆਤਮਾ ਸਿੰਘ ਗਿੱਲ**
**9878883680**

## ਆਪਣੀ ਬੇਟੀ ਦੇ ਨਾਂਅ

ਤੇਰੀ ਆਮਦ ਨਾਲ
ਮਹਿਕ ਉਠਿਆ ਸੀ ਮੇਰਾ ਆਂਗਣ
ਜਦ ਦਸਤਕ ਦਿੱਤੀ ਸੀ ਤੂੰ
ਕਰਾਂਤੀ ਦੇ ਮਹੀਨੇ
ਮੈਂ ਖੁਸ਼ ਹੋਇਆ
ਜਦ ਤੇਰੀ ਦਾਦੀ ਨੇ ਕਿਹਾ
ਤੂੰ ਕੁੜੀ ਦਾ ਪਿਓ ਬਣ ਗਿਆ
ਮੈਂ ਤੈਨੂੰ ਮਿਲਣਾ ਚਾਹਿਐ
ਤਾਂ ਝਟ ਸੁਣਿਆ
ਤੂੰ ਮੂੰਹ ਨਹੀ ਵੇਖ ਸਕਦਾ
ਬੇਟੀ ਗੰਡਮੂਲਾ 'ਚ ਹੋਈ ਏ
ਬਾਪ ਲਈ ਅਪਸ਼ਗਨ ਹੁੰਦੀ ਹੈ
ਪਰ ਏਸ ਵਹਿਮ ਨੂੰ ਤੋੜ
ਮੈਂ ਤੇਰੀ ਮਾਂ ਦਾ ਮੁੱਖ ਚੁੰਮ
ਤੈਨੂੰ ਗਲ ਨਾਲ ਲਾਇਆ
ਭਰੂਣ ਹੱਤਿਆ ਦੇ ਦੌਰ ਵਿਚ
ਤੇਰੀ ਹੋਂਦ ਦਾ ਹੋਣਾ
ਅਸਲ ਚ ਮੇਰੀ ਹੋਂਦ ਸੀ
ਘਰ ਜਾ ਤੇਰੀ ਖ਼ੁਸ਼ੀ ਚ
ਬੂਹੇ ਅਗੇ ਨਿੰਮ ਬੰਨਿਆ
ਲੱਡੂ ਵੰਡੇ ਲੋਹੜੀ ਮਨਾਈ
ਪਰ ਸਮਾਜ ਨੇ ਤੇਰੀ ਆਮਦ ਦਾ
ਸਵਾਗਤ ਨਾ ਕੀਤਾ
ਤੇ ਆਖਦੇ ਲੈ ਕੋਈ
ਕੁੜੀਆਂ ਦੇ ਵੀ ਨਿੰਮ ਬੰਨਦੈ!
ਖੁਸਰਿਆਂ ਨੇ ਤੇਰੀ ਵਧਾਈ ਨਾ ਲਈ
ਜਦ ਵੀ ਤੈਨੂੰ ਮੈਂ
ਆਪਣੇ ਨਾਲ ਲੈ ਜਾਂਦਾ
ਤਾਂ ਅਕਸਰ ਲੋਕ ਆਖਦੇ
ਧੀਆਂ ਘਰ ਚ ਰੱਖੀਦਿਆਂ ਨੇ
ਬਹੁਤ ਕੁਝ ਆਖਦੇ
ਉਹ ਵੀ ਜੋ ਕਈ ਵਾਰ
ਸੁਣ ਵੀ ਨਾ ਹੁੰਦਾ

ਪਰ
ਕਿਸੇ ਦੀ ਪਰਵਾਹ ਨਾ ਕਰ
ਅਸੀ ਧੀਏ
ਤੈਨੂੰ ਸਿਰਫ ਜੀ ਆਇਆਂ ਹੀ ਨਹੀਂ ਕਿਹਾ
ਬਲਕਿ ਚੰਗਾ ਮਹੌਲ ਵੀ ਦੇਣ ਦਾ ਯਤਨ ਕੀਤਾ
ਤਾਂ ਕਿ ਤੂੰ ਆਪਣੇ ਰਾਹਾਂ 'ਤੇ ਚਲ ਕੇ
ਤਲਾਸ਼ ਕਰ ਸਕੇ ਆਪਣੀ ਮੰਜ਼ਿਲ
ਤੇ ਜੀ ਸਕੇਂ ਬੇਖੌਫ ਅਜਾਦੀ ਨਾਲ
ਪਰ ਏਸ ਲਈ ਤੈਨੂੰ ਵੀ
ਹਾਮੀ ਭਰਨੀ ਪੈਣੀ ਹੈ ਉਸ ਯੁੱਧ ਦੀ
ਜੋ ਨਿਰੰਤਰ ਜਾਰੀ ਹੈ
ਉਸ ਸੋਚ ਖਿਲਾਫ
ਜੋ ਧੀਆਂ ਨੂੰ ਹਾਲੇ ਵੀ ਸਮਝਦਾ ਹੈ ਪੈਰ ਦੀ ਜੁੱਤੀ
ਤੇ ਅਖੌਤੀ ਅਣਖ ਤੇ ਧੱਬਾ
ਲੜ੍ਹਨਾ ਪਵੇਗਾ ਉਹ ਯੁੱਧ
ਜੋ ਬਰਾਬਰੀ ਲਈ ਨਿਰੰਤਰ ਲੜਿਆ ਜਾ ਰਿਹੈ
ਜਿਸ ਯੁੱਧ ਦੇ ਅਸੀ ਵੀ ਸਿਪਾਹੀ ਹਾਂ
ਇਹ ਯੁੱਧ ਲੜਿਆ ਤੇ ਜਿਤਿਆ ਜਾਣਾ ਜਰੂਰੀ ਹੈ,
ਮੇਰੀ ਲਾਡਲੀ ਧੀ
ਤਾਂ ਕਿ ਹਰ ਧੀ ਦੇ ਜਨਮ ਨੂੰ
ਆਖਿਆ ਜਾ ਸਕੇ ਜੀ ਆਇਆਂ
ਤੇ ਮਿਲ ਸਕੇ ਖੁਸ਼ਗਵਾਰ ਮਹੌਲ
ਜੀ ਸਕਣ ਬੇਖੌਫ
ਤੇ ਕਦੇ ਵੀ ਨਾ ਮਿਲੇ
ਗੁਰੂਆਂ ਦੀ ਧਰਤੀ ਤੇ
ਧੀਆਂ ਦੇ ਭਰੂਣਾਂ ਦਾ ਖੂਹ...
ਲੜਨੀ ਹੋਵੇਗੀ ਜੰਗ ਤੈਨੂੰ ਵੀ
ਆਪਣੀ ਹੋਂਦ ਆਪਣੀ ਬਰਾਬਰਤਾ
ਤੇ ਆਜ਼ਾਦੀ ਲਈ
ਫਿਰ ਤੂੰ ਚਾਹੇ ਧਰਤੀ ਦੇ
ਕਿਸੇ ਵੀ ਕੋਨੇ ਹੋਵੇਂ...

**ਹਰਭਗਵਾਨ ਭੀਖੀ**

## ਦੁਨੀਆਂ...

ਘੁੰਮਕੇ ਵੇਖ ਲਈ ਮੈਂ
ਦੁਨੀਆਂ ਸਾਰੀ ਦੀ ਸਾਰੀ

ਆਪਣਾ ਕੋਈ ਨਜ਼ਰ ਨਾਂਹ ਆਵੇ
ਮਤਲਬੀ ਰਿਸ਼ਤੇ ਨਾਤੇ ਇਥੇ ਸਾਰੇ

ਪੈਸੇ ਦੇ ਨੇ ਸਾਰੇ ਸਾਕ ਸੰਬੰਧੀ
ਪੈਸੇ ਨਾਲ ਹੁੰਦੀਆਂ ਸਲਾਮਾਂ

ਫੋਕੀ ਟੌਹਰ ਲਈ ਵਜਦੇ ਬੈਂਡ
ਭੁੱਖ ਨਾਲ ਮਰਦੇ ਮਾਪੇ ਵੇਖ਼ੇ

ਇਨਸਾਨ ਤਰਸਦੇ ਰੋਟੀ ਲਈ ਘਰੇ
ਮੈਂ ਮੰਦਿਰਾਂ ਚ ਲੰਗਰ ਰੋਜ ਲਗਾਵਾਂ

ਮਾਪੇ ਰੁਲਦੇ ਬਿਰਧ ਆਸ਼ਰਮਾਂ 'ਚ
ਗੁਰਿੰਦਰ ਕਿਸਨੂੰ ਹਾਲ ਸੁਣਾਵਾਂ



ਘੁੰਮਕੇ ਵੇਖ ਲਈ ਦੁਨੀਆਂ ਸਾਰੀ
ਮੈਂ ਕੀ ਕੀ ਰੋਣਾ ਦੁਨੀਆਂ ਦਾ ਸੁਣਾਵਾਂ

**ਗੁਰਿੰਦਰ ਸਿੰਘ ਪੰਜਾਬੀ**
**8437924103**

## ਕਵੀ ਦਰਬਾਰ ਦੀਆਂ ਅੰਦਰੂਨੀ ਰਮਜਾਂ

ਜਾਈਏ ਉਸ ਮਹਿਫ਼ਲ ਵਿਚਕਾਰ,
ਜਿਥੋਂ ਮਿਲਦਾ ਹੈ ਸਤਿਕਾਰ,
ਨਹੀਂ ਤਾਂ ਜਾਣਾ ਹੈ ਬੇਕਾਰ,
ਸੱਚ ਸਿਆਣੇ ਕਹਿੰਦੇ ਨੇ,
ਜੇ ਬਿਨ ਬੁਲਾਇਆਂ ਜਾਈਏ,
ਸਹਿਣੇ ਮਿਹਣੇ ਪੈਂਦੇ ਨੇ,
ਜੇ ਬਿਨ....

ਚਾਹੁੰਦੇ ਦਾਦ ਹੈ ਜੇਕਰ ਲੈਣੀ,
ਪਊਗੀ ਦੂਜੇ ਨੂੰ ਵੀ ਦੇਣੀ,
ਸੁਨਣੀ ਨਹੀਂ ਤੇ ਆਪਣੀ ਕਹਿਣੀ,
ਕੰਮ ਫਿਰ ਜਲਦੀ ਪੈਂਦਾ ਹੈ,
ਕਵੀ ਜਿਹੜਾ ਵੀ ਇਉਂ ਕਰਦਾ,
ਅੱਖੀਂ ਰੜਕਦਾ ਰਹਿੰਦਾ ਹੈ,
ਕਵੀ ਜਿਹੜਾ....

ਜੇ ਕਰੀਏ ਸਮੇਂ ਮੁਤਾਬਿਕ ਗੱਲ,
ਬਣਦੀ ਮਹਿਫ਼ਲ ਦੇ ਵਿੱਚ ਭੱਲ,
ਤਾੜੀਆਂ ਵੱਜਣ ਚੱਲ ਸੋ ਚੱਲ,
ਪੂਰੀ ਰੌਣਕ ਬੱਝਦੀ ਐ,
ਰਚਨਾ ਛੋਟੀ ਤੇ ਮੁੱਦੇ ਵਾਲੀ,
ਸਭ ਨੂੰ ਚੰਗੀ ਲੱਗਦੀ ਐ
ਰਚਨਾ ਛੋਟੀ....

ਹੈ ਲੰਬੀ ਕਵਿਤਾ ਕਰਦੀ ਬੋਰ,
ਮਚਦਾ ਮਹਿਫ਼ਲ ਦੇ ਵਿੱਚ ਸ਼ੋਰ,
ਖਿੱਚਣ ਝੱਗਾ ਤੇ ਆਖਣ ਢੋਰ,
ਓਹਨੂੰ ਕੋਈ ਸਲ੍ਹਾਵੇ ਨਾ,
ਅੱਖੀਂ ਵੇਖ ਹਕੀਕਤ ਲਿਖਿਆ,
ਓਹਨੂੰ ਕੋਈ ਸੁਨਣਾ ਚਾਹਵੇ ਨਾ,
ਅੱਖੀਂ....

ਦੋਸਤੋ ਜ਼ਾਬਤੇ ਦੇ ਵਿੱਚ ਰਹੀਏ,
ਅਗਲੇ ਦੀ ਸੁਣੀਏਂ ਆਪਣੀ ਕਹੀਏ,
ਨਜ਼ਾਰੇ ਆਖਰ ਤੱਕ ਹੀ ਲਈਏ,
ਤਾਹੀਓਂ ਜਾਣ ਦਾ ਫਾਇਦਾ ਹੈ,
ਅੱਧ ਵਿਚਾਲਿਓਂ ਉੱਠ ਕੇ ਭੱਜਣਾ,
ਇਹ ਕਿਥੋਂ ਦਾ ਕਾਇਦਾ ਹੈ?
ਅੱਧ....

ਸ਼ਰਮਾਂ ਦੱਦਾਹੂਰ ਸੱਚ ਲਿਖਦਾ,
ਓਹ ਤਾਂ ਕਵੀ ਨਾ ਕਿਸੇ ਨੂੰ ਦਿਸਦਾ,
ਪਰ ਸੱਚ ਲਿਖਣ ਲੱਗਾ ਨਾ ਝਿਪਦਾ,
ਲਿਖੇ ਨਿਸ਼ੰਗ ਸਚਾਈ ਜੀ,
ਸੱਚ ਹਕੀਕਤ ਹੈ ਲਿਖ ਦਿੱਤੀ,
ਬਿਲਕੁਲ ਝੂਠ ਨਾ ਰਾਈ ਜੀ
ਸੱਚ....

**ਜਸਵੀਰ ਸ਼ਰਮਾਂ ਦੱਦਾਹੂਰ**
**95691-49556**

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD